JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 216 | Friday, November 11, 2022 | Tel: 905-793-2202 | Fax: 905-793-2282 | news@punjabipost.ca
ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


## ਅੰਦਰ ਇਹ ਵੀ ਪੜ੍ਹੋ

**ਨੈਸ਼ਨਲ ਰਿਮੈਂਬਰੈਂਸ ਡੇਅ ਸੈਰੇਮਨੀ ਵਿੱਚ ਹਿੱਸਾ ਨਹੀਂ ਲੈਣਗੇ ਟਰੂਡੋ**



ਪੰਨਾ 02

**ਸਰਕਾਰਾਂ ਬਦਲ ਜਾਂਦੀਆਂ, ਰਾਜਨੀਤੀ ਦਾ ਬੇਰਹਿਮ ਪੱਖ ਬਦਲਦਾ ਨਹੀਂ ਵੇਖਿਆ ਗਿਆ**

ਜਤਿੰਦਰ ਪਨੂੰ ਦੀ ਕਲਮ ਤੋਂ



ਪੰਨਾ 08

# ਬਿੱਲਾਂ ਉੱਤੇ ਦੇਰ ਰਾਤ ਤੱਕ ਬਹਿਸ ਕਰਵਾਉਣ ਲਈ ਮਤਾ ਪੇਸ਼ ਕਰਨ ਦੀ ਤਿਆਰੀ ਕਰ ਰਹੇ ਹਨ ਲਿਬਰਲ

ਓਟਵਾ, 10 ਨਵੰਬਰ (ਪੋਸਟ ਬਿਊਰੋ) : ਸਰਕਾਰ ਦੇ ਹਾਊਸ ਲੀਡਰ ਮਾਰਕ ਹੌਲੈਂਡ ਦਾ ਕਹਿਣਾ ਹੈ ਕਿ ਅਗਲੇ ਹਫਤੇ ਜਦੋਂ ਐਮਪੀਜ਼ ਓਟਵਾ ਪਰਤਣਗੇ ਤਾਂ ਉਹ ਹਾਊਸ ਆਫ ਕਾਮਨਜ਼ ਦੇ ਸਿਟਿੰਗ ਆਰਜ਼ ਵਧਾਉਣ ਲਈ ਮਤਾ ਪੇਸ਼ ਕਰਨਗੇ।

ਵੀਰਵਾਰ ਨੂੰ ਟਵੀਟ ਕਰਕੇ ਹੌਲੈਂਡ ਨੇ ਆਖਿਆ ਕਿ ਸਾਡਾ ਏਜੰਡਾ ਬਹੁਤ ਹੀ ਤਾਂਘਵਾਣ ਹੈ ਤੇ ਕੰਜ਼ਰਵੇਟਿਵ ਇਸ ਨੂੰ ਪੂਰਾ ਕਰਨ ਦੇ ਰਾਹ ਵਿੱਚ ਅੜਿੱਕਾ ਡਾਹ ਸਕਦੇ ਹਨ। ਇੱਕ ਇੰਟਰਵਿਊ ਵਿੱਚ ਹੌਲੈਂਡ ਨੇ ਆਖਿਆ ਕਿ ਉਹ ਹਾਊਸ ਦਾ ਕੰਮਕਾਜ ਸਹੀ ਢੰਗ ਨਾਲ ਸ਼ਡਿਊਲ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਪਰ ਕੰਜ਼ਰਵੇਟਿਵਾਂ ਤੋਂ ਉਨ੍ਹਾਂ ਨੂੰ ਇਹ ਸੰਕੇਤ ਮਿਲ ਰਹੇ ਹਨ ਕਿ ਉਹ ਹਰ ਬਿੱਲ



ਉੱਤੇ ਵੱਧ ਸਮੇਂ ਲਈ ਬਹਿਸ ਕਰਨੀ ਚਾਹੁੰਦੇ ਹਨ ਤੇ ਫਿਰ ਹੀ ਉਸ ਉੱਤੇ ਵੋਟ ਕਰਨ ਲਈ ਤਿਆਰ ਹੋਣਗੇ।

ਉਨ੍ਹਾਂ ਆਖਿਆ ਕਿ ਇਸ ਲਈ ਉਨ੍ਹਾਂ ਕੋਲ ਇਹ ਹੱਲ ਹੈ ਕਿ ਬਹਿਸ ਦਾ ਸਮਾਂ ਵਧਾ ਕੇ ਅੱਧੀ ਰਾਤ ਤੱਕ ਕਰ ਦਿੱਤਾ ਜਾਵੇ।ਇਸ ਦੌਰਾਨ ਵਿਰੋਧੀ ਧਿਰ ਦੇ ਹਾਊਸ ਲੀਡਰ ਐਂਡਰਿਊ ਸ਼ੀਅਰ ਨੇ ਆਖਿਆ ਕਿ ਲਿਬਰਲ ਸਾਡੇ ਉੱਤੇ ਹਾਊਸ ਦੀ ਕਾਰਵਾਈ ਨੂੰ ਜਾਣ-ਬੁੱਝ ਕੇ ਲਮਕਾਉਣ ਦਾ ਦੋਸ਼ ਲਾ ਰਹੇ ਹਨ ਜਦਕਿ ਅਸੀਂ ਸਰਕਾਰ ਨੂੰ ਹਰ ਮਾਮਲੇ ਵਿੱਚ ਜਵਾਬਦੇਹ ਠਹਿਰਾਉਣਾ ਚਾਹੁੰਦੇ ਹਾਂ ਤੇ ਅਸੀਂ ਉਨ੍ਹਾਂ ਵੱਲੋਂ ਪੇਸ਼ ਬਿੱਲਾਂ ਵਿੱਚ ਉਨ੍ਹਾਂ ਦੀਆਂ ਕਮੀਆਂ ਉਨ੍ਹਾਂ ਨੂੰ ਦੱਸਣਾ ਚਾਹੁੰਦੇ ਹਾਂ ਤੇ ਇਹੋ ਸਾਡਾ ਕੰਮ ਹੈ। ਸਾਨੂੰ ਸਾਡਾ ਕੰਮ ਕਰਨ ਤੋਂ ਕੋਈ ਰੋਕ ਨਹੀਂ ਸਕਦਾ ਤੇ ਨਾ ਹੀ ਇਸ ਲਈ ਸਾਨੂੰ ਮੁਆਫੀ ਮੰਗਣ ਦੀ ਕੋਈ ਲੋੜ ਲੱਗਦੀ ਹੈ।

ਸੋਮਵਾਰ ਨੂੰ ਪੇਸ਼ ਕੀਤੇ ਜਾਣ ਵਾਲੇ ਇਸ ਮਤੇ ਦੇ ਪਹਿਲਾਂ ਹੀ ਪਾਸ ਹੋ ਜਾਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ ਕਿਉਂਕਿ ਐਨਡੀਪੀ ਵੀ ਦੇਰ ਰਾਤ ਤੱਕ ਬਹਿਸ ਜਾਰੀ ਰੱਖਣ ਦੇ ਹੱਕ ਵਿੱਚ ਹੈ।

# ਟਿੰਮ ਹੌਰਟਨਜ਼ ਦੇ ਚਿਕਨ ਨੂਡਲ ਸੂਪ ਵਿੱਚ ਮਿਲੇ ਨਿੱਕੇ ਨਿੱਕੇ ਜੀਵ

## ਪ੍ਰੋਡਕਟ ਨੂੰ ਮੰਗਵਾਇਆ ਗਿਆ ਵਾਪਿਸ




ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟਿੰਮ ਹੌਰਟਨਜ਼ ਦੇ ਚਿਕਨ ਨੂਡਲ ਸੂਪ ਬ੍ਰੈਂਡ ਵਿੱਚ ਨਿੱਕੇ ਨਿੱਕੇ ਜੀਵ ਪਾਏ ਜਾਣ ਕਾਰਨ ਇਸ ਨੂੰ ਵਾਪਿਸ ਮੰਗਵਾਇਆ ਜਾ ਰਿਹਾ ਹੈ। ਹੈਲਥ ਐਂਡ ਸੇਫਟੀ ਇੰਸਪੈਕਟਰਜ਼ ਅਨੁਸਾਰ ਇਸ ਸੂਪ ਵਿੱਚ ਨਿੱਕੇ ਨਿੱਕੇ ਜੀਵ ਪਾਏ ਗਏ।

ਟਿੰਮ ਹੌਰਟਨਜ਼ ਦੇ ਬੁਲਾਰੇ ਨੇ ਦੱਸਿਆ ਕਿ ਸੂਪ ਅਧਾਰਤ ਚਿਕਨ ਨੂਡਲਜ਼ 20 ਅਕਤੂਬਰ,2022 ਤੱਕ ਓਨਟਾਰੀਓ ਤੇ ਅਲਬਰਟਾ ਦੇ ਰੈਸਟੋਰੈਂਟਸ ਵਿੱਚ ਵਿਕੇ।ਇਨ੍ਹਾਂ ਪ੍ਰਭਾਵਿਤ ਚਿਕਨ ਨੂਡਲ ਸੂਪ ਦੇ ਬੈਚਾਂ ਨੂੰ ਰੈਸਟੋਰੈਂਟਸ ਤੋਂ ਵਾਪਿਸ ਮੰਗਵਾ ਕੇ ਖ਼ਤਮ ਕਰ ਦਿੱਤਾ ਗਿਆ ਤੇ ਸਾਰੇ ਪ੍ਰਭਾਵਿਤ ਰੈਸਟੋਰੈਂਟਸ ਨੂੰ ਦੂਜੇ ਸਪਲਾਇਰ ਤੋਂ ਨਵਾਂ ਉਤਪਾਦ ਮੰਗਵਾ ਕੇ ਡਲਿਵਰ ਕਰਵਾਇਆ ਗਿਆ।ਉਨ੍ਹਾਂ ਦੱਸਿਆ ਕਿ ਦੇਸ਼ ਵਿੱਚ ਹੋਰਨਾਂ ਥਾਂਵਾਂ ਉੱਤੇ ਟਿੰਮ ਹੌਰਟਨਜ਼ ਰੈਸਟੋਰੈਂਟਸ ਵਿੱਚ ਵੇ-ਚਿਆ ਜਾਣ ਵਾਲਾ ਇਹ ਸੂਪ ਕਿਸੇ ਹੋਰ ਉਤਪਾਦਕ ਤੋਂ ਸਪਲਾਈ ਹੁੰਦਾ ਹੈ ਤੇ ਇਸ ਲਈ ਉਸ ਉੱਤੇ ਕੋਈ ਅਸਰ ਨਹੀਂ ਪਿਆ।

...ਬਾਕੀ ਪੰਨਾ 2 'ਤੇ

# ਫੋਰਡ ਸਰਕਾਰ ਦੀ ਸੋਧੀ ਹੋਈ ਪੇਸ਼ਕਸ਼ ਨਹੀਂ ਸਵੀਕਾਰਨਗੇ ਐਜੂਕੇਸ਼ਨ ਵਰਕਰ : ਕੂਪ




ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਐਜੂਕੇਸ਼ਨ ਵਰਕਰਜ਼ ਭਾਵੇਂ ਯੂਨੀਅਨ ਤੇ ਪ੍ਰੋਵਿੰਸ ਦਰਮਿ-ਆਨ ਮੰਗਲਵਾਰ ਨੂੰ ਗੱਲਬਾਤ ਮੁੜ ਜਾਰੀ ਹੋਣ ਮਗਰੋਂ ਕੰਮ ਉੱਤੇ ਪਰਤ ਗਏ ਹਨ ਪਰ ਇੰਜ ਲੱਗਦਾ ਹੈ ਕਿ ਦੋਵੇਂ ਧਿਰਾਂ ਅਜੇ ਵੀ ਕਈ ਅਹਿਮ ਮੁੱਦਿਆਂ ਉੱਤੇ ਇੱਕ ਦੂਜੇ ਤੋਂ ਕਾਫੀ ਦੂਰ ਹਨ। 50,000 ਐਜੂਕੇਸ਼ਨ ਸਪੋਰਟ ਸਟਾਫ ਦੀ ਨੁਮਾਇੰਦਗੀ ਕਰਨ ਵਾਲੀ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਦਾ ਕਹਿਣਾ ਹੈ ਕਿ ਉਹ ਪ੍ਰੋਵਿੰਸ ਵੱਲੋਂ ਭੱਤਿਆਂ ਵਿੱਚ ਦੋ ਪਰਤਾਂ ਵਾਲੇ ਵਾਧੇ ਦੀ ਪੇਸ਼ਕਸ਼ ਨੂੰ ਨਹੀਂ ਸਵੀਕਾਰਨਗੇ।

...ਬਾਕੀ ਪੰਨਾ 2 'ਤੇ

# ਸਮਰੱਥਾ ਤੋਂ ਵੱਧ ਕੰਮ ਕਰ ਰਹੇ ਹਨ ਓਨਟਾਰੀਓ ਦੇ ਪੀਡੀਐਟ੍ਰਿਕ ਇੰਟੈਂਸਿਵ ਕੇਅਰ ਯੂਨਿਟਸ

ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੀਆਂ ਪੀਡੀਐਟ੍ਰਿਕ ਇੰਟੈਂਸਿਵ ਕੇਅਰ ਯੂਨਿਟਸ ਸਮਰੱਥਾ ਨਾਲੋਂ ਵਧੇਰੇ ਭਰ ਚੁੱਕੀਆਂ ਹਨ। ਦੂਜੇ ਪਾਸੇ ਜਨਰਲ ਹਸਪਤਾਲਾਂ ਵੱਲੋਂ ਉਨ੍ਹਾਂ ਬੱਚਿਆਂ ਨੂੰ ਸਵੀਕਾਰ ਕੀਤਾ ਜਾ ਰਿਹਾ ਹੈ ਜਿਹੜੇ ਆਈਸੀਯੂਜ਼ ਛੱਡਣ ਜੋਗੇ ਸਿਹਤਮੰਦ ਹਨ। ਬੁੱਧਵਾਰ ਨੂੰ ਪੀਡੀਐਟ੍ਰਿਕ ਆਈਸੀਯੂਜ਼ ਵਿੱਚ 122 ਬੱਚੇ ਦਾਖਲ ਸਨ, ਜੋ ਕਿ ਇੱਕ ਦਿਨ ਪਹਿਲਾਂ ਦੇ 111 ਬੱਚਿਆਂ ਨਾਲੋਂ ਜ਼ਿਆਦਾ ਸਨ।ਇਹ ਖੁਲਾਸਾ



ਕ੍ਰਿਟੀਕਲ ਕੇਅਰ ਸਰਵਿਸਿਜ਼ ਓਨਟਾਰੀਓ ਦੇ ਡੇਲੀ ਅੰਕੜਿਆਂ ਤੋਂ ਹੋਇਆ। ਆਈਸੀਯੂਜ਼ ਵਿੱਚ ਦਾਖਲ ਸਿਰਫ ਪੰਜ ਬੱਚਿਆਂ ਨੂੰ ਹੀ ਕੋਵਿਡ-19 ਸੀ। ਪ੍ਰੋਵਿੰਸ ਵਿੱਚ ਬੱਚਿਆਂ ਲਈ 112 ਇੰਟੈਂਸਿਵ ਕੇਅਰ ਬੈੱਡ ਹਨ।

ਓਨਟਾਰੀਓ ਦੇ ਹੈਲਥਜ਼ ਚੀਫ ਮੈਡੀਕਲ ਡਾਇਰੈਕਟਰ ਡਾ. ਕ੍ਰਿਸ ਸਿੰਪਸਨ ਨੇ ਆਖਿਆ ਕਿ ਓਨਟਾਰੀਓ ਭਰ ਦੇ ਚਿਲਡਰਨਜ਼ ਹੌਸਪਿਟਲਜ਼ ਪਿਛਲੇ ਮਹੀਨੇ ਤੋਂ ਹੀ ਭਰੇ ਹੋਏ ਚੱਲ ਰਹੇ ਹਨ। ਅਜਿਹਾ ਇਨਫਲੂਐਂਜ਼ਾ ਤੇ ਸਾਹ ਸਬੰਧੀ ਬਿਮਾਰੀਆਂ ਤੇ ਵਾਇਰਸ ਕਾਰਨ ਹੋ ਰਿਹਾ ਹੈ। ਇਨ੍ਹਾਂ ਦੋਵਾਂ ਬਿਮਾਰੀਆਂ ਨੇ ਉਮੀਦ ਨਾਲੋਂ ਇੱਕ ਮਹੀਨੇ ਪਹਿਲਾਂ ਹੀ ਹਮਲਾ ਬੋਲ ਦਿੱਤਾ ਹੈ। ਪ੍ਰੋਵਿੰਸ ਦੇ ਹੈਲਥ ਸਿਸਟਮ ਦੀ ਦੇਖ ਰੇਖ ਕਰਨ ਵਾਲੀ ਏਜੰਸੀ ਨੇ ਜਨਰਲ ਤੇ ਕਮਿਊਨਿਟੀ ਹਸਪਤਾਲਾਂ ਨੂੰ ਇਹ ਹਦਾਇਤਾਂ ਦਿੱਤੀਆਂ ਹਨ ਕਿ ਉਹ ਅਜਿਹੇ ਬੱਚਿਆਂ ਨੂੰ ਦਾਖਲ ਕਰ ਲੈਣ ਜਿਹੜੇ ਵੈਸੇ ਸਿਹਤਮੰਦ ਹਨ ਤੇ ਇੰਟੈਂਸਿਵ ਕੇਅਰ ਛੱਡ ਸਕਦੇ ਹਨ। ਪਰ ਰਿਕਵਰੀ ਲਈ ਉਨ੍ਹਾਂ ਨੂੰ ਅਜੇ ਵੀ ਹਸਪਤਾਲ ਵਿੱਚ ਦਾਖਲ ਰਹਿਣ ਦੀ ਲੋੜ ਹੈ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

HOME APPLIANCES STORE
ANNIVERSARY SPECIAL DEAL
PRICE $5199* NO TAX
UPGRADE LAUNDRY IN JUST $99*
KitchenAid, moffat, MAYTAG, LG, SAMSUNG, Electrolux, JENNAIR, BOSCH, Whirlpool
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਨੈਸ਼ਨਲ ਰਿਮੈਂਬਰੈਂਸ ਡੇਅ ਸੈਰੇਮਨੀ ਵਿੱਚ ਹਿੱਸਾ ਨਹੀਂ ਲੈਣਗੇ ਟਰੂਡੋ



ਓਟਵਾ, 10 ਨਵੰਬਰ (ਪੋਸਟ ਬਿਊਰੋ) : ਕੰਬੋਡੀਆ ਵਿੱਚ ਹੋਣ ਜਾ ਰਹੀ ਸਾਊਥਈਸਟ ਏਸ਼ੀਆਈ ਮੁਲਕਾਂ ਦੀ ਸ਼ਮੂਲੀਅਤ ਵਾਲੀ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਜਾਣ ਕਾਰਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਸ਼ੁੱਕਰਵਾਰ ਨੂੰ ਓਟਵਾ ਵਿੱਚ ਹੋਣ ਵਾਲੀ ਨੈਸ਼ਨਲ ਰਿਮੈਂਬਰੈਂਸ ਡੇਅ ਸੈਰੇਮਨੀ ਵਿੱਚ ਹਿੱਸਾ ਨਹੀਂ ਲੈ ਸਕਣਗੇ।

ਸੀਨੀਅਰ ਅਧਿਕਾਰੀਆਂ ਵੱਲੋਂ ਕੀਤੇ ਗਏ ਖੁਲਾਸੇ ਅਨੁਸਾਰ ਪ੍ਰਧਾਨ ਮੰਤਰੀ ਨੌਮ ਪੈਨ ਵਿੱਚ ਹੋਣ ਵਾਲੀ ਐਸੋਸਿਏਸ਼ਨ ਆਫ ਸਾਊਥਈਸਟ ਏਸ਼ੀਅਨ ਨੇਸ਼ਨਜ਼ ਦੀ ਮੀਟਿੰਗ ਵਿੱਚ ਹਿੱਸਾ ਲੈਣ ਲਈ ਵੀਰਵਾਰ ਦੇਰ ਸ਼ਾਮ ਰਵਾਨਾ ਹੋਣਗੇ। ਸ਼ਨਿੱਚਰਵਾਰ ਨੂੰ ਸ਼ੁਰੂ ਹੋਣ ਜਾ ਰਹੀ ਏਸ਼ੀਆਨ ਸਿਖਰ ਵਾਰਤਾ ਚਾਰ ਕੌਮਾਂਤਰੀ ਮੀਟਿੰਗਜ਼ ਵਿੱਚੋਂ ਪਹਿਲੀ ਹੈ ਜਿਸ ਵਿੱਚ ਟਰੂਡੋ ਹਿੱਸਾ ਲੈਣਗੇ। ਇਨ੍ਹਾਂ ਮੀਟਿੰਗਾਂ ਦਾ ਸਿਲਸਿਲਾ ਅਗਲੇ 10 ਦਿਨ ਚੱਲੇਗਾ। ਫਿਰ ਟਰੂਡੋ ਇੰਡੋਨੇਸ਼ੀਆ ਵਿੱਚ ਹੋਣ ਵਾਲੀ ਜੀ-20 ਮੁਲਕਾਂ ਦੀ ਮੀਟਿੰਗ, ਥਾਈਲੈਂਡ ਵਿੱਚ ਹੋਣ ਵਾਲੀ ਐਪੈਕ ਮੀਟਿੰਗ ਤੇ ਟਿਊਨੇਸ਼ੀਆ ਵਿੱਚ ਹੋਣ ਵਾਲੀ ਫਰੈਂਕੋਫੋਨੀ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ।

ਪ੍ਰਧਾਨ ਮੰਤਰੀ ਆਫਿਸ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਇਹ ਸਿਖਰ ਵਾਰਤਾਵਾਂ ਸਾਡੀਆਂ ਤਰਜੀਹਾਂ ਨੂੰ ਸਾਹਮਣੇ ਰੱਖਣ ਦਾ ਅਹਿਮ ਮੌਕਾ ਹਨ ਤੇ ਟਰੂਡੋ ਯੂਨਾਈਟਿਡ ਕਿੰਗਡਮ, ਅਮਰੀਕਾ ਤੇ ਫਰਾਂਸ ਸਮੇਤ ਹੋਰਨਾਂ ਵਿਸ਼ਵ ਆਗੂਆਂ ਨਾਲ ਇਨ੍ਹਾਂ ਵਾਰਤਾਵਾਂ ਦਾ ਹਿੱਸਾ ਬਣਨਗੇ।

# 12 ਦਸੰਬਰ ਨੂੰ ਹੋਣਗੀਆਂ ਮਿਸੀਸਾਗਾ-ਲੇਕਸ਼ੋਰ ਹਲਕੇ ਵਿਚ ਜ਼ਿਮਨੀ ਚੋਣਾਂ

ਮਿਸੀਸਾਗਾ, 10 ਨਵੰਬਰ (ਪੋਸਟ ਬਿਊਰੋ) : ਮਿਸੀਸਾਗਾ-ਲੇਕਸ਼ੋਰ ਹਲਕੇ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਐਤਵਾਰ ਨੂੰ ਜ਼ਿਮਨੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ।

12 ਦਸੰਬਰ ਨੂੰ ਹਲਕੇ ਦੇ ਵੋਟਰ ਆਪਣੇ ਲਈ ਨਵੇਂ ਪਾਰਲੀਆਮੈਂਟ ਮੈਂਬਰ ਦੀ ਚੋਣ ਕਰਨਗੇ। ਮਿਸੀਸਾਗਾ-ਲੇਕਸ਼ੋਰ ਦੀ ਸੀਟ ਲਿਬਰਲ ਐਮਪੀ ਸਵੈਨ ਸਪੈਂਜ਼ਮੈਨ ਵੱਲੋਂ ਮਈ ਵਿੱਚ ਅਹੁਦਾ ਛੱਡਣ ਕਾਰਨ ਖਾਲੀ ਹੋ ਗਈ ਸੀ। ਸਪੈਂਜ਼ਮੈਨ ਨੇ ਸੰਯੁਕਤ ਰਾਸ਼ਟਰ ਵਿੱਚ ਪੁਜ਼ੀਸ਼ਨ ਹਾਸਲ ਕਰਨ ਲਈ ਆਪਣੀ ਇਹ ਸੀਟ ਛੱਡੀ ਸੀ। ਸ਼ਨਿੱਚਰਵਾਰ ਨੂੰ ਲਿਬਰਲਾਂ ਨੇ ਐਲਾਨ ਕੀਤਾ ਸੀ ਕਿ ਸਾਬਕਾ ਪ੍ਰੋਵਿੰਸ਼ੀਅਲ ਵਿੱਤ ਮੰਤਰੀ ਚਾਰਲਸ ਸੌਸਾ ਇਸ ਹਲਕੇ ਤੋਂ ਚੋਣ ਲੜਨਗੇ।

ਪੀਲ ਪੁਲਿਸ ਅਧਿਕਾਰੀ ਰੌਨ ਝਿੰਜਰ ਨੇ ਟੋਰੀਜ਼ ਲਈ ਇਸ ਹਲਕੇ ਤੋਂ ਚੋਣ ਲੜਨ ਦੀ ਆਪਣੀ ਮੰਸ਼ਾ ਪ੍ਰਗਟਾਈ ਹੈ। ਐਨਡੀਪੀ ਵੱਲੋਂ ਸਾਬਕਾ ਪ੍ਰੋਵਿੰਸ਼ੀਅਲ ਕੌਂਸਟੀਚੂਐਂਸੀ ਅਸਿਸਟੈਂਟ ਜੂਲੀਆ ਕੋਲ ਨੇ ਅਤੇ ਗ੍ਰੀਨਜ਼ ਲਈ ਮਿਸੀਸਾਗਾ ਵਿੱਚ ਹੀ ਰਹਿਣ ਵਾਲੀ ਮੈਰੀ ਕਿਡਨਿਊ ਨੇ ਦਾਅਵੇਦਾਰੀ ਪੇਸ਼ ਕੀਤੀ ਹੈ।

# ਲਿਬਰਲਾਂ ਦੇ ਰਾਜ ਵਿੱਚ ਟੁੱਟ ਭੱਜ ਚੁੱਕਿਆ ਹੈ ਦੇਸ਼ ਵਿੱਚ ਸਾਰਾ ਸਿਸਟਮ : ਪੌਲੀਏਵਰ




ਵੈਨਕੂਵਰ, 10 ਨਵੰਬਰ (ਪੋਸਟ ਬਿਊਰੋ) : ਦੇਸ਼ ਵਿੱਚ ਮਹਿੰਗਾਈ ਹੱਦੋਂ ਵੱਧ ਚੁੱਕੀ ਹੈ, ਖਾਣ-ਪੀਣ ਦੀਆਂ ਵਸਤਾਂ, ਘਰਾਂ ਤੇ ਫਿਊਲ ਦੀਆਂ ਕੀਮਤਾਂ ਅਸਮਾਨੀ ਛੋਹ ਰਹੀਆਂ ਹਨ ਤੇ ਇੰਜ ਲੱਗਦਾ ਹੈ ਕਿ ਇਸ ਸਮੇਂ ਦੇਸ਼ ਵਿੱਚ ਸਾਰਾ ਸਿਸਟਮ ਟੁੱਟ ਭੱਜ ਚੁੱਕਿਆ ਹੈ। ਇਹ ਗੱਲਾਂ ਬੁੱਧਵਾਰ ਨੂੰ ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਮੀਡੀਆ ਸਾਹ-ਮਣੇ ਆਖੀਆਂ।

ਉਨ੍ਹਾਂ ਆਖਿਆ ਕਿ ਇਸ ਸਮੇਂ ਦੇਸ਼ ਵਿੱਚ 40 ਸਾਲਾਂ ਵਿੱਚ ਸੱਭ ਤੋਂ ਜ਼ਿਆਦਾ ਮਹਿੰਗਾਈ ਹੈ, 35 ਸਾਲਾਂ ਦੇ ਵਿਅਕਤੀਆਂ ਨੂੰ ਆਪਣੇ ਮਾਪਿਆਂ ਦੇ ਘਰ ਦੀ ਬੇਸਮੈਂਟ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਤੇ ਫਿਊਲ ਦੀਆਂ ਕੀਮਤਾਂ ਵਿੱਚ 100 ਫੀ ਸਦੀ ਵਾਧਾ ਹੋ ਚੁੱਕਿਆ ਹੈ। ਉਨ੍ਹਾਂ ਆਖਿਆ ਕਿ ਇਸ ਸੱਭ ਕਾਸੇ ਲਈ ਲਿਬਰਲ ਸਰਕਾਰ ਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਜ਼ਿੰਮੇਵਾਰ ਹਨ। ਉਨ੍ਹਾਂ ਇਹ ਸੁਝਾਅ ਵੀ ਦਿੱਤਾ ਕਿ ਜੇ ਕੰਜ਼ਰਵੇਟਿਵ ਸਰਕਾਰ ਸੱਤਾ ਵਿੱਚ ਆਉਂਦੀ ਹੈ ਤਾਂ ਇਨ੍ਹਾਂ ਸਾਰੀਆਂ ਮੁਸੀਬਤਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਬੁੱਧਵਾਰ ਨੂੰ ਵੈਨਕੂਵਰ ਦੀ ਸੁਪਰਮਾਰਕਿਟ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੌਲੀਏਵਰ ਨੇ ਨਸ਼ਿਆਂ ਵਿੱਚ ਹੋਏ ਵਾਧੇ, ਜੁਰਮ ਤੇ ਬੇਘਰੇ ਲੋਕਾਂ ਦੀ ਵਧ ਰਹੀ ਤਾਦਾਦ ਉੱਤੇ ਵੀ ਸਵਾਲ ਉਠਾਏ। ਉਨ੍ਹਾਂ ਆਖਿਆ ਕਿ ਅਸੀਂ ਇਹ ਸੱਭ ਕੁੱਝ ਹੱਥ ਉੱਤੇ ਹੱਥ ਧਰ ਕੇ ਬੈਠੇ ਰਹਿ ਕੇ ਤਾਂ ਦੇਖ ਨਹੀਂ ਸਕਦੇ। ਸਾਨੂੰ ਦੇਸ਼ ਨੂੰ ਮੁੜ ਲੀਹ ਉੱਤੇ ਲਿਆਉਣਾ ਹੋਵੇਗਾ। ਇਸ ਲਈ ਸਾਨੂੰ ਸਰਕਾਰ ਵੱਲੋਂ ਕੀਤੀ ਜਾ ਰਹੀ ਸ਼ਾਹ ਖਰਚੀ ਉੱਤੇ ਕਾਬੂ ਕਰਨਾ ਹੋਵੇਗਾ ਤੇ ਮਹਿੰਗਾਈ ਨੂੰ ਵੀ ਨਕੇਲ ਪਾਉਣੀ ਹੋਵੇਗੀ।

ਉਨ੍ਹਾਂ ਇਹ ਵੀ ਆਖਿਆ ਕਿ ਇਹ ਸੱਭ ਫੈਡਰਲ ਪਾਲਿਸੀ ਵਿੱਚ ਤਬਦੀਲੀਆਂ ਕਰਕੇ ਕੀਤਾ ਜਾ ਸਕਦਾ ਹੈ ਤੇ ਇਹ ਉਦੋਂ ਹੀ ਸੰਭਵ ਹੈ ਜਦੋਂ ਸੱਤਾ ਦੀ ਵਾਗਡੋਰ ਕੰਜ਼ਰਵੇਟਿਵਾਂ ਹੱਥ ਆਵੇਗੀ।

# ਦੋ ਸਾਲਾ ਬੱਚੀ ਦੇ ਸਹੀ ਸਲਾਮਤ ਮਿਲਣ ਮਗਰੋਂ ਐਂਬਰ ਐਲਰਟ ਕੀਤਾ ਗਿਆ ਕੈਂਸਲ



ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੀ ਦੋ ਸਾਲਾ ਬੱਚੀ, ਜਿਸ ਲਈ ਐਂਬਰ ਐਲਰਟ ਜਾਰੀ ਕੀਤਾ ਗਿਆ ਸੀ, ਸੇਂਟ ਕੈਥਰੀਨਜ਼ ਤੋਂ ਸਹੀ ਸਲਾਮਤ ਮਿਲ ਗਈ ਹੈ। ਉਸ ਦੇ ਸਹੀ ਸਲਾਮਤ ਮਿਲਣ ਤੋਂ ਬਾਅਦ ਐਂਬਰ ਐਲਰਟ ਕੈਂਸਲ ਕਰ ਦਿੱਤਾ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਅਧਿਕਾਰੀਆਂ ਅਨੁਸਾਰ ਐਲੀਸ਼ੀਆ ਚੌਏ ਨੂੰ ਬੁੱਧਵਾਰ ਨੂੰ ਦੁਪਹਿਰੇ 4:00 ਵਜੇ ਦੇ ਨੇੜੇ ਤੇੜੇ 481 ਕੀਲ ਸਟਰੀਟ ਤੋਂ ਅਗਵਾ ਕੀਤਾ ਗਿਆ। ਇਸ ਤੋਂ ਬਾਅਦ 7:45 ਉੱਤੇ ਫੋਨਜ਼, ਟੈਲੇਵਿਜ਼ਨਜ਼ ਤੇ ਰੇਡੀਓ ਸਟੇਸ਼ਨਜ਼ ਉੱਤੇ ਐਂਬਰ ਐਲਰਟ ਜਾਰੀ ਕਰ ਦਿੱਤਾ ਗਿਆ।

ਬੱਚੀ ਦੇ 41 ਸਾਲਾ ਪਿਤਾ ਲੋਗਨ ਐਂਥਨੀ ਚੌਏ ਨੂੰ ਪੁਲਿਸ ਵੱਲੋਂ ਮਸ਼ਕੂਕ ਦੱਸਿਆ ਗਿਆ। ਰਾਤੀਂ 8:15 ਉੱਤੇ ਟੋਰਾਂਟੋ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਚੌਏ ਸੇਂਟ ਕੈਥਰੀਨ ਤੋਂ ਮਿਲ ਗਈ ਹੈ ਤੇ ਉਹ ਪੁਲਿਸ ਦੀ ਨਿਗਰਾਨੀ ਵਿੱਚ ਬਿਲਕੁਲ ਸੁਰੱਖਿਅਤ ਹੈ।

# ਲੋੜ ਪੈਣ ਉੱਤੇ ਓਨਟਾਰੀਓ ਵਾਸੀਆਂ ਨੂੰ ਜ਼ਰੂਰ ਕਰਨੀ ਚਾਹੀਦੀ ਹੈ ਮਾਸਕ ਦੀ ਵਰਤੋਂ : ਫੋਰਡ



ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਨੂੰ ਆਖਿਆ ਕਿ ਉਹ ਘੱਟ ਸੁਰੱਖਿਅਤ ਥਾਂ ਤੇ ਹਾਲਾਤ ਵਿੱਚ ਓਨਟਾਰੀਓ ਵਾਸੀਆਂ ਨੂੰ ਮਾਸਕ ਪਾ ਕੇ ਰੱਖਣ ਲਈ ਹੱਲਾਸ਼ੇਰੀ ਦੇ ਰਹੇ ਹਨ। ਪਰ ਉਨ੍ਹਾਂ ਪ੍ਰੋਵਿੰਸ ਵਿੱਚ ਮੁੜ ਮਾਸਕ ਸਬੰਧੀ ਮਾਪਦੰਡ ਲਾਗੂ ਕਰਨ ਦਾ ਕੋਈ ਸੰਕੇਤ ਨਹੀਂ ਦਿੱਤਾ।

ਬੁੱਧਵਾਰ ਸਵੇਰੇ ਬ੍ਰੈਡਫੋਰਡ ਨੇੜੇ ਨਵੇਂ ਹਾਈਵੇਅ ਦੀ ਬਿਲਡਿੰਗ ਬਾਰੇ ਐਲਾਨ ਕਰਨ ਸਮੇਂ ਫੋਰਡ ਨੇ ਇਹ ਟਿੱਪਣੀ ਕੀਤੀ। ਇਸ ਸਮੇਂ ਉਨ੍ਹਾਂ ਤੋਂ ਇਹ ਸਵਾਲ ਪੁੱਛਿਆ ਗਿਆ ਸੀ ਕਿ ਕੀ ਪ੍ਰੋਵਿੰਸ ਸਕੂਲਾਂ ਵਿੱਚ ਮੁੜ ਮਾਸਕ ਸਬੰਧੀ ਨਿਯਮਾਂ ਨੂੰ ਲਾਗੂ ਕਰਨ ਜਾ ਰਿਹਾ ਹੈ। ਇਸ ਉੱਤੇ ਫੋਰਡ ਨੇ ਆਖਿਆ ਕਿ ਉਨ੍ਹਾਂ ਵੱਲੋਂ ਹਮੇਸ਼ਾਂ ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ• ਕੀਰਨ ਮੂਰ ਦੀ ਸਲਾਹ ਉੱਤੇ ਫੁੱਲ ਚੜ੍ਹਾਏ ਗਏ ਹਨ ਤੇ ਲੋੜ ਪੈਣ ਉੱਤੇ ਮਾਸਕ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਇਸ ਦੌਰਾਨ ਫੋਰਡ ਨੇ ਲੋਕਾਂ ਨੂੰ ਫਲੂ ਸ਼ੌਟਸ ਲੈਣ ਤੇ ਆਪਣੇ ਕੋਵਿਡ-19 ਬੂਸਟਰ ਸ਼ੌਟਸ ਲੈਣ ਲਈ ਵੀ ਉਤਸਾਹਿਤ ਕੀਤਾ। ਉਨ੍ਹਾਂ ਆਖਿਆ ਕਿ ਸੁਰੱਖਿਅਤ ਰਹਿਣ ਲਈ ਇਹ ਸੱਭ ਬਹੁਤ ਜ਼ਰੂਰੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਡਾਕਟਰਾਂ ਵੱਲੋਂ ਸਕੂਲ ਖੁੱਲ੍ਹਣ ਦੀ ਸੂਰਤ ਵਿੱਚ ਤੇ ਸਿਆਲਾਂ ਦੀ ਰੁੱਤ ਦੌਰਾਨ ਇੰਡੋਰ ਰਹਿਣ ਕਾਰਨ ਸਾਹ ਸਬੰਧੀ ਬਿਮਾਰੀਆਂ ਵਿੱਚ ਵਾਧਾ ਹੋਣ ਦੀ ਦਿੱਤੀ ਗਈ ਚੇਤਾਵਨੀ ਦੇ ਮੱਦੇਨਜ਼ਰ ਸਕੂਲਾਂ ਵਿੱਚ ਮੁੜ ਮਾਸਕ ਲਾਜ਼ਮੀ ਕਰਨ ਸਬੰਧੀ ਸਵਾਲ ਉੱਠ ਰਹੇ ਸਨ। ਇਸ ਦੌਰਾਨ ਟੋਰਾਂਟੋ ਦੇ ਬੋਰਡ ਆਫ ਹੈਲਥ ਦੀ ਮੰਗਲਵਾਰ ਨੂੰ ਹੋਈ ਮੀਟਿੰਗ ਵਿੱਚ ਮੈਡੀਕਲ ਆਫੀਸਰ ਆਫ ਹੈਲਥ ਡਾ• ਐਲੀਨ ਡੀ ਵਿੱਲਾ ਨੇ ਆਖਿਆ ਕਿ ਮਾਸਕ ਸਬੰਧੀ ਸਿਟੀ ਵੱਲੋਂ ਪ੍ਰੋਵਿੰਸ਼ੀਅਲ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਪਰ ਉਨ੍ਹਾਂ ਆਖਿਆ ਕਿ ਜੇ ਹਾਲਾਤ ਨਾਸਾਜ਼ ਹੁੰਦੇ ਹਨ ਤਾਂ ਮਾਸਕ ਸਬੰਧੀ ਨਿਯਮਾਂ ਨੂੰ ਮੁੜ ਲਾਗੂ ਕਰਨ ਲਈ ਉਹ ਤਿਆਰ ਹਨ।

# ਓਨਟਾਰੀਓ ਵਿੱਚ ਹੈਲਥ ਕੇਅਰ ਸਿਸਟਮ ਦਾ ਮਾੜਾ ਹਾਲ : ਰਿਪੋਰਟ



ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਇੱਕ ਲੀਕ ਹੋਈ ਰਿਪੋਰਟ ਤੋਂ ਓਨਟਾਰੀਓ ਵਿੱਚ ਹੈਲਥ ਕੇਅਰ ਸਿਸਟਮ ਦੀ ਨਾਸਾਜ਼ ਹੋ ਰਹੀ ਹਾਲਤ ਦਾ ਖੁਲਾਸਾ ਹੋਇਆ ਹੈ। ਡਾਕਟਰਾਂ ਵੱਲੋਂ ਚੇਤਾਵਨੀ ਦਿੱਤੀ ਗਈ ਹੈ ਕਿ ਜੇ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਇਹ ਹੈਲਥ ਸਿਸਟਮ ਜਲਦ ਹੀ ਧਰਾਸ਼ਾਈ ਹੋ ਜਾਵੇਗੀ।

ਲਿਬਰਲ ਐਮਪੀਪੀ ਸ਼ਾਮਜੀ ਵੱਲੋਂ ਹਾਸਲ ਕੀਤੀ ਗਈ ਓਨਟਾਰੀਓ ਹੈਲਥ ਰਿਪੋਰਟ ਵਿੱਚ ਸਾਹਮਣੇ ਆਇਆ ਕਿ ਗਰਮੀਆਂ ਦੇ ਮੁਕਾਬਲੇ ਇਸ ਸਾਲ ਦੇ ਅੰਤ ਵਿੱਚ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਲਈ ਕਿੰਨੀ ਉਡੀਕ ਕਰਨੀ ਪੈ ਰਹੀ ਹੈ। ਇਸ ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਸਤੰਬਰ ਵਿੱਚ ਐਮਰਜੰਸੀ ਰੂਮ ਵਿੱਚ 90 ਫੀ ਸਦੀ ਮਰੀਜ਼ਾਂ ਨੂੰ 12 ਘੰਟੇ ਤੱਕ ਇਲਾਜ ਲਈ ਉਡੀਕ ਕਰਨੀ ਪਈ, ਜੋ ਕਿ ਪਿਛਲੇ ਸਾਲ ਇਸੇ ਮਹੀਨੇ ਦੇ ਮੁਕਾਬਲੇ 17 ਫੀ ਸਦੀ ਵੱਧ ਸੀ। ਇੱਕ ਵਾਰੀ ਮਰੀਜ਼ ਦੇ ਦਾਖਲ ਹੋਣ ਉਪਰੰਤ 90 ਫੀ ਸਦੀ ਨੂੰ ਆਪਣੀ ਵਿਜ਼ਿਟ ਪੂਰੀ ਕਰਨ ਲਈ 45 ਘੰਟਿਆਂ ਦਾ ਸਮਾਂ ਲੱਗਿਆ ਜੋ ਕਿ ਪਿਛਲੇ ਸਾਲ ਦੇ ਮੁਕਾਬਲੇ 40.5 ਫੀ ਸਦੀ ਵੱਧ ਸੀ। ਸ਼ਾਮਜੀ ਨੇ ਆਖਿਆ ਕਿ 2008 ਤੋਂ ਲੈ ਕੇ ਹੁਣ ਤੱਕ ਸਤੰਬਰ ਦੇ ਮਹੀਨੇ ਦਾ ਇਹ ਸੱਭ ਤੋਂ ਮਾੜਾ ਰਿਕਾਰਡ ਰਿਹਾ।

ਰਿਪੋਰਟ ਵਿੱਚ ਇਹ ਵੀ ਆਖਿਆ ਗਿਆ ਕਿ ਐਂਬੂਲੈਂਸ ਰਾਹੀਂ ਆਉਣ ਵਾਲੇ ਮਰੀਜ਼ਾਂ ਨੂੰ ਵੀ ਹਸਪਤਾਲ ਦੇ ਬੈੱਡ ਤੱਕ ਪਹੁੰਚਣ ਲਈ 90 ਮਿੰਟ ਤੱਕ ਉਡੀਕ ਕਰਨੀ ਪਈ। ਇਹ ਰਿਕਾਰਡ ਤਾਂ ਪਿਛਲੇ ਸਾਲ ਦੇ ਮੁਕਾ-ਬਲੇ 50 ਫੀ ਸਦੀ ਵੱਧ ਰਿਹਾ। ਇਸ ਉੱਤੇ ਸ਼ਾਮਜੀ ਨੇ ਆਖਿਆ ਕਿ ਇਸ ਸੱਭ ਦੇ ਬਾਵਜੂਦ ਫੋਰਡ ਸਰਕਾਰ ਆਖ ਰਹੀ ਹੈ ਕਿ ਸੱਭ ਵਧੀਆ ਹੈ ਜਦਕਿ ਸਾਰਾ ਕੁੱਝ ਰੇਤ ਵਾਂਗ ਉਨ੍ਹਾਂ ਦੇ ਹੱਥ ਵਿੱਚੋਂ ਕਿਰਦਾ ਜਾ ਰਿਹਾ ਹੈ।

# ਟੋਰਾਂਟੋ ਦੇ ਉੱਘੇ ਡਾਕਟਰ ਨੂੰ ਮਾਸਕ ਸਬੰਧੀ ਮਾਪਦੰਡ ਮੁੜ ਲਾਗੂ ਕਰਨ ਦੀ ਅਪੀਲ



ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਮਾਸਕ ਸਬੰਧੀ ਨਿਯਮਾਂ, ਖਾਸਤੌਰ ਉੱਤੇ ਸਕੂਲਾਂ ਵਿੱਚ, ਨੂੰ ਲਾਗੂ ਕਰਨ ਸਬੰਧੀ ਸੰਭਾਵਨਾਵਾਂ ਉੱਤੇ ਮੁੜ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ।

ਮੰਗਲਵਾਰ ਨੂੰ ਕੀਤੀ ਗਈ ਮਹੀਨਾਵਾਰੀ ਬੋਰਡ ਆਫ ਹੈਲਥ (ਬੀਓਐਚ) ਮੀਟਿੰਗ ਵਿੱਚ ਡਾ•ਕੇਟ ਮੁਲੀਗਨ ਨੇ ਇੱਕ ਮਤਾ ਪੇਸ਼ ਕੀਤਾ ਜਿਸ ਵਿੱਚ ਆਖਿਆ ਗਿਆ ਕਿ ਇਸ ਸਮੇਂ ਸਾਨੂੰ ਰੈਸਪੀਰੇਟਰੀ ਵਾਇਰਸ ਨੂੰ ਫੈਲਣ ਤੋਂ ਰੋਕਣ ਤੇ ਪੈਡੀਐਟ੍ਰਿਕ ਕੇਅਰ ਸਰਵਿਸਿਜ਼ ਨੂੰ ਬਚਾਉਣ ਲਈ ਕੁੱਝ ਠੋਸ ਉਪਰਾਲੇ ਕਰਨ ਦੀ ਲੋੜ ਹੈ। ਨਿੱਕੇ ਬੱਚੇ ਦੀ ਮਾਂ ਹੋਣ ਨਾਤੇ ਮੁਲੀਗਨ ਨੇ ਆਖਿਆ ਕਿ ਉਹ ਸਮਝ ਨਹੀਂ ਸਕਦੀ ਕਿ ਕਿਸ ਤਰ੍ਹਾਂ ਆਪਣੀ ਨਿੱਕੀ ਬੱਚੀ ਨੂੰ ਉਨ੍ਹਾਂ ਨੂੰ ਇੱਕ ਦਿਨ ਅਚਾਨਕ ਲੋਕਲ ਐਮਰਜੰਸੀ ਰੂਮ ਲੈ ਕੇ ਜਾਣਾ ਪਿਆ। ਉਨ੍ਹਾਂ ਆਖਿਆ ਕਿ ਜੇ ਇਹ ਸਹੂਲਤ ਮੌਜੂਦ ਨਾ ਹੁੰਦੀ ਤਾਂ ਉਹ ਸੋਚ ਵੀ ਨਹੀਂ ਸਕਦੀ ਕਿ ਉਨ੍ਹਾਂ ਨਾਲ ਕੀ ਬੀਤਦੀ।

ਉਨ੍ਹਾਂ ਆਖਿਆ ਕਿ ਮਾਪਿਆਂ ਵਜੋਂ ਇਸ ਤਰ੍ਹਾਂ ਦਾ ਤਜਰਬਾ ਕਰਨਾ ਬਹੁਤ ਹੀ ਡਰਾਉਣਾ ਅਨੁਭਵ ਹੈ। ਉਨ੍ਹਾਂ ਆਖਿਆ ਕਿ ਉਹ ਹਜ਼ਾਰਾਂ ਮਾਪਿਆਂ ਵਿੱਚੋਂ ਇੱਕ ਹਨ ਜਿਹੜੇ ਇਸ ਤਰ੍ਹਾਂ ਦੀ ਸਥਿਤੀ ਨਾਲ ਜੂਝ ਰਹੇ ਹਨ। ਉਨ੍ਹਾਂ ਮਾਸਕ ਸਬੰਧੀ ਮਾਪਦੰਡ ਮੁੜ ਲਾਗੂ ਕਰਨ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਆਪਣੇ ਮਤੇ ਵਿੱਚ ਉਨ੍ਹਾਂ ਸਿਟੀ ਦੇ ਉੱਘੇ ਡਾਕਟਰ ਨੂੰ ਸਥਿਤੀ ਨੂੰ ਗੰਭੀਰਤਾ ਨਾਲ ਮੁੜ ਵਿਚਾਰਨ ਲਈ ਵੀ ਆਖਿਆ।

ਇਸ ਦੌਰਾਨ ਬੋਰਡ ਮੈਂਬਰ ਇਦਾ ਲੀ ਪ੍ਰੇਟੀ, ਜੋ ਕਿ ਟੋਰਾਂਟੋ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ (ਟੀਸੀਡੀਐਸਬੀ) ਦੀ ਟਰੱਸਟੀ ਹੈ, ਨੇ ਆਖਿਆ ਕਿ ਉਹ ਮੁਲੀਗਨ ਦੇ ਮਤੇ ਦਾ ਸਮਰਥਨ ਨਹੀਂ ਕਰਦੀ ਕਿਉਂਕਿ ਉਨ੍ਹਾਂ ਦੇ ਬੋਰਡ ਨਾਲ ਜੁੜੇ ਮਾਪੇ ਮਾਸਕ ਸਬੰਧੀ ਨਿਯਮਾਂ ਦੇ ਸਖ਼ਤ ਖਿਲਾਫ ਹਨ। ਪਰ ਉਨ੍ਹਾਂ ਇਹ ਵੀ ਆਖਿਆ ਕਿ ਟੀਸੀਡੀਐਸਬੀ ਮਾਸਕ ਸਬੰਧੀ ਨਿਯਮਾਂ ਦੇ ਹੱਕ ਵਿੱਚ ਹੈ।

# ਬਿਹਤਰ ਪ੍ਰਸਤਾਵ ਲੈ ਕੇ ਸਰਕਾਰ ਨੇ ਐਜੂਕੇਸ਼ਨ ਵਰਕਰਜ਼ ਨਾਲ ਮੁੜ ਗੱਲਬਾਤ ਕੀਤੀ ਸ਼ੁਰੂ



ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਇੱਕ ਵਾਰੀ ਮੁੜ ਗੱਲਬਾਤ ਸ਼ੁਰੂ ਹੋਣ ਉੱਤੇ ਪ੍ਰੀਮੀਅਰ ਫੋਰਡ ਨੇ ਆਖਿਆ ਕਿ ਉਨ੍ਹਾਂ ਦੀ ਸਰਕਾਰ ਕੋਲ ਇਸ ਵਾਰੀ ਐਜੂਕੇਸ਼ਨ ਵਰਕਰਜ਼ ਲਈ ਬਿਹਤਰ ਪੇਸ਼ਕਸ਼ ਹੈ।


ਫੋਰਡ ਵੱਲੋਂ ਇਸ ਨਵੀਂ ਪੇਸ਼ਕਸ਼ ਬਾਰੇ ਖੁਲਾਸਾ ਤਾਂ ਨਹੀਂ ਕੀਤਾ ਗਿਆ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਸਰਕਾਰ ਦੇ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਲਈ ਤਾਜ਼ਾ ਪ੍ਰਸਤਾਵ ਵਿੱਚ ਸਕੂਲਾਂ ਵਿੱਚ ਮਦਦ ਕਰਨ ਵਾਲੇ ਸਟਾਫ, ਜਿਸ ਨੂੰ ਸੱਭ ਤੋਂ ਘੱਟ ਤਨਖਾਹ ਮਿਲਦੀ ਹੈ, ਲਈ ਭੱਤਿਆਂ ਵਿੱਚ ਸੋਧ ਕੀਤੀ ਗਈ ਹੈ। ਫੋਰਡ ਨੇ ਇਹ ਵੀ ਆਖਿਆ ਕਿ ਨਵੇਂ ਸਿਰੇ ਤੋਂ ਹੋਣ ਵਾਲੀ ਗੱਲਬਾਤ ਦੌਰਾਨ ਜੋ ਵੀ ਸਮਝੌਤਾ ਹੋਵੇਗਾ ਉਸ ਦਾ ਚਾਰ ਮੁੱਖ ਟੀਚਰਜ਼ ਕਾਂਟਰੈਕਟਸ ਉੱਤੇ ਵੀ ਅਸਰ ਪਵੇਗਾ। ਕੂਪ ਲਈ ਤਨਖਾਹਾਂ ਵਿੱਚ ਕੀਤੇ ਜਾਣ ਵਾਲੇ ਵਾਧੇ ਨਾਲ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਵੀ ਕਾਫੀ ਵਾਧਾ ਹੋ ਜਾਵੇਗਾ।

ਸਿੱਖਿਆ ਮੰਤਰੀ ਸਟੀਫਨ ਲਿਚੇ ਨਾਲ ਮੰਗਲਵਾਰ ਸਵੇਰੇ ਕੁਈਨਜ਼ ਪਾਰਕ ਵਿਖੇ ਮੀਡੀਆ ਨਾਲ ਗੱਲਬਾਤ ਕਰਦਿਆਂ ਫੋਰਡ ਨੇ ਆਖਿਆ ਕਿ ਉਹ ਕਿਸੇ ਨਾਲ ਲੜਾਈ ਨਹੀਂ ਕਰਨਾ ਚਾਹੁੰਦੇ, ਉਹ ਤਾਂ ਬੱਸ ਬੱਚਿਆਂ ਨੂੰ ਸਕੂਲਾਂ ਵਿੱਚ ਪਰਤਿਆ ਵੇਖਣਾ ਚਾਹੁੰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਜਿਸ ਤਰ੍ਹਾਂ ਅਸੀਂ ਕੂਪ ਦੀ ਗੱਲ ਸੁਣ ਰਹੇ ਹਾਂ ਅਸੀਂ ਚਾਹੁੰਦੇ ਹਾਂ ਕਿ ਕੂਪ ਵੀ ਸਾਡੀ ਗੱਲ ਸੁਣੇ।

ਇੱਕ ਸਰਕਾਰੀ ਸੂਤਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਐਜੂਕੇਸ਼ਨ ਸਪੋਰਟ ਸਟਾਫ ਲਈ ਕੂਪ ਨੂੰ ਸਰਕਾਰ ਵੱਲੋਂ ਕੀਤੀ ਗਈ ਨਵੀਂ ਪੇਸ਼ਕਸ਼ ਵਿੱਚ ਸਾਲ ਵਿੱਚ ਭੱਤਿਆਂ ਵਿੱਚ 3.5 ਫੀ ਸਦੀ ਵਾਧਾ, ਜੋ ਕਿ ਪਿਛਲੀ 2.5 ਫੀ ਸਦੀ ਦੀ ਪੇਸ਼ਕਸ਼ ਨਾਲੋਂ ਜ਼ਿਆਦਾ ਹੈ, ਤੇ ਪਹਿਲਾਂ ਤੋਂ ਹੀ ਵੱਧ ਤਨਖਾਹਾਂ ਲੈ ਰਹੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਸਾਲ ਵਿੱਚ ਦੋ ਫੀ ਸਦੀ ਦੇ ਨੇੜੇ ਤੇੜੇ ਵਾਧਾ ਕਰਨ ਦੀ ਗੱਲ ਕੀਤੀ ਗਈ ਹੈ।

ਲਿਚੇ ਨੇ ਆਖਿਆ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸਰਕਾਰ ਵੱਲੋਂ ਕੀਤੀ ਜਾ ਰਹੀ ਤਾਜ਼ਾ ਪੇਸ਼ਕਸ਼ ਨਾਲ ਦੋਵਾਂ ਧਿਰਾਂ ਦਰਮਿਆਨ ਸਮਝੌਤਾ ਸਿਰੇ ਚੜ੍ਹ ਜਾਵੇਗਾ। ਇਸ ਦੌਰਾਨ ਯੂਨੀਅਨ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਗੱਲਬਾਤ ਉਨ੍ਹਾਂ ਦੇ ਹਿਸਾਬ ਨਾਲ ਨਹੀਂ ਚੱਲਦੀ ਤਾਂ ਉਹ ਮੁੜ ਹੜਤਾਲ ਕਰਨ ਲਈ ਤਿਆਰ ਹਨ। ਪਰ ਉਨ੍ਹਾਂ ਨੂੰ ਇਸ ਕੰਮ ਲਈ ਪੰਜ ਦਿਨ ਦਾ ਨੋਟਿਸ ਦੇਣਾ ਹੋਵੇਗਾ। ਵਿਚੋਲੇ ਦੀ ਮਦਦ ਨਾਲ ਦੋਵਾਂ ਧਿਰਾਂ ਦਰ-ਮਿਆਨ ਗੱਲਬਾਤ ਮੰਗਲਵਾਰ ਨੂੰ ਸਵੇਰੇ 10:00 ਵਜੇ ਸ਼ੁਰੂ ਹੋ ਗਈ।

# ਟੈੱਲਅਸ ਸੇਵਾਵਾਂ ਵਿੱਚ ਪਿਆ ਵਿਘਨ, 911 ਕਾਲ ਕਰਨ ਤੋਂ ਅਸਮਰੱਥ ਰਹੇ ਕਸਟਮਰਜ਼




ਓਟਵਾ, 10 ਨਵੰਬਰ (ਪੋਸਟ ਬਿਊਰੋ) : ਰਾਤ ਸਮੇਂ ਸੇਵਾਵਾਂ ਵਿੱਚ ਪਏ ਵਿਘਨ ਤੋਂ ਬਾਅਦ ਟੈੱਲਅਸ ਨੇ ਆਖਿਆ ਕਿ ਉਨ੍ਹਾਂ ਵੱਲੋਂ ਆਪਣੇ ਲੈਂਡਲਾਈਨ ਕਸਟਮਰਜ਼ ਲਈ 911 ਕਾਲ ਸੇਵਾ ਬਹਾਲ ਕਰ ਦਿੱਤੀ ਗਈ ਹੈ।

ਸਵੇਰੇ 7:00 ਵਜੇ ਤੋਂ ਠੀਕ ਪਹਿਲਾਂ ਕੰਪਨੀ ਨੇ ਆਖਿਆ ਕਿ ਆਪਣੇ ਗਾਹਕਾਂ ਨੂੰ ਸੇਵਾਵਾਂ ਵਿੱਚ ਪਏ ਵਿਘਨ ਕਾਰਨ ਆਈ ਦਿੱਕਤ ਲਈ ਉਹ ਮੁਆਫੀ ਮੰਗਦੇ ਹਨ ਤੇ ਸਰਵਿਸ ਬਹਾਲ ਕਰ ਦਿੱਤੀ ਗਈ ਹੈ। ਹੈਮਿਲਟਨ ਪੁਲਿਸ ਵੱਲੋਂ ਸਵੇਰ ਸਮੇਂ ਇਹ ਚੇਤਾਵਨੀ ਦਿੱਤੀ ਗਈ ਸੀ ਕਿ ਕੁੱਝ ਲੈਂਡਲਾਈਨ ਯੂਜ਼ਰਜ਼ 911 ਸੇਵਾਵਾਂ ਦੀ ਵਰਤੋਂ ਨਹੀਂ ਕਰ ਪਾ ਰਹੇ ਹਨ। ਪੁਲਿਸ ਨੇ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ।

ਕੰਪਨੀ ਦੀ ਵੈੱਬਸਾਈਟ ਅਨੁਸਾਰ ਇਹ ਦਿੱਕਤ ਸੱਭ ਤੋਂ ਵੱਧ ਚੈਠਮ, ਦਰਹਾਮ, ਗੈਨਾਨੌਕ, ਗੁਐਲਫ, ਹਾਲਟਨ, ਹੈਮਿਲਟਨ, ਨਾਇਗਰਾ ਤੇ ਪੀਲ ਵਿੱਚ ਆਈ। ਇਹ ਦਿੱਕਤ ਕਿਸ ਲਈ ਆਈ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ।

# ਲੜਕੇ ਨੇ ਮਾਪਿਆਂ ਦੀ ਜਾਨ ਲੈਣ ਤੋਂ ਬਾਅਦ ਕੀਤੀ ਸੀ ਖੁਦਕੁਸ਼ੀ



ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਕੌਨਿਸਟਨ ਵਿੱਚ ਕਾਰੂਸੋ ਸਟਰੀਟ ਉੱਤੇ ਸਥਿਤ ਇੱਕ ਘਰ ਵਿੱਚ ਬੀਤੇ ਦਿਨੀਂ ਹੋਈਆਂ ਤਿੰਨ ਮੌਤਾਂ ਦੇ ਸਬੰਧ ਵਿੱਚ ਗ੍ਰੇਟਰ ਸਡਬਰੀ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਕੀਤੇ ਗਏ। ਜ਼ਿਕਰਯੋਗ ਹੈ ਕਿ 30 ਅਕਤੂਬਰ ਨੂੰ 46 ਸਾਲਾ ਬ੍ਰਾਇਨ ਡੈਜੌਰਮੈਕਸ, ਉਨ੍ਹਾਂ ਦੀ 43 ਸਾਲਾ ਪਤਨੀ ਜੈਨੇਟ ਤੇ 17 ਸਾਲਾ ਲੜਕੇ ਐਸ਼ਟਨ ਦੀਆਂ ਲਾਸ਼ਾਂ ਘਰ ਵਿੱਚੋਂ ਮਿਲੀਆਂ ਸਨ। ਸਡਬਰੀ ਪੁਲਿਸ ਨੇ ਦੱਸਿਆ ਕਿ 17 ਸਾਲਾ ਲੜਕੇ ਨੇ ਹੀ ਪਹਿਲਾਂ ਆਪਣੇ ਮਾਪਿਆਂ ਨੂੰ ਮੌਤ ਦੇ ਘਾਟ ਉਤਾਰਿਆ ਤੇ ਫਿਰ ਖੁਦਕੁਸ਼ੀ ਕੀਤੀ। ਤਿੰਨਾਂ ਜੀਆਂ ਦੀ ਮੌਤ ਗੋਲੀ ਲੱਗਣ ਕਾਰਨ ਹੋਈ। ਇਸ ਸਬੰਧ ਵਿੱਚ ਹੋਰ ਵੇਰਵੇ ਜਾਰੀ ਨਹੀਂ ਕੀਤੇ ਗਏ। ਪੁਲਿਸ ਨੇ ਦੱਸਿਆ ਕਿ ਇਹ ਜਾਣਕਾਰੀ ਵੀ ਇਸ ਲਈ ਜਾਰੀ ਕੀਤੀ ਗਈ ਹੈ ਤਾਂ ਕਿ ਸਾਡੀ ਕਮਿਊਨਿਟੀ ਤੱਕ ਸੱਚ ਪਹੁੰਚ ਸਕੇ। ਪੁਲਿਸ ਨੇ ਇਹ ਵੀ ਆਖਿਆ ਕਿ ਜਾਂਚ ਦੌਰਾਨ ਜਾਂ ਕੌਰੋਨਰ ਦੇ ਆਫਿਸ ਨਾਲ ਰਲ ਕੇ ਕੰਮ ਕਰਦੇ ਸਮੇਂ ਕਿਤੇ ਵੀ ਇਹ ਸਾਹਮਣੇ ਨਹੀਂ ਆਇਆ ਕਿ ਇਹ ਲੜਕਾ ਕਿਸੇ ਕਿਸਮ ਦੇ ਮਾਨਸਿਕ ਤਣਾਅ ਵਿੱਚੋਂ ਲੰਘ ਰਿਹਾ ਸੀ ਜਾਂ ਉਸ ਨੂੰ ਅਜਿਹੀ ਕੋਈ ਬਿਮਾਰੀ ਸੀ।

# ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਮੰਤਰੀਆਂ ਨਾਲ ਫੈਡਰਲ ਅਧਿਕਾਰੀਆਂ ਦੀ ਦੋ ਰੋਜ਼ਾ ਹੈਲਥ ਗੱਲਬਾਤ ਬੇਸਿੱਟਾ ਰਹੀ




ਵੈਨਕੂਵਰ, 10 ਨਵੰਬਰ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਮੰਤਰੀਆਂ ਨਾਲ ਫੈਡਰਲ ਅਧਿਕਾਰੀਆਂ ਦੀ ਦੋ ਰੋਜ਼ਾ ਗੱਲਬਾਤ ਬਿਨਾਂ ਕਿਸੇ ਸਮਝੌਤੇ ਦੇ ਮੁੱਕ ਗਈ। ਇਸ ਮਗਰੋਂ ਫੈਡਰਲ ਸਰਕਾਰ ਨੇ ਵੀ ਕਿਸੇ ਕਿਸਮ ਦਾ ਐਲਾਨ ਕਰਨ ਤੋਂ ਖੁਦ ਨੂੰ ਪਾਸੇ ਕਰ ਲਿਆ। ਫੈਡਰਲ ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਆਖਿਆ ਕਿ ਉਹ ਚੰਗਾਂ ਇਰਾਦਾ ਤੇ ਸੋਚ ਲੈ ਕੇ ਮੀਟਿੰਗਜ਼ ਵਿੱਚ ਗਏ ਸਨ ਪਰ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਅਧਿਕਾਰੀਆਂ ਕਾਰਨ ਗੱਲਬਾਤ ਕਿਸੇ ਸਿਰੇ ਨਹੀਂ ਲੱਗ ਸਕੀ। ਡਕਲਸ ਨੇ ਪ੍ਰੀਮੀਅਰਜ਼ ਉੱਤੇ ਦੋਸ਼ ਲਾਉਂਦਿਆਂ ਆਖਿਆ ਕਿ ਉਨ੍ਹਾਂ ਵੱਲੋਂ ਹੀ ਆਪਣੇ ਸਿਹਤ ਮੰਤਰੀਆਂ ਨੂੰ ਸਿਰਫ ਤੇ ਸਿਰਫ ਪੈਸੇ ਉੱਤੇ ਧਿਆਨ ਕੇਂਦਰਿਤ ਕਰਨ ਲਈ ਆਖਿਆ ਗਿਆ ਸੀ। ਉਨ੍ਹਾਂ ਇਹ ਵੀ ਆਖਿਆ ਕਿ ਆਪਣੇ ਸਿਹਤ ਮੰਤਰੀਆਂ ਨੂੰ ਆਪਣਾ ਕੰਮ ਨਾ ਕਰਨ ਦੇਣ ਲਈ ਸਿਰਫ ਤੇ ਸਿਰਫ ਪ੍ਰੀਮੀਅਰਜ਼ ਜ਼ਿੰਮੇਵਾਰ ਹਨ।

ਇਸ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਸਿਹਤ ਮੰਤਰੀ ਆਡਰੀਅਨ ਡਿਕਸ ਨੇ ਆਖਿਆ ਕਿ ਮੀਟਿੰਗਜ਼ ਨੂੰ ਇਸ ਤਰ੍ਹਾਂ ਖ਼ਤਮ ਕਰਨਾ ਕਾਫੀ ਨਿਰਾਸ਼ਾਜਨਕ ਹੈ। ਇਸ ਤੋਂ ਪਹਿਲਾਂ ਉਨ੍ਹਾਂ ਆਖਿਆ ਸੀ ਕਿ ਫੈਡਰਲ ਫੰਡਿੰਗ ਨੂੰ 22 ਫੀ ਸਦੀ ਤੋਂ 35 ਫੀ ਸਦੀ ਕਰਵਾਉਣ ਲਈ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਮੰਤਰੀ ਇੱਕਜੁੱਟ ਹਨ। ਡਿਕਸ ਨੇ ਆਖਿਆ ਕਿ ਇਨ੍ਹਾਂ ਮੀਟਿੰਗਾਂ ਦੇ ਨਤੀਜੇ ਉਹ ਨਹੀਂ ਸਨ ਜਿਨ੍ਹਾਂ ਦੀ ਕੈਨੇਡੀਅਨਜ਼ ਨੇ ਆਸ ਕੀਤੀ ਸੀ।

ਇਸ ਤੋਂ ਪਹਿਲਾਂ ਡਕਲਸ ਨੇ ਸੋਮਵਾਰ ਨੂੰ ਇਹ ਆਖਿਆ ਸੀ ਕਿ ਸਰਕਾਰ ਹੈਲਥ ਟਰਾਂਸਫਰ ਵਧਾਉਣ ਲਈ ਤਿਆਰ ਹੈ ਪਰ ਕੁੱਝ ਸ਼ਰਤਾਂ ਵੀ ਪੂਰੀਆਂ ਕਰਨੀਆਂ ਹੋਣਗੀਆਂ। ਕੁੱਝ ਹੈਲਥ ਮਾਪਦੰਡ ਪੂਰੇ ਕਰਨੇ ਹੋਣਗੇ ਤੇ ਡਾਟਾ ਸ਼ੇਅਰਿੰਗ ਕਰਨੀ ਹੋਵੇਗੀ। ਡਿਕਸ ਨੇ ਆਖਿਆ ਕਿ ਉਹ ਫੈਡਰਲ ਸਰਕਾਰ ਦੇ ਇਸ ਤਰ੍ਹਾਂ ਦੇ ਵਿਵਹ-ਾਰ ਤੋਂ ਨਿਰਾਸ਼ ਹਨ ਤੇ ਗੱਲਬਾਤ ਉਸ ਲਿਹਾਜ ਨਾਲ ਸਿਰੇ ਨਹੀਂ ਚੜ੍ਹ ਸਕੀ ਜਿਸ ਤਰ੍ਹਾਂ ਦੀ ਉਹ ਸਾਰੇ ਉਮੀਦ ਕਰ ਰਹੇ ਸਨ।

## ਫੋਰਡ ਸਰਕਾਰ ਦੀ ਸੋਧੀ ਹੋਈ ਪੇਸ਼ਕਸ਼ ਨਹੀਂ ਸਵੀਕਾਰਨਗੇ ਐਜੂਕੇਸ਼ਨ ਵਰਕਰ : ਕੂਪ

...ਪੰਨਾ 1 ਦਾ ਬਾਕੀ

ਜ਼ਿਕਰਯੋਗ ਹੈ ਕਿ ਫੋਰਡ ਸਰਕਾਰ ਵੱਲੋਂ ਦੋ ਪਰਤਾਂ ਵਿੱਚ ਭੱਤਿਆਂ ਵਿੱਚ ਵਾਧੇ ਦੀ ਪੇਸ਼ਕਸ਼ ਕੀਤੀ ਗਈ ਹੈ।

ਬੁੱਧਵਾਰ ਨੂੰ ਬਾਰਗੇਨਿੰਗ ਕਮੇਟੀ ਵੱਲੋਂ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਇਸ ਮਾਮਲੇ ਵਿੱਚ ਅਸੀਂ ਬਿਲਕੁਲ ਸਪਸ਼ਟ ਹਾਂ ਤੇ ਇਹ ਡੀਲ ਉਸ ਸਮੇਂ ਹੀ ਸਿਰੇ ਚੜ੍ਹੇਗੀ ਜਦੋਂ ਸਾਰਿਆਂ ਲਈ ਭੱਤਿਆਂ ਵਿੱਚ ਇੱਕਸਾਰ ਵਾਧਾ ਕੀਤਾ ਜਾਵੇਗਾ। ਪਰ ਯੂਨੀਅਨ ਮੁਤਾਬਕ ਸਰਕਾਰ ਵੱਲੋਂ ਅਜੇ ਤੱਕ ਇਸ ਤਰ੍ਹਾਂ ਦੀ ਕੋਈ ਪੇਸ਼ਕਸ਼ ਨਹੀਂ ਕੀਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਫੋਰਡ ਸਰਕਾਰ ਵੱਲੋਂ ਘੱਟ ਤਨਖਾਹ ਹਾਸਲ ਕਰਨ ਵਾਲੇ ਵਰਕਰਜ਼ ਲਈ ਸਰਕਾਰ ਵੱਲੋਂ ਤਨਖਾਹ ਵਿੱਚ ਸਾਲ ਦਾ 3.5 ਫੀ ਸਦੀ ਵਾਧਾ ਕਰਨ ਤੇ ਵੱਧ ਤਨਖਾਹ ਹਾਸਲ ਕਰਨ ਵਾਲੇ ਵਰਕਰਜ਼ ਲਈ ਲੱਗਭਗ 2 ਫੀ ਸਦੀ ਵਾਧਾ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ। ਕੂਪ ਨੇ ਆਖਿਆ ਕਿ ਅਜੇ ਤੱਕ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਕੋਈ ਪੇਸ਼ਕਸ਼ ਨਹੀਂ ਹੋਈ ਪਰ ਜੇ ਅਜਿਹੀ ਪੇਸ਼ਕਸ਼ ਹੁੰਦੀ ਹੈ ਤਾਂ ਉਹ ਆਪਣੇ ਮੈਂਬਰਾਂ ਨੂੰ ਇਸ ਨੂੰ ਸਵੀਕਾਰ ਨਾ ਕਰਨ ਲਈ ਆਖਣਗੇ।

# ਟਿੰਮ ਹੌਰਟਨਜ਼ ਦੇ ਚਿਕਨ ਨੂਡਲ ਸੂਪ ਵਿੱਚ ਮਿਲੇ ਨਿੱਕੇ ਨਿੱਕੇ ਜੀਵ, ਪ੍ਰੋਡਕਟ ਨੂੰ ਮੰਗਵਾਇਆ ਗਿਆ ਵਾਪਿਸ

...ਪੰਨਾ 1 ਦਾ ਬਾਕੀ

ਹੈਲਥ ਕੈਨੇਡਾ ਨੇ ਆਖਿਆ ਕਿ ਚਿਕਨ ਨੂਡਲ ਪ੍ਰੋਡਕਟ, ਲਾ ਸੀ ਮੈਕਰਮਿਕ ਕੈਨੇਡਾ ਵੱਲੋਂ ਵੰਡਿਆ ਜਾਂਦਾ ਹੈ ਤੇ ਇਹ ਮੁੱਖ ਤੌਰ ਉੱਤੇ ਹੋਟਲਾਂ ਤੇ ਰੈਸਟੋਰੈਂਟਸ ਵਿੱਚ ਵੇਚਿਆ ਜਾਂਦਾ ਹੈ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਸੂਪ ਵਿੱਚੋਂ ਕਿਸ ਤਰ੍ਹਾਂ ਦੇ ਨਿੱਕੇ ਜੀਵ ਮਿਲੇ। ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਵੱਲੋਂ ਕਿਸੇ ਦੇ ਬਿਮਾਰ ਪੈਣ ਦੀ ਰਿਪੋਰਟ ਜਾਂ ਪੁਸ਼ਟੀ ਨਹੀਂ ਕੀਤੀ ਗਈ। ਜ਼ਿਕਰਯੋਗ ਹੈ ਕਿ ਟਿੰਮ ਹੌਰਟਨਜ਼ ਵੀ ਇਸ ਮਾਮਲੇ ਦੀ ਜਾਂਚ ਕਰ ਰਿਹਾ ਹੈ ਤੇ ਕੈਨੇਡੀਅਨ ਰੈਸਟੋਰੈਂਟ ਚੇਨ ਦਾ ਕਹਿਣਾ ਹੈ ਕਿ ਜਦੋਂ ਤੱਕ ਮਾਮਲਾ ਪੂਰੀ ਤਰ੍ਹਾਂ ਸੁਲਝਾ ਨਹੀਂ ਲਿਆ ਜਾਂਦਾ ਤੇ ਇਹ ਯਕੀਨ ਨਹੀਂ ਕਰ ਲਿਆ ਜਾਂਦਾ ਕਿ ਭਵਿੱਖ ਵਿੱਚ ਮੁੜ ਅਜਿਹਾ ਨਹੀਂ ਵਾਪਰੇਗਾ ਉਦੋਂ ਤੱਕ ਪ੍ਰੋਡਕਸ਼ਨ ਦੁਬਾਰਾ ਸ਼ੁਰੂ ਨਹੀਂ ਕੀਤੀ ਜਾਵੇਗੀ।

# ਹੋਰਨਾਂ ਰੁਝੇਵਿਆਂ ਦੇ ਮੱਦੇਨਜ਼ਰ ਕਲਾਈਮੇਟ ਬਾਰੇ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਲਈ ਮਿਸਰ ਪਹੁੰਚਣਗੇ ਵਿਸ਼ਵ ਆਗੂ

ਸ਼ਰਮ ਅਲ-ਸ਼ੇਖ, ਮਿਸਰ, 10 ਨਵੰਬਰ (ਪੋਸਟ ਬਿਊਰੋ) : ਕਲਾਈਮੇਟ ਦੇ ਮੁੱਦੇ ਉੱਤੇ ਗੱਲਬਾਤ ਕਰਨ ਲਈ ਵਿਸ਼ਵ ਦੇ 100 ਤੋਂ ਵੱਧ ਆਗੂ ਅੱਜ ਮਿਸਰ ਵਿੱਚ ਇੱਕਠੇ ਹੋ ਰਹੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਕਲਾਈਮੇਟ ਦੀ ਸਮੱਸਿਆ ਦਿਨ-ਬ-ਦਿਨ ਹੋਰ ਨਿੱਘਰਦੀ ਜਾ ਰਹੀ ਹੈ ਤੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਹ ਧਰਤੀ ਨੂੰ ਦਰਪੇਸ਼ ਸੱਭ ਤੋਂ ਵੱਡੀ ਚੁਣੌਤੀ ਹੈ। ਇਸ ਤੋਂ ਇਲਾਵਾ ਦੁਨੀਆ ਭਰ ਦੇ ਹਾਲਾਤ ਦੇ ਮੱਦੇਨਜ਼ਰ ਮਾਹਿਰ ਮੰਨਦੇ ਹਨ ਕਿ ਇਸ ਪਾਸੇ ਵੱਲ ਸਕਾਰਾਤਮਕ ਕਦਮ ਚੁੱਕੇ ਜਾਣਾ ਕਾਫੀ ਮੁਸ਼ਕਲ ਹੋ ਗਿਆ ਹੈ।

ਅੱਜ ਦੁਨੀਆ ਭਰ ਦੇ 50 ਤੋਂ ਵੱਧ ਦੇਸ਼ਾਂ ਦੇ ਮੁਖੀਆਂ ਵੱਲੋਂ ਮਿਸਰ ਵਿੱਚ ਉੱਚ ਪੱਧਰੀ ਕੌਮਾਂਤਰੀ ਕਲਾਈਮੇਟ ਵਾਰਤਾ ਵਿੱਚ ਹਿੱਸਾ ਲਿਆ ਜਾਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਵੀ ਇਹ ਸਿਲਸਿਲਾ ਬਾਦਸਤੂਰ ਜਾਰੀ ਰਹੇਗਾ। ਇਸ ਗੱਲਬਾਤ ਦੌਰਾਨ ਬਹੁਤਾ ਧਿਆਨ ਨੈਸ਼ਨਲ ਆਗੂਆਂ ਦੀਆਂ ਕਲਾਈਮੇਟ ਤਬਾਹੀ ਨਾਲ ਜੁੜੀਆਂ ਕਹਾਣੀਆਂ ਵੱਲ ਦਿੱਤਾ ਜਾਵੇਗਾ। ਇਸ ਦਰਮਿਆਨ ਸੱਭ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਸ਼ਰੀਫ ਦਾ ਭਾਸ਼ਣ ਸੁਣਿਆ ਜਾਵੇਗਾ ਜਿਨ੍ਹਾਂ ਦੇ ਦੇਸ਼ ਵਿੱਚ ਗਰਮੀਆਂ ਦੌਰਾਨ ਆਏ ਹੜ੍ਹਾਂ ਕਾਰਨ ਘੱਟੋ ਘੱਟ 40



ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਤੇ ਕਈ ਮਿਲੀਅਨ ਲੋਕ ਬੇਘਰ ਹੋ ਗਏ।

ਬਹੁਤੇ ਆਗੂ ਸੋਮਵਾਰ ਤੇ ਮੰਗਲਵਾਰ ਨੂੰ ਮੁਲਾਕਾਤ ਕਰਨਗੇ। ਇੱਥੇ ਦੱਸਣਾ ਬਣਦਾ ਹੈ ਕਿ ਅਮਰੀਕਾ ਵਿੱਚ ਪਾਲਿਸੀ ਸ਼ਿਫਟ ਕਰਨ ਦਾ ਦਮ ਰੱਖਣ ਵਾਲੀਆਂ ਮਿਡਟਰਮ ਚੋਣਾਂ ਹੋ ਰਹੀਆਂ ਹਨ। ਇਸ ਦੌਰਾਨ ਹੀ ਦੁਨੀਆ ਦੇ ਸੱਭ ਤੋਂ ਅਮੀਰ 20 ਮੁਲਕਾਂ ਦੇ ਆਗੂਆ ਦੇ ਸ਼ਕਤੀਸ਼ਾਲੀ ਕਲੱਬ ਕੌਨਫੈਬ ਦੀ ਇੰਡੋਨੇਸ਼ੀਆ ਦੇ ਬਾਲੀ ਵਿੱਚ ਮੁਲਾਕਾਤ ਹੋਵੇਗੀ। ਇਸ ਤੋਂ ਇਲਾਵਾ ਅਮਰੀਕਾ ਦੇ ਸਾਬਕਾ ਵਾਰਤਾਕਾਰ ਤੇ ਕਲਾਈਮੇਟ ਐਡਵਾਈਜ਼ਰਜ਼ ਸੀਈਓ ਨਾਈਜਲ ਪੁਰਵਿਸ ਨੇ ਆਖਿਆ ਕਿ ਕਈ ਹੋਰ ਨਿੱਕੀਆਂ ਤੇ ਵੱਡੀਆਂ ਸਿਖਰ ਵਾਰਤਾਵਾਂ ਵੀ ਹਨ।

ਦੋ ਸੱਭ ਤੋਂ ਵੱਡੇ ਕਾਰਬਨ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ਾਂ ਚੀਨ ਤੇ ਭਾਰਤ ਦੇ ਆਗੂਆਂ ਵੱਲੋਂ ਇਸ ਵਿੱਚ ਹਿੱਸਾ ਨਾ ਲਏ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਸੱਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲੇ ਦੇਸ਼ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਵੀ ਇਸ ਹੋਰਨਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਦੇ ਮੁਕਾਬਲੇ ਇਸ ਸਿਖਰ ਵਾਰਤਾ ਵਿੱਚ ਹੋਰ ਦੇਰ ਨਾਲ ਪਹੁੰਚਣਗੇ। ਇਹ ਵੀ ਪਤਾ ਲੱਗਿਆ ਸੀ ਕਿ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਵੀ ਪਹਿਲਾਂ ਇਸ ਵਾਰਤਾ ਵਿੱਚ ਹਿੱਸਾ ਲੈਣ ਤੋਂ ਟਲ ਰਹੇ ਸਨ ਪਰ ਜਨਤਾ ਦੇ ਦਬਾਅ ਦੇ ਚੱਲਦਿਆਂ ਤੇ ਸਾਬਕਾ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਦੀ ਯੋਜਨਾ ਕਾਰਨ ਉਨ੍ਹਾਂ ਆਪਣਾ ਮਨ ਬਦਲ ਲਿਆ ਲੱਗਦਾ ਹੈ ਤੇ ਹੁਣ ਇਸ ਵਾਰਤਾ ਵਿੱਚ ਉਹ ਵੀ ਹਿੱਸਾ ਲੈਣਗੇ।

## ਪਤਨੀ ਦੇ ਕਤਲ ਦੇ ਸਬੰਧ ਵਿੱਚ ਟੋਰਾਂਟੋ ਦੇ ਵਿਅਕਤੀ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਜਿਸ ਵਿਅਕਤੀ ਦੀ ਪਤਨੀ ਨੇ ਹਸਪਤਾਲ ਵਿੱਚ ਦਮ ਤੋੜਿਆ ਟੋਰਾਂਟੋ ਪੁਲਿਸ ਵੱਲੋਂ ਉਸ ਵਿਅਕਤੀ ਖਿਲਾਫ ਚਾਰਜਿਜ਼ ਨੂੰ ਅਪਗ੍ਰੇਡ ਕਰਕੇ ਫਰਸਟ ਡਿਗਰੀ ਮਰਡਰ ਕਰ ਦਿੱਤਾ ਗਿਆ ਹੈ। ਇਸ ਮਹਿਲਾ ਦੀ ਮੌਤ ਸਤੰਬਰ ਵਿੱਚ ਵਾਪਰੀ ਹਿੰਸਕ ਘਟਨਾ ਕਾਰਨ ਹੋਈ ਦੱਸੀ ਜਾਂਦੀ ਹੈ। ਜ਼ਿਕਰਯੋਗ ਹੈ ਕਿ 25 ਸਤੰਬਰ ਨੂੰ ਸਵੇਰੇ 3:00 ਵਜੇ ਤੋਂ ਬਾਅਦ ਇਟੋਬੀਕੋ ਵਿੱਚ ਗਾਮਾ ਸਟਰੀਟ ਤੇ ਵਾਲਰਮੋ ਡਰਾਈਵ ਉੱਤੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ। ਪੁਲਿਸ ਨੂੰ ਸੜਕ ਕਿਨਾਰੇ ਜ਼ਖ਼ਮੀ ਹਾਲਤ ਵਿੱਚ ਇੱਕ ਮਹਿਲਾ ਮਿਲੀ। ਐਮਰਜੰਸੀ ਰਨ ਰਾਹੀਂ ਮਹਿਲਾ ਨੂੰ ਹਸਪਤਾਲ ਲਿਜਾਇਆ ਗਿਆ।

ਜਾਂਚ ਦੀ ਸ਼ੁਰੂਆਤ ਵਿੱਚ ਪੁਲਿਸ ਵੱਲੋਂ 48 ਸਾਲਾ ਐਂਟੋਨੀਓ ਜ਼ੌਲੇਰਾਨੋ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਉਸ ਖਿਲਾਫ ਕਈ ਚਾਰਜਿਜ਼ ਲਾਏ ਗਏ ਜਿਨ੍ਹਾਂ ਵਿੱਚ ਕਤਲ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਵੀ ਦਰਜ ਕੀਤਾ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਜ਼ਖ਼ਮੀ ਮਹਿਲਾ ਦੀ ਪਛਾਣ 43 ਸਾਲਾ ਕੈਥਰੀਨ ਜ਼ੌਲੇਰਾਨੋ ਵਜੋਂ ਹੋਈ ਤੇ 2 ਨਵੰਬਰ ਨੂੰ ਉਹ ਜ਼ਖ਼ਮਾਂ ਦੀ ਤਾਬ ਨਾ ਸਹਾਰਦੀ ਹੋਈ ਦਮ ਤੋੜ ਗਈ। ਪੁਲਿਸ ਨੇ ਆਖਿਆ ਕਿ ਨਤੀਜੇ ਵਜੋਂ ਐਂਟੋਨੀਓ ਜ਼ੌਲੇਰਾਨੋ ਨੂੰ ਫਰਸਟ ਡਿਗਰੀ ਮਰਡਰ ਸਬੰਧੀ ਚਾਰਜਿਜ਼ ਦਾ ਸਾਹਮਣਾ ਕਰਨਾ ਹੋਵੇਗਾ।

ਟੋਰਾਂਟੋ ਪੁਲਿਸ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਇਹ ਦੋਵੇਂ ਪਤੀ ਪਤਨੀ ਸਨ। ਜ਼ੌਲੇਰਾਨੋ ਨੂੰ ਮੰਗਲਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

## ਕੋਵਿਡ-19 ਦੇ ਇਲਾਜ ਲਈ ਪੈਕਸਲੋਵਿਡ ਪ੍ਰਿਸਕ੍ਰਾਈਬ ਕਰ ਸਕਣਗੇ ਫਾਰਮਾਸਿਸਟ!

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਫਾਰਮਾਸਿਸਟਸ ਨੂੰ ਇਹ ਇਜਾਜ਼ਤ ਦੇਣ ਉੱਤੇ ਵਿਚਾਰ ਕੀਤਾ ਜਾ ਰਿਹਾ ਹੈ ਕਿ ਕੋਵਿਡ-19 ਦੇ ਇਲਾਜ ਲਈ ਉਹ ਪੈਕਸਲੋਵਿਡ ਦਵਾਈ ਦੀ ਵਰਤੋਂ ਕਰਨ ਦਾ ਸੁਝਾਅ ਦੇ ਸਕਦੇ ਹਨ। ਇਹ ਖੁਲਾਸਾ ਪ੍ਰੋਵਿੰਸ ਦੇ ਉੱਘੇ ਡਾਕਟਰ ਕੀਰਨ ਮੂਰ ਵੱਲੋਂ ਕੀਤਾ ਗਿਆ।

ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਆਖਿਆ ਕਿ ਨੇੜ ਭਵਿੱਖ ਵਿੱਚ ਹੈਲਥ ਸਿਸਟਮ ਨੂੰ ਕੋਵਿਡ-19 ਦੇ ਤੀਹਰੇ ਖਤਰੇ, ਮਾੜੇ ਫਲੂ ਸੀਜ਼ਨ ਤੇ ਬੱਚਿਆਂ ਵਿੱਚ ਰੈਸਪੀਰੇਟਰੀ ਵਾਇਰਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਆਖਿਆ ਕਿ ਕੋਵਿਡ-19 ਤੋਂ ਪੀੜਤ ਲੋਕਾਂ ਨੂੰ ਹਸਪਤਾਲਾਂ ਤੋਂ ਬਾਹਰ ਰੱਖਣ ਲਈ ਦਵਾਈਆਂ ਦੀ ਬਹੁਤਾਤ ਵਿੱਚ ਉਪਲਬਧਤਾ ਯਕੀਨੀ ਬਣਾਏ ਜਾਣ ਦੀ ਲੋੜ ਹੈ। ਇਸ ਦੇ ਨਾਲ ਹੀ ਪੇਂਡੂ ਇਲਾਕਿਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਇੱਕ ਇੰਟਰਵਿਊ ਵਿੱਚ ਮੂਰ ਨੇ ਆਖਿਆ ਕਿ ਸਰਕਾਰ ਇਸ ਗੱਲ ਦਾ ਮੁਲਾਂਕਣ ਕਰ ਰਹੀ ਹੈ ਕਿ ਪਾਜ਼ੀਟਿਵ ਟੈਸਟ ਤੋਂ ਬਾਅਦ ਫਾਰਮਾਸਿਸਟ ਸਿੱਧੇ ਤੌਰ ਉੱਤੇ ਇਸ ਦਵਾਈ ਦੀ ਵਰਤੋਂ ਦਾ ਸੁਝਾਅ ਮਰੀਜ਼ ਨੂੰ ਦੇ ਸਕਣ। ਦੂਰ ਦਰਾਜ਼ ਦੇ ਇਲਾਕਿਆਂ ਵਿੱਚ ਇਸ



ਮਾਮਲੇ ਵਿੱਚ ਖਾਸ ਚਿੰਤਾ ਪ੍ਰਗਟਾਈ ਗਈ ਹੈ। ਅਜਿਹੀਆਂ ਥਾਂਵਾਂ ਜਿੱਥੇ ਤੁਹਾਡੀ ਪਹੁੰਚ ਆਮ ਤੌਰ ਉੱਤੇ ਪ੍ਰਾਇਮਰੀ ਕੇਅਰ ਡਾਕਟਰ ਤੱਕ ਨਹੀਂ ਹੁੰਦੀ ਪਰ ਫਾਰਮਾਸਿਸਟ ਤੱਕ ਪਹੁੰਚ ਹੁੰਦੀ ਹੈ। ਮੂਰ ਨੇ ਆਖਿਆ ਕਿ ਪ੍ਰੋਵਿੰਸ ਭਰ ਦੇ ਕਈ ਮੈਡੀਕਲ ਅਧਿਕਾਰੀਆਂ ਵੱਲੋਂ ਇਹ ਮੁੱਦਾ ਉਠਾਇਆ ਜਾ ਚੁੱਕਿਆ ਹੈ।

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਦਾ ਇੱਕ ਹੱਲ ਦਵਾਈਆਂ ਦੀ ਮਿਕਦਾਰ ਵਿੱਚ ਵਾਧਾ ਕੀਤਾ ਜਾਣਾ ਹੋ ਸਕਦਾ ਹੈ। ਇਸ ਮਾਮਲੇ ਵਿੱਚ ਟਿੱਪਣੀ ਕਰਨ ਲਈ ਸਿਹਤ ਮੰਤਰੀ ਸਿਲਵੀਆ ਜੋਨਜ਼ ਦੇ ਤਰਜ਼ਮਾਨ ਨਾਲ ਸੰਪਰਕ ਨਹੀਂ ਹੋ ਸਕਿਆ। ਓਨਟਾਰੀਓ ਫਾਰਮਾਸਿਸਟ ਐਸੋਸਿਏਸ਼ਨ ਦੇ ਸੀਈਓ ਜਸਟਿਨ ਬੇਟਸ ਨੇ ਆਖਿਆ ਕਿ ਉਨ੍ਹਾਂ ਦੇ ਗਰੁੱਪ ਵੱਲੋਂ ਪ੍ਰੋਵਿੰਸ ਦੇ ਫਾਰਮਾਸਿਸਟਸ ਨੂੰ ਪੈਕਸਲੋਵਿਡ ਪ੍ਰਿਸਕ੍ਰਾਈਬ ਕਰਨ ਦੀ ਖੁੱਲ੍ਹ ਦੇਣ ਲਈ ਜ਼ੋਰ ਲਾਇਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਹੋਰਨਾਂ ਪ੍ਰੋਵਿੰਸਾਂ ਦੇ ਫਾਰਮਾਸਿਸਟਸ ਪਹਿਲਾਂ ਹੀ ਅਜਿਹਾ ਕਰ ਰਹੇ ਹਨ।

## ਬੱਚਿਆਂ ਦੇ ਇਲਾਜ ਲਈ ਵਰਤੀ ਜਾਣ ਵਾਲੀ ਐਂਟੀਬਾਇਓਟਿਕ ਦੀ ਘਾਟ : ਹੈਲਥ ਕੈਨੇਡਾ

ਹੈਲੀਫੈਕਸ, 10 ਨਵੰਬਰ (ਪੋਸਟ ਬਿਊਰੋ) : ਫਾਰਮਾਸਿਸਟਸ ਵੱਲੋਂ ਟਰੀਟਮੈਂਟ ਪਲੈਨਜ਼ ਅਪਣਾਏ ਜਾ ਰਹੇ ਹਨ ਕਿਉਂਕਿ ਕੈਨੇਡਾ ਦੀਆਂ ਕੁੱਝ ਡਰੱਗ ਕੰਪਨੀਆਂ ਵੱਲੋਂ ਬੱਚਿਆਂ ਦਾ ਇਲਾਜ ਕਰਨ ਲਈ ਵਰਤੀਆਂ ਜਾਣ ਵਾਲੀਆਂ ਐਂਟੀਬਾਇਓਟਿਕਸ ਦੀ ਘਾਟ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ।

ਹੈਲਥ ਕੈਨੇਡਾ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਚਾਰ ਫਾਰਮਾਸਿਊਟੀਕਲ ਕੰਪਨੀਆਂ ਵੱਲੋਂ ਉਨ੍ਹਾਂ ਦਵਾਈਆਂ ਦੀ ਘਾਟ ਦੀ ਸ਼ਿਕਾਇਤ ਕੀਤੀ ਜਾ ਰਹੀ ਹੈ ਜਿਨ੍ਹਾਂ ਵਿੱਚ ਐਂਟੀਬਾਇਓਟਿਕ ਐਮੌਕਸੀਲਿਨ ਪਾਇਆ ਜਾਂਦਾ ਹੈ। ਹੈਲੀਫੈਕਸ ਦੇ ਆਈਡਬਲਿਊਕੇ ਚਿਲਡਰਨਜ਼ ਹਸਪਤਾਲ ਦੀ ਕਲੀਨਿਕਲ ਫਾਰਮੇਸੀ ਕੋ-ਆਰਡੀਨੇਟਰ ਤੇ ਫਾਰਮਾਸਿਸਟ ਮਿਲੇਨੀ ਮੈਕਿਨਿਸ ਨੇ ਦੱਸਿਆ ਕਿ



ਬੱਚਿਆਂ ਵਿੱਚ ਜਦੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਨਾ ਹੋਵੇ ਤਾਂ ਐਮੌਕਸੀਲਿਨ ਨੂੰ ਕਈ ਢੰਗ ਨਾਲ ਵਰਤਿਆ ਜਾ ਸਕਦਾ ਹੈ ਤੇ ਇਹ ਕਾਫੀ ਕਾਰਗਰ ਰਹਿੰਦੀ ਹੈ। ਇੱਕ ਇੰਟਰਵਿਊ ਵਿੱਚ ਉਨ੍ਹਾਂ ਦੱਸਿਆ ਕਿ ਕਈ ਤਰ੍ਹਾਂ ਦੀਆਂ ਕਾਮਨ ਇਨਫੈਕਸ਼ਨਜ਼ ਲਈ ਵੀ ਅਸੀਂ ਇਸ ਦੀ ਵਰਤੋਂ ਕਰਦੇ ਹਾਂ ਤੇ ਨਿਮੋਨੀਆ, ਬ੍ਰੌਂਕਾਈਟਿਸ ਤੇ ਕੰਨਾਂ ਦੀ ਇਨਫੈਕਸ਼ਨ ਨੂੰ ਠੀਕ ਕਰਨ ਲਈ ਵੀ ਅਸੀਂ ਇਸ ਦੀ ਵਰਤੋਂ ਕਰਦੇ ਹਾਂ।

ਡਰੱਗ ਕੰਪਨੀਆਂ ਸੈਨਿਸ ਹੈਲਥ, ਐਪਟੈਕਸ, ਜੀਐਸਕੇ ਤੇ ਤੇਵਾ ਕੈਨੇਡਾ ਨੇ ਡਰੱਗਜ਼ ਦੀ ਘਾਟ ਵਾਲੇ ਕੈਨੇਡਾ ਦੇ ਡਾਟਾਬੇਸ ਉੱਤੇ ਐਮੌਕਸੀਲਿਨ ਦੀ ਘਾਟ ਦਰਜ ਕਰਵਾਈ ਹੈ। ਹੈਲਥ ਕੈਨੇਡਾ ਨੇ ਆਖਿਆ ਕਿ ਅੱਠ ਹੋਰ ਅਜਿਹੀਆਂ ਡਰੱਗ ਉਤਪਾਦਕ ਕੰਪਨੀਆਂ ਹਨ ਜਿਹੜੀਆਂ ਐਮੌਕਸੀਲਿਨ ਵਾਲੀਆਂ ਦਵਾਈਆਂ ਤਿਆਰ ਕਰਦੀਆਂ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਦਵਾਈਆਂ ਨੂੰ ਸਪਲਾਈ ਕਰਨ ਵਿੱਚ ਉਨ੍ਹਾਂ ਨੂੰ ਕੋਈ ਦਿੱਕਤ ਨਹੀਂ ਤੇ ਉਨ੍ਹਾਂ ਕੋਲ ਇਨ੍ਹਾਂ ਦਵਾਈਆਂ ਦੀ ਕੋਈ ਘਾਟ ਨਹੀਂ।

ਮੈਕਿਨਿਸ ਨੇ ਆਖਿਆ ਕਿ ਹਸਪਤਾਲ ਇਨਵੈਂਟਰੀ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ ਤੇ ਫਾਰਮਾਸਿਸਟਸ ਵੀ ਇਸ ਦਵਾਈ ਦੀ ਸਪਲਾਈ ਨੂੰ ਮੈਨੇਜ ਕਰਨ ਲਈ ਡਾਕਟਰਾਂ ਨਾਲ ਸਲਾਹ ਕਰਕੇ ਬਦਲਵੇਂ ਪਲੈਨ ਬਣਾ ਰਹੇ ਹਨ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪੌਲੀਏਵਰ ਨੇ ਸਿੱਖ ਕਮਿਊਨਿਟੀ ਨੂੰ ਦਿੱਤੀਆਂ ਮੁਬਾਰਕਾਂ

ਓਟਵਾ, 10 ਨਵੰਬਰ (ਪੋਸਟ ਬਿਊਰੋ) : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਉੱਤੇ ਕੰਜ਼ਰਵੇਟਿਵ ਪਾਰਟੀ ਆਗੂ ਪਿਏਰ ਪੌਲੀਏਵਰ ਵੱਲੋਂ ਸਮੁੱਚੀ ਸਿੱਖ ਕਮਿਊਨਿਟੀ ਨੂੰ ਵਧਾਈਆਂ ਦਿੱਤੀਆਂ ਗਈਆਂ।

ਇਸ ਮੌਕੇ ਜਾਰੀ ਕੀਤੇ ਇੱਕ ਬਿਆਨ ਵਿੱਚ ਉਨ੍ਹਾਂ ਆਖਿਆ ਕਿ ਅੱਜ ਕੈਨੇਡਾ ਤੇ ਦੁਨੀਆ ਭਰ ਦੇ ਸਿੱਖ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਜਸ਼ਨ ਮਨਾ ਰਹੇ ਹਨ। ਉਨ੍ਹਾਂ ਆਖਿਆ ਕਿ ਗੁਰੂ ਨਾਨਕ ਨੇ ਸ਼ਾਂਤੀ, ਫਰਾਖ਼ਦਿਲੀ ਤੇ ਰਹਿਮਦਿਲੀ ਦੀਆਂ ਕਦਰਾਂ ਕੀਮਤਾਂ ਨੂੰ ਅਪਨਾਉਣ ਦਾ ਸੁਨੇਹਾ ਲੋਕਾਂ ਨੂੰ ਦਿੱਤਾ। ਬਚਪਨ ਵਿੱਚ ਵੀ ਗੁਰੂ ਜੀ ਨੇ ਇਹੋ ਸੇਧ ਦਿੱਤੀ ਕਿ ਹੋਰਨਾਂ ਨਾਲ ਰਲ ਮਿਲ ਕੇ ਕਿਵੇਂ ਰਹਿਣਾ ਹੈ। ਉਹ ਸਾਰਿਆਂ ਨੂੰ ਇੱਕ ਨਜ਼ਰ ਨਾਲ ਵੇਖਦੇ ਸਨ। ਉਨ੍ਹਾਂ ਦੀ ਨਿਸਵਾਰਥਤਾ ਤੋਂ ਦੁਨੀਆਂ ਭਰ ਦੇ ਕਈ ਮਿਲੀਅਨ ਸਿੱਖ



ਪ੍ਰਭਾਵਿਤ ਹੋਏ। ਉਨ੍ਹਾਂ ਦੇ ਦੱਸੇ ਮਾਰਗ ਉੱਤੇ ਚੱਲ ਕੇ ਕਈ ਸਿੱਖ ਆਪਣੀਆਂ ਜ਼ਿੰਦਗੀਆਂ ਸੰਵਾਰ ਰਹੇ ਹਨ।

ਅੱਜ ਸਿੱਖ ਭਾਈਚਾਰਾ ਗੁਰੂ ਨਾਨਕ ਵੱਲੋਂ ਦਰਸਾਏ ਮਾਰਗ ਉੱਤੇ ਤੁਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਨ੍ਹਾਂ ਜਸ਼ਨਾਂ ਦਰਮਿਆਨ ਸਿੱਖ ਪਾਠ ਕਰਦੇ ਹਨ, ਕੀਰਤਨ ਕਰਦੇ ਹਨ, ਹਮੇਸ਼ਾਂ ਨਾਮ ਜਪਣ, ਦਸਾਂ ਨੰਹੁਆਂ ਦੀ ਕਮਾਈ ਖਾਣ, ਵੰਡ ਛਕਣ ਵਰਗੀਆਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਣ ਦੀ ਕੋਸ਼ਿਸ਼ ਕਰਦੇ ਹਨ। ਇਸ ਦੌਰਾਨ ਲੰਗਰ ਲਾਏ ਜਾਂਦੇ ਹਨ ਤੇ ਕਮਿਊਨਿਟੀਜ਼ ਨਾਲ ਸਾਂਝ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਅੱਧਾ ਮਿਲੀਅਨ ਸਿੱਖ ਕੈਨੇਡਾ ਵਿੱਚ ਰਹਿੰਦੇ ਹਨ ਤੇ ਦੇਸ਼ ਨੂੰ ਹੋਰ ਸ਼ਾਂਤ ਬਣਾਉਣ ਤੇ ਹਮੇਸ਼ਾਂ ਖੁੱਲ੍ਹ ਕੇ ਦੂਜਿਆਂ ਦਾ ਸਵਾਗਤ ਕਰਨ ਵਾਲੀ ਥਾਂ ਬਣਾਉਣ ਲਈ ਉਪਰਾਲੇ ਕਰਨ ਵਿੱਚ ਰੁੱਝੇ ਰਹਿੰਦੇ ਹਨ। ਉਨ੍ਹਾ ਦੇ ਯੋਗਦਾਨ ਸਦਕਾ ਕੈਨੇਡੀਅਨਜ਼ ਦੀ ਜ਼ਿੰਦਗੀ ਖੁਸ਼ਹਾਲ ਹੋਈ ਹੈ ਤੇ ਉਹ ਹੋਰਨਾਂ ਕਮਿਊਨਿਟੀਜ਼ ਦੀ ਮਦਦ ਕਰਨ ਤੇ ਖੁਸ਼ੀ ਵੰਡਣ ਲਈ ਤਿਆਰ ਰਹਿੰਦੇ ਹਨ। ਅਖੀਰ ਵਿੱਚ ਪੌਲੀਏਵਰ ਨੇ ਆਪਣੇ ਵੱਲੋਂ ਤੇ ਆਪਣੇ ਪਰਿਵਾਰ ਵੱਲੋਂ ਸਾਰਿਆਂ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ ਤੇ ਰਲ ਕੇ ਰਹਿਣ ਦਾ ਸੁਨੇਹਾ ਦਿੱਤਾ।

## ਪੰਜ ਸਾਲ ਤੋਂ ਘੱਟ ਉਮਰ ਦੇ ਸਿਰਫ 7 ਫੀ ਸਦੀ ਬੱਚਿਆਂ ਨੇ ਹੀ ਲਵਾਈ ਹੈ ਕੋਵਿਡ-19 ਵੈਕਸੀਨ

ਓਟਵਾ, 10 ਨਵੰਬਰ (ਪੋਸਟ ਬਿਊਰੋ) : ਹੈਲਥ ਕੈਨੇਡਾ ਵੱਲੋਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੋਵਿਡ-19 ਵੈਕਸੀਨ ਦੇਣ ਦੀ ਮਨਜ਼ੂਰੀ ਦਿੱਤਿਆਂ ਨੂੰ ਭਾਵੇਂ ਚਾਰ ਮਹੀਨਿਆਂ ਤੋਂ ਵੀ ਵੱਧ ਦਾ ਸਮਾਂ ਹੋ ਗਿਆ ਹੈ ਪਰ ਅਜੇ ਤੱਕ ਸਿਰਫ 7 ਫੀ ਸਦੀ ਬੱਚਿਆਂ ਨੂੰ ਹੀ ਇਹ ਵੈਕਸੀਨ ਲਵਾਈ ਗਈ ਹੈ।

ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ 9 ਅਕਤੂਬਰ ਤੱਕ ਪੰਜ ਸਾਲ ਤੋਂ ਘੱਟ ਉਮਰ ਦੇ 6.5 ਫੀ ਸਦੀ ਬੱਚਿਆਂ ਨੂੰ ਇਸ ਵੈਕਸੀਨ ਦੀ ਪਹਿਲੀ ਡੋਜ਼ ਲਾਈ ਗਈ ਸੀ ਜਦਕਿ ਇੱਕ ਫੀ ਸਦੀ ਨੂੰ ਦੂਜੀ ਡੋਜ਼ ਲੱਗ ਚੁੱਕੀ ਹੈ। ਇਸ ਦੇ ਮੁਕਾਬਲੇ ਪੰਜ ਸਾਲ ਤੇ ਇਸ ਤੋਂ ਵੱਧ ਉਮਰ ਦੇ 86.9 ਫੀ ਸਦੀ ਕੈਨੇਡੀਅਨਜ਼ ਨੂੰ ਪਹਿਲੀ ਡੋਜ਼ ਤੇ 84.2 ਫੀ ਸਦੀ ਕੈਨੇਡੀਅਨਜ਼ ਨੂੰ ਦੂਜੀ ਡੋਜ਼ ਲੱਗ ਚੁੱਕੀ ਹੈ। ਯੂਨੀਵਰਸਿਟੀ ਆਫ ਅਲਬਰਟਾ ਦੇ ਨਰਸਿੰਗ ਪ੍ਰੋਫੈਸਰ ਸ਼ੈਨਨ ਮੈਕਡੌਨਲਡ ਨੇ ਆਖਿਆ ਕਿ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੋਵਿਡ-19 ਵੈਕਸੀਨੇਸ਼ਨ ਦੀ ਦਰ ਕਾਫੀ ਘੱਟ ਹੈ।

ਮੈਕਡੌਨਲਡ ਨੇ ਆਖਿਆ ਕਿ ਮਾਪਿਆਂ ਦੀ ਵੱਡੇ ਬੱਚਿਆਂ ਦੇ ਮੁਕਾਬਲੇ ਨਿੱਕੇ ਬੱਚਿਆਂ ਪ੍ਰਤੀ ਪਹੁੰਚ ਵੱਖਰੀ ਹੈ। ਉਨ੍ਹਾਂ ਆਖਿਆ ਕਿ ਅਸੀਂ ਇਹ ਵੇਖਿਆ ਹੈ



ਕਿ ਕੋਵਿਡ ਵੈਕਸੀਨਜ਼ ਬਾਰੇ ਜੋ ਮਾਪਿਆਂ ਦੀ ਪਹੁੰਚ 12 ਸਾਲ ਦੇ ਬੱਚਿਆਂ ਲਈ ਹੈ ਉਹੀ ਪੰਜ ਸਾਲ ਜਾਂ ਢਾਈ ਸਾਲ ਦੇ ਬੱਚਿਆਂ ਨਾਲੋਂ ਵੱਖਰੀ ਰਹੀ ਹੈ। ਇਹ ਵੈਕਸੀਨੇਸ਼ਨ ਕਰਵਾਉਣੀ ਹੈ ਜਾਂ ਨਹੀਂ ਇਹ ਮਾਪਿਆਂ ਦੀ ਚੋਣ ਦੀ ਗੱਲ ਹੈ। ਇਸ ਤੋਂ ਇਲਾਵਾ ਵੱਡੀ ਭੂਮਿਕਾ ਵੈਕਸੀਨ ਤੱਕ ਪਹੁੰਚ ਦੀ ਹੈ। ਉਨ੍ਹਾਂ ਆਖਿਆ ਕਿ ਬੱਚਿਆਂ ਦੀ ਰੁਟੀਨ ਇਮਿਊਨਾਈਜ਼ੇਸ਼ਨ ਆਮ ਤੌਰ ਉੱਤੇ 80 ਫੀ ਸਦੀ ਤੱਕ ਰਹਿੰਦੀ ਹੈ। ਉਨ੍ਹਾਂ ਆਖਿਆ ਕਿ ਕੋਵਿਡ-19 ਵੈਕਸੀਨੇਸ਼ਨ ਨਵੀਂ ਹੋਣ ਕਾਰਨ ਸ਼ਾਇਦ ਇਸ ਨੂੰ ਮਾਪਿਆਂ ਵੱਲੋਂ ਘੱਟ ਰਿਸਪਾਂਸ ਦਿੱਤਾ ਗਿਆ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

SherGill Law Firm
Barrister, Solicitor & Notary Public
Services:
★ Real Estate
★ Residential, Commercial & Franchise
★ Criminal Law
★ Family Law
★ Affidavit, Power Of Attorney & Notarization
★ Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਬੀਸੀ ਵਿੱਚ ਫੈਡਰਲ ਹਮਰੁਤਬਾ ਅਧਿਕਾਰੀ ਨਾਲ ਮੁਲਾਕਾਤ ਕਰਨਗੇ ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਿਹਤ ਮੰਤਰੀ

ਵੈਨਕੂਵਰ, 10 ਨਵੰਬਰ (ਪੋਸਟ ਬਿਊਰੋ) : ਇਸ ਹਫਤੇ ਕੈਨੇਡਾ ਦੇ ਸਿਹਤ ਮੰਤਰੀਆਂ ਵੱਲੋਂ ਬ੍ਰਿਟਿਸ਼ ਕੋਲੰਬੀਆ ਵਿੱਚ ਮੁਲਾਕਾਤ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਹੈਲਥ ਕੇਅਰ ਸਿਸਟਮ ਦੀ ਨਾਜ਼ੁਕ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਚਾਰ ਮਹੀਨੇ ਪਹਿਲਾਂ ਵੀ ਦੇਸ਼ ਭਰ ਦੇ ਸਿਹਤ ਮੰਤਰੀ ਵਿਕਟੋਰੀਆ ਵਿੱਚ ਮੁਲਾਕਾਤ ਕਰ ਚੁੱਕੇ ਹਨ।

ਸਾਰੇ 13 ਪ੍ਰੋਵਿੰਸ਼ੀਅਲ ਤੇ ਟੈਰੇਟੋਰੀਅਲ ਸਿਹਤ ਮੰਤਰੀਆਂ ਵੱਲੋਂ ਅੱਜ ਤੇ ਕੱਲ੍ਹ ਫੈਡਰਲ ਸਿਹਤ ਮੰਤਰੀ ਜੀਨ ਯਵੇਸ ਡਕਲਸ ਨਾਲ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ। ਹੈਲਥ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਮੀਡੀਆ ਐਡਵਾਈਜ਼ਰੀ ਵਿੱਚ ਆਖਿਆ ਗਿਆ ਕਿ 2018 ਤੋਂ ਬਾਅਦ ਅਜਿਹਾ ਪਹਿਲੀ ਵਾਰੀ ਹੋਵੇਗਾ ਕਿ ਸਰਕਾਰ ਦੇ ਵੱਖ ਵੱਖ ਪੱਧਰਾਂ ਤੋਂ ਸਿਹਤ ਮੰਤਰੀ ਇੱਕ-ਦੂਜੇ ਨਾਲ ਵਿਅਕਤੀਗਤ ਤੌਰ ਉੱਤੇ ਮੁਲਾਕਾਤ ਕਰਨਗੇ।

ਕੈਨੇਡਾ ਦੇ ਪ੍ਰੀਮੀਅਰ ਪਿਛਲੇ ਸਾਲ ਜੁਲਾਈ ਵਿੱਚ ਵਿਕਟੋਰੀਆ ਵਿੱਚ ਇੱਕਠੇ ਹੋਏ ਸਨ, ਜਿੱਥੇ ਉਨ੍ਹਾਂ ਵੱਲੋਂ ਫੈਡਰਲ ਸਰਕਾਰ ਨੂੰ ਕੈਨੇਡਾ ਹੈਲਥ ਟਰਾਂਸਫਰ, ਜਿਹੜੀ ਰਕਮ ਹਰ ਅਧਿਕਾਰ ਖੇਤਰ ਨੂੰ ਹੈਲਥ ਕੇਅਰ ਉੱਤੇ ਖਰਚਣ ਲਈ ਮਿਲਦੀ ਹੈ, ਵਿੱਚ



35 ਫੀ ਸਦੀ ਵਾਧਾ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਸਮੇਂ ਉਨ੍ਹਾਂ ਨੂੰ ਇਸ ਮਕਸਦ ਲਈ 22 ਫੀ ਸਦੀ ਰਕਮ ਹੀ ਮਿਲ ਰਹੀ ਹੈ।

ਉਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਹ ਆਖਿਆ ਗਿਆ ਸੀ ਕਿ ਫੈਡਰਲ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਪ੍ਰੋਵਿੰਸਾਂ ਤੇ ਟੈਰੇਟਰੀਜ਼ ਨੂੰ ਦਿੱਤੇ ਜਾਣ ਵਾਲੇ ਕਈ ਬਿਲੀਅਨ ਡਾਲਰ ਕੈਨੇਡੀਅਨਜ਼ ਲਈ ਅਸਲੀ ਤੇ ਬਿਹਤਰੀਨ ਨਤੀਜੇ ਲੈ ਕੇ ਆਉਣ ਤੇ ਉਨ੍ਹਾਂ ਲਈ ਹਸਪਤਾਲਾਂ ਵਿੱਚ ਉਡੀਕ ਦਾ ਸਮਾਂ ਘਟੇ ਤੇ ਬਿਹਤਰੀਨ ਸੇਵਾਵਾਂ ਉਨ੍ਹਾਂ ਨੂੰ ਹਾਸਲ ਹੋਣ।

ਇੱਕ ਵਾਰੀ ਫਿਰ ਪ੍ਰੀਮੀਅਰਜ਼ ਵੱਲੋਂ ਇਸ ਰਕਮ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਇਸ ਵਾਸਤੇ ਕੈਨੇਡਾ ਪੱਧਰ ਉੱਤੇ ਪਿਛਲੇ ਮਹੀਨੇ ਜਾਗਰੂਕਤਾ ਮੁਹਿੰਮ ਵੀ ਲਾਂਚ ਕੀਤੀ ਗਈ।

# ਫੋਰਡ ਵੱਲੋਂ ਕਾਨੂੰਨ ਰੱਦ ਕਰਨ ਦੀ ਕੀਤੀ ਪੇਸ਼ਕਸ਼ ਤੋਂ ਬਾਅਦ ਐਜੂਕੇਸ਼ਨ ਵਰਕਰਜ਼ ਨੇ ਹੜਤਾਲ ਕੀਤੀ ਖ਼ਤਮ

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਐਜੂਕੇਸ਼ਨ ਵਰਕਰਜ਼ ਉੱਤੇ ਕਥਿਤ ਤੌਰ ਉੱਤੇ ਕਾਂਟਰੈਕਟ ਮੜ੍ਹਨ ਵਾਲੇ ਕਾਨੂੰਨ ਨੂੰ ਰੱਦ ਕਰਨ ਦੀ ਕੀਤੀ ਗਈ ਪੇਸ਼ਕਸ਼ ਤੋਂ ਬਾਅਦ ਹੜਤਾਲ ਉੱਤੇ ਗਏ ਹਜ਼ਾਰਾਂ ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਨੇ ਆਖਿਆ ਕਿ ਉਹ ਵੀ ਸਵੇਰ ਤੋਂ ਕੰਮ ਉੱਤੇ ਪਰਤ ਆਉਣਗੇ।

ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ)ਦੀ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਨੇ ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਕਰਕੇ ਆਖਿਆ ਕਿ ਸਾਨੂੰ ਸਾਡੇ ਬਾਰਗੇਨਿੰਗ ਅਧਿਕਾਰ ਵਾਪਿਸ ਮਿਲ ਗਏ ਹਨ। ਅਸੀਂ ਸਵੇਰ ਤੋਂ ਕੰਮ ਉੱਤੇ ਪਰਤ ਆਵਾਂਗੇ।ਸੋਮਵਾਰ ਸਵੇਰੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਸੀ ਕਿ ਉਨ੍ਹਾਂ ਦੀ ਸਰਕਾਰ ਬੈਕ ਟੂ ਵਰਕ ਸਬੰਧੀ ਕਾਨੂੰਨ ਰੱਦ ਕਰਨ ਲਈ ਤਿਆਰ ਹੈ ਤੇ ਨੌਟਵਿਦਸਟੈਂਡਿੰਗ ਕਲਾਜ਼ ਦੀ ਵਰਤੋਂ ਉੱਤੇ ਵੀ ਰੋਕ ਲਾ ਦਿੱਤੀ ਜਾਵੇਗੀ ਬਸ਼ਰਤੇ ਐਜੂਕੇਸ਼ਨ ਵਰਕਰਜ਼ ਦੀ ਯੂਨੀਅਨ ਵੀ ਹੜਤਾਲ ਖ਼ਤਮ ਕਰਨ ਲਈ ਰਾਜ਼ੀ ਹੋਵੇ।



ਇਸ ਦੌਰਾਨ ਯੂਨੀਅਨ ਦੀ ਪ੍ਰਧਾਨ ਵਾਲਟਨ ਨੇ ਆਖਿਆ ਕਿ ਯੂਨੀਅਨ ਵੱਲੋਂ ਸਰਕਾਰ ਉੱਤੇ ਭਰੋਸਾ ਕਰਕੇ ਜਿਹੜਾ ਵਿਸ਼ਵਾਸ ਪ੍ਰਗਟਾਇਆ ਗਿਆ ਹੈ ਆਸ ਕਰਦੇ ਹਾਂ ਕਿ ਗੱਲਬਾਤ ਦੌਰਾਨ ਸਰਕਾਰ ਵੀ ਸਾਡੇ ਉੱਤੇ ਭਰੋਸਾ ਕਰਕੇ ਸਾਡੀਆਂ ਜਾਇਜ਼ ਮੰਗਾਂ ਨੂੰ ਮੰਨੇ। ਉਨ੍ਹਾਂ ਆਖਿਆ ਕਿ ਅਸੀਂ ਹੁਣੇ ਗੱਲਬਾਤ ਲਈ ਤਿਆਰ ਹਾਂ। ਯੂਨੀਅਨ ਅਧਿਕਾਰੀਆਂ ਨੇ ਇਹ ਵੀ ਆਖਿਆ ਕਿ ਉਨ੍ਹਾਂ ਨੂੰ ਲਿਖਤੀ ਤੌਰ ਉੱਤੇ ਪ੍ਰੋਵਿੰਸ ਵੱਲੋਂ ਇਹ ਦਿੱਤਾ ਗਿਆ ਹੈ ਕਿ ਜੇ ਉਹ ਹੜਤਾਲ ਖ਼ਤਮ ਕਰਦੇ ਹਨ ਤਾਂ ਸਰਕਾਰ ਵੀ ਬਿੱਲ 28 ਰੱਦ ਕਰੇਗੀ।

ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਇੱਕ ਬਿਆਨ ਜਾਰੀ ਕਰਕੇ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਕੂਪ ਵੱਲੋਂ ਹੜਤਾਲ ਖ਼ਤਮ ਕਰਨ ਦੀ ਸੂਰਤ ਵਿੱਚ ਸਰਕਾਰ ਵੀ ਬਿੱਲ 28 ਰੱਦ ਕਰ ਦੇਵੇਗੀ। ਕੂਪ ਨੇ ਦੱਸਿਆ ਕਿ ਵਿਚੋਲੇ ਰਾਹੀਂ ਮੰਗਲਵਾਰ ਨੂੰ ਸਵੇਰੇ 10:00 ਵਜੇ ਗੱਲਬਾਤ ਮੁੜ ਸ਼ੁਰੂ ਹੋਵੇਗੀ। ਫੋਰਡ ਨੇ ਟਵੀਟ ਕਰਕੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਹੜਤਾਲ ਖ਼ਤਮ ਹੋ ਗਈ ਹੈ ਤੇ ਹੁਣ ਬੱਚੇ ਪੜ੍ਹਾਈ ਲਈ ਕਲਾਸਾਂ ਵਿੱਚ ਪਰਤ ਸਕਣਗੇ। ਉਨ੍ਹਾਂ ਇਹ ਵੀ ਆਖਿਆ ਕਿ ਅਸੀਂ ਵਿਦਿਆਰਥੀਆਂ, ਮਾਪਿਆਂ, ਵਰਕਰਜ਼ ਤੇ ਟੈਕਸਦਾਤਾਵਾਂ ਲਈ ਇੱਕ ਵਾਰੀ ਫਿਰ ਐਜੂਕੇਸ਼ਨ ਵਰਕਰਜ਼ ਨਾਲ ਗੱਲਬਾਤ ਲਈ ਪਰਤਾਂਗੇ।

# ਚਿਲਡਰਨ ਏਡ ਸੁਸਾਇਟੀ ਨੂੰ 250,000 ਡਾਲਰ ਦਾ ਚੂਨਾ ਲਾਉਣ ਵਾਲੇ ਦੋ ਵਿਅਕਤੀ ਗ੍ਰਿਫਤਾਰ

ਓਨਟਾਰੀਓ, 10 ਬਿਊਰੋ) : ਪੀਲ ਚਿਲਡਰਨਜ਼ ਏਡ ਸੁਸਾਇਟੀ (ਕੈਸ) ਦੇ ਦੋ ਮੁਲਾਜ਼ਮਾਂ ਵੱਲੋਂ ਆਪਣੀ ਹੀ ਸੁਸਾਇਟੀ ਨੂੰ 250,000 ਡਾਲਰ ਦਾ ਚੂਨਾ ਲਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਇੱਕ ਨਿਊਜ਼ ਰਲੀਜ਼ ਵਿੱਚ ਪੀਲ ਰੀਜਨਲ ਪੁਲਿਸ ਨੇ ਆਖਿਆ ਕਿ ਉਨ੍ਹਾਂ ਦੇ ਫਰੌਡ ਬਿਊਰੋ ਦੇ ਜਾਂਚਕਾਰਾਂ ਵੱਲੋਂ ਇਸ ਸੁਸਾਇਟੀ ਦੇ ਦੋ ਸਾਬਕਾ ਮੁਲਾਜ਼ਮਾਂ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ। ਜਾਂਚਕਾਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਥਿਤ ਪਰਚੇਜ ਅਤੇ ਰੀਇੰਬਰਸਮੈਂਟ ਸਕੀਮ ਦੇ ਸਬੰਧ ਵਿੱਚ ਕਈ ਚਾਰਜਿਜ਼ ਲਾਏ ਗਏ ਹਨ। ਪੀਲ ਕੈਸ ਵਿਖੇ ਜੁਲਾਈ 2022 ਵਿੱਚ ਅੰਤਰਿਮ ਮੁਲਾਂਕਣ ਤੋਂ ਬਾਅਦ ਕ੍ਰਿਮੀਨਲ ਜਾਂਚ ਸ਼ੁਰੂ ਕੀਤੀ ਗਈ। ਇਸ ਮੁਲਾਂਕਣ ਮਗਰੋਂ ਆਰਗੇਨਾਈਜ਼ੇਸ਼ਨ ਦੇ ਦੋ ਮੁਲਾਜ਼ਮਾਂ ਨੂੰ ਨੌਕਰੀ ਤੋਂ ਹਟਾਅ ਦਿੱਤਾ ਗਿਆ।ਇਨ੍ਹਾਂ ਦੋਵਾਂ ਉੱਤੇ ਆਰਗੇਨਾਈਜ਼ੇਸ਼ਨ ਨਾਲ ਘਪਲਾ ਕਰਨ ਦਾ ਦੋਸ਼ ਲਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਵਿੱਚ ਪਾਇਆ ਗਿਆ ਕਿ



ਇਨ੍ਹਾਂ ਦੋਵਾਂ ਮਸ਼ਕੂਕਾਂ ਨੇ ਰਲ ਕੇ ਆਰਗੇਨਾਈਜ਼ੇਸ਼ਨ ਨੂੰ 250,000 ਡਾਲਰ ਦਾ ਚੂਨਾ ਲਾਇਆ।ਇਸ ਦੇ ਨਤੀਜੇ ਵਜੋਂ ਪੁਲਿਸ ਨੇ ਸੋਮਵਾਰ ਨੂੰ ਐਨਕਾਸਟਰ, ਓਨਟਾਰੀਓ ਦੇ 43 ਸਾਲਾ ਮੈਰੀਨੋਕੇਡਰ ਤੇ ਐਕਟਨ, ਓਨਟਾਰੀਓ ਦੇ 46 ਸਾਲਾ ਆਂਦਰੇ ਪਾਲ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ।ਕੇਡਰ ਪੀਲ ਕੈਸ ਵਿਖੇ ਫਾਇਨਾਂਸ, ਪ੍ਰਾਪਰਟੀ ਤੇ ਇਨਫਰਮੇਸ਼ਨ ਤਕਨਾਲੋਜੀ ਦਾ ਸਾਬਕਾ ਡਾਇਰੈਕਟਰ ਸੀ ਤੇ ਪਾਲ ਸਾਬਕਾ ਪ੍ਰਾਪਰਟੀ ਮੇਨਟੇਨੈਂਸ ਕੋਆਰਡੀਨੇਟਰ ਸੀ।ਕੇਡਰ ਉੱਤੇ 5,000 ਡਾਲਰ ਤੋਂ ਵੱਧ ਦਾ ਫਰਾਡ ਕਰਨ ਦੇ ਸੱਤ ਚਾਰਜਿਜ਼ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਸਬੰਧੀ ਪੰਜ ਚਾਰਜਿਜ਼ ਲਾਏ ਗਏ ਹਨ। ਜਾਅਲੀ ਦਸਤਾਵੇਜ਼ ਤਿਆਰ ਕਰਨ ਲਈ ਪਾਲ ਖਿਲਾਫ ਤਿੰਨ ਚਾਰਜਿਜ਼ ਲਾਏ ਗਏ ਹਨ। ਦੋਵਾਂ ਨੂੰ 2 ਜਨਵਰੀ ਨੂੰ ਬਰੈਂਪਟਨ, ਓਨਟਾਰੀਓ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਬੱਚਿਆਂ ਦੀਆਂ ਦਵਾਈਆਂ ਦੀ ਘਾਟ ਨੂੰ ਪੂਰਾ ਕਰਨ ਲਈ ਬਦਲ ਤਲਾਸ਼ ਰਹੀਆਂ ਹਨ ਫਾਰਮੇਸੀਜ਼

ਓਟਵਾ, 10 ਨਵੰਬਰ (ਪੋਸਟ ਬਿਊਰੋ) : ਦੇਸ਼ ਭਰ ਵਿੱਚ ਬੱਚਿਆਂ ਦੀਆਂ ਸਾਹ ਸਬੰਧੀ ਫੈਲੀਆਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਫਾਰਮੇਸੀਜ਼ ਬੱਚਿਆਂ ਦੀਆਂ ਦਵਾਈਆਂ ਦੇ ਬਦਲ ਤਲਾਸ਼ ਰਹੀਆਂ ਹਨ।

ਗਰਮੀਆ ਤੋਂ ਹੀ ਲਿਕੁਇਡ ਟਾਇਨੌਲ ਤੇ ਹੋਰ ਦਵਾਈਆਂ ਦੀ ਸਪਲਾਈ ਵਿੱਚ ਘਾਟ ਪਾਈ ਜਾ ਰਹੀ ਹੈ। ਇਹ ਘਾਟ ਨਵ ਜੰਮੇਂ ਬੱਚਿਆਂ ਤੇ ਵੱਡੇ ਬੱਚਿਆਂ ਲਈ ਐਸੇਟਾਮਿਨੋਫੈਨ ਤੇ ਇਬੁਪ੍ਰੋਫਨ ਉਤਪਾਦਾਂ ਦੀ ਮੰਗ ਵਿੱਚ ਹੋਏ ਵਾਧੇ ਕਾਰਨ ਪਾਈ ਜਾ ਰਹੀ ਹੈ। ਕਈ ਫਾਰਮਾਸਿਸਟਸ ਨੂੰ ਬੱਚਿਆਂ ਦੀਆਂ ਦਰਦ ਨਿਵਾਰਕ ਦਵਾਈਆਂ ਕੱਚੇ ਉਤਪਾਦਾਂ ਨੂੰ ਰਲਾ ਕੇ ਲਿਕੁਇਡ ਦੇ ਰੂਪ ਵਿੱਚ ਤਿਆਰ ਕਰਨੀਆਂ ਪੈ ਰਹੀਆਂ ਹਨ। ਪਿਛਲੇ ਚਾਰ ਮਹੀਨਿਆਂ ਤੋਂ ਟੋਰਾਂਟੋ ਵਿੱਚ ਬੀਚਿਜ਼ ਫਾਰਮੇਸੀ ਨੂੰ ਬੱਚਿਆਂ ਦੀ ਟਾਇਨੌਲ ਜਾਂ ਐਡਵਿਲ ਦੀ ਕੋਈ ਸਪਲਾਈ ਹਾਸਲ ਨਹੀਂ ਹੋਈ ਹੈ। ਫਾਰਮਾਸਿਸਟ ਕਾਇਰੋ ਮਾਸੇਹ ਨੇ ਦੱਸਿਆ ਕਿ ਉਸ ਸਮੇਂ ਬਹੁਤ ਤਕਲੀਫ ਹੁੰਦੀ ਹੈ ਜਦੋਂ



ਕੋਈ ਨਾ ਕੋਈ ਮਾਪੇ ਹਰ 15 ਮਿੰਟ ਬਾਅਦ ਬੱਚਿਆਂ ਦੀ ਦਵਾਈ ਲੱਭਦੇ ਹੋਏ ਸਾਡੇ ਕੋਲ ਆਉਂਦੇ ਹਨ ਤੇ ਸਾਨੂੰ ਕਾਲ ਕਰਦੇ ਹਨ ਪਰ ਸਾਡੇ ਕੋਲ ਦਵਾਈ ਨਾ ਹੋਣ ਕਾਰਨ ਉਨ੍ਹਾਂ ਨੂੰ ਜਵਾਬ ਦੇਣਾ ਪੈਂਦਾ ਹੈ।ਓਨਟਾਰੀਓ ਫਾਰਮਾਸਿਸਟ ਐਸੋਸਿਏਸ਼ਨ ਦੇ ਸੀਈਓ ਜਸਟਿਨ ਬੇਟਸ ਨੇ ਆਖਿਆ ਕਿ ਕਿਸੇ ਦਵਾਈ ਦੀ ਸਾਲਾਨਾ ਖਪਤ ਦੇ ਹਿਸਾਬ ਨਾਲ ਉਤਪਾਦਕ ਕਿਸੇ ਦਵਾਈ ਨੂੰ ਤਿਆਰ ਕਰਦੇ ਹਨ ਪਰ ਇਸ ਸਾਲ ਤਾਂ ਆਮ ਵਰਤੋਂ ਵਾਲੀਆਂ ਦਵਾਈਆਂ ਦੀ ਮੰਗ ਐਨੀ ਜ਼ਿਆਦਾ ਹੈ ਕਿ ਸਪਲਾਈ ਪੂਰੀ ਕਰਨੀ ਔਖੀ ਹੋਈ ਪਈ ਹੈ।

ਬੇਟਸ ਨੇ ਆਖਿਆ ਕਿ ਕੈਨੇਡਾ ਦੀ ਸਪਲਾਈ ਚੇਨ ਇਸ ਘਾਟ ਨੂੰ ਪੂਰਾ ਕਰਨ ਲਈ ਦਿਨ ਰਾਤ ਕੰਮ ਕਰ ਰਹੀ ਹੈ ਤੇ ਇਸ ਲਈ 35 ਫੀ ਸਦੀ ਤੱਕ ਉਤਪਾਦਨ ਵੀ ਵਧਾ ਦਿੱਤਾ ਗਿਆ ਹੈ ਪਰ ਅਜੇ ਵੀ ਇਸ ਘਾਟ ਨੂੰ ਪੂਰਾ ਕਰਨ ਲਈ ਹੋਰ ਮਾਪਦੰਡ ਅਪਣਾਏ ਜਾਣ ਦੀ ਲੋੜ ਹੈ। ਉਨ੍ਹਾਂ ਇਹ ਵੀ ਆਖਿਆ ਕਿ ਇਸ ਤਰ੍ਹਾਂ ਦੀ ਸਥਿਤੀ ਵਿੱਚ ਹੈਲਥ ਕੈਨੇਡਾ ਨੂੰ ਅਮਰੀਕਾ ਤੋਂ ਬੱਚਿਆਂ ਦੀ ਐਡਵਿਲ ਤੇ ਟਾਇਨੌਲ ਇੰਪੋਰਟ ਕਰਨ ਦੀ ਖੁੱਲ੍ਹ ਦਿੱਤੀ ਜਾਣੀ ਚਾਹੀਦੀ ਹੈ।

# ਅਮਰੀਕਾ ਵਿਚ ਮਹਿੰਗਾਈ ਕਾਰਨ ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਦੀ ਗਿਣਤੀ ਵਿਚ ਹੋਈ ਭਾਰੀ ਕਮੀ

ਸੈਕਰਾਮੈਂਟੋ, 10 ਨਵੰਬਰ (ਹੁਸਨ ਲੜੋਆ ਬੰਗਾ): ਅਮਰੀਕਾ ਵਿਚ ਘਰਾਂ ਦੀਆਂ ਅਸਮਾਨ ਨੂੰ ਛੂੰਹ ਰਹੀਆਂ ਕੀਮਤਾਂ ਤੇ ਉੱਚ ਵਿਆਜ ਦਰਾਂ ਕਾਰਨ ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਦੀ ਗਿਣਤੀ ਵਿਚ ਭਾਰੀ ਕਮੀ ਆਈ ਹੈ। ਨੈਸ਼ਨਲ ਐਸੋਸੀਏਸ਼ਨ ਆਫ ਰੀਐਲਟਰਜ ਦੀ ਨਵੀਂ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਰਿਪੋਰਟ ਅਨੁਸਾਰ ਘਰ ਖ੍ਰੀਦਣ ਵਾਲਿਆਂ ਵਿਚ ਵਧ ਉਮਰ ਦੇ ਲੋਕ ਵਧੇਰੇ ਸ਼ਾਮਿਲ ਹਨ ਜਦ ਕਿ ਨੌਜਵਾਨਾਂ ਵਿਚ ਘਰ ਖ੍ਰੀਦਣ ਲਈ ਸਮਰੱਥਾ ਨਹੀਂ ਹੈ। ਨੌਜਵਾਨਾਂ ਨੂੰ ਘਰ ਖ੍ਰੀਦਣ ਦਾ ਸੁਪਨਾ ਪੂਰਾ ਕਰਨ ਲਈ ਲੰਬੀ ਉਡੀਕ ਕਰਨੀ ਪਵੇਗੀ। ਰਿਪੋਰਟ ਅਨੁਸਾਰ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਦੀ ਗਿਣਤੀ ਕੇਵਲ 26% ਹੈ ਜੋ ਪਿਛਲੇ ਸਾਲ ਦੀ ਤੁਲਨਾ ਵਿਚ 34% ਘੱਟ ਹਨ। ਘਰ ਖ੍ਰੀਦਣ ਤੇ ਵੇਚਣ ਵਾਲਿਆਂ ਸਬੰਧੀ ਤਿਆਰ ਇਸ ਰਿਪੋਰਟ ਅਨੁਸਾਰ ਪਿਛਲੇ 41 ਸਾਲਾਂ ਦੌਰਾਨ ਪਹਿਲੀ ਵਾਰ ਏਨੀ ਵੱਡੀ ਪੱਧਰ ਉਪਰ ਪਹਿਲੀ ਵਾਰ ਘਰ ਖ੍ਰੀਦਣ ਵਾਲੇ ਲੋਕ ਘਟੇ ਹਨ। ਪਿਛਲੇ ਇਕ ਦਹਾਕੇ ਦੌਰਾਨ ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਦੀ ਪ੍ਰਤੀਸ਼ਤ 30 ਤੋਂ 40 % ਦੇ ਵਿਚਕਾਰ ਸੀ ਜਦ ਕਿ 2009 ਵਿਚ ਇਹ ਸਭ ਤੋਂ ਵਧ 50 ਪ੍ਰਤੀਸ਼ਤ ਸਨ। ਪਹਿਲੀ ਵਾਰ ਘਰ ਖ੍ਰੀਦਣ ਵਾਲੇ ਲੋਕਾਂ ਦੀ ਉਮਰ ਵੀ ਵਧ ਕੇ 36 ਸਾਲ ਹੋ ਗਈ ਹੈ ਜੋ ਕਿ ਪਿਛਲੇ ਸਾਲ 33 ਸਾਲ ਸੀ। ਇਸੇ ਤਰਾਂ ਹੀ ਵਧ ਉਮਰ ਦੇ ਘਰ ਖ੍ਰੀਦਣ ਵਾਲੇ ਲੋਕਾਂ ਦੀ ਉਮਰ ਵੀ 56 ਸਾਲ ਤੋਂ ਵਧ ਕੇ 59 ਸਾਲ ਹੋ ਗਈ ਹੈ। ਰਿਪੋਰਟ ਅਨੁਸਾਰ ਇਸ ਦਾ ਕਾਰਨ ਕੀਮਤਾਂ ਵਿਚ ਵਾਧਾ ਹੋਣਾ ਤੇ ਲੋਕਾਂ ਦੀ ਆਮਦਨ ਘਟਣਾ ਹੈ। ਘਰ ਖ੍ਰੀਦਣ ਵਾਲੇ ਦਰਮਿਆਨੇ ਵਰਗ ਦੇ ਲੋਕਾਂ ਦੀ ਆਮਦਨੀ ਜੂਨ 2022 ਨੂੰ ਖਤਮ ਹੋਏ ਸਾਲ ਦੌਰਾਨ ਘਟ ਕੇ 71000 ਡਾਲਰ ਸਲਾਨਾ ਰਹਿ ਗਈ ਹੈ ਜੋ ਕਿ ਇਸ ਤੋਂ ਪਹਿਲੇ ਸਾਲ ਦੌਰਾਨ 86000 ਡਾਲਰ ਸੀ। ਇਸੇ ਤਰਾਂ ਵਧ ਉਮਰ ਘਰ ਖ੍ਰੀਦਣ ਵਾਲੇ ਵਿਅਕਤੀਆਂ ਦੀ ਆਮਦਨੀ 1,12,500 ਡਾਲਰ ਸਲਾਨਾ ਤੋਂ ਘਟ ਕੇ 96000 ਡਾਲਰ ਸਲਾਨਾ ਰਹਿ ਗਈ ਹੈ। ਘੱਟ ਉਮਰ ਵਾਲੇ ਲੋਕ ਆਪਣੀ ਆਮਦਨੀ ਦਾ ਵੱਡਾ ਹਿੱਸਾ ਮਕਾਨ ਦਾ ਕਿਰਾਇਆ ਦੇਣ, ਬੱਚਿਆਂ ਨੂੰ ਪੜਾਉਣ ਲਈ ਲਿਆ ਕਰਜਾ ਵਾਪਿਸ ਕਰਨ, ਬੱਚਿਆਂ ਦੀ ਸਾਂਭ ਸੰਭਾਲ ਤੇ ਹੋਰ ਫੁੱਟਕਲ ਖਰਚਿਆਂ ਉਪਰ ਖਰਚ ਕਰ ਰਹੇ ਹਨ। ਇਸ ਤੋਂ ਇਲਾਵਾ ਵਧੀਆਂ ਘਰਾਂ ਦੀਆਂ ਕੀਮਤਾਂ ਤੇ ਵਿਆਜ ਦਰਾਂ ਵੀ ਉਨਾਂ ਵੱਲੋਂ ਘਰ ਖ੍ਰੀਦਣ ਦੇ ਰਾਹ ਵਿਚ ਅੜਿਕਾ ਬਣ ਰਹੀਆਂ ਹਨ।



ਸਮੂਹ ਸੰਗਤਾਂ ਦੇ ਚਰਨਾ ਵਿਚ ਸਨਿਮਰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਗੁਰੂ ਨਾਨਕ ਨਿਸ਼ਕਾਮ ਸੇਵਾ ਸੈਂਟਰ 12356 ਬਰੈਮਲੀ ਰੋਡ ਉਤੇ ਸਥਿਤ ਹੈ। ਸਵੇਰ ਸ਼ਾਮ ਗੁਰਬਾਣੀ ਕੀਰਤਨ ਦੇ ਪ੍ਰਵਾਹ ਚੱਲਦੇ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਆਨੰਦਪੁਰ ਸਾਹਿਬ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੀਰਤਨੀ ਜਥਾ ਭਾਈ ਸਾਹਿਬ ਭਾਈ ਜਸਪ੍ਰੀਤ ਸਿੰਘ ਜੀ, ਭਾਈ ਸਾਹਿਬ ਭਾਈ ਸਿਮਰਨਜੀਤ ਸਿੰਘ ਜੀ, ਭਾਈ ਸਾਹਿਬ ਭਾਈ ਰਣਬੀਰ ਸਿੰਘ ਜੀ ਸਵੇਰੇ-ਸ਼ਾਮ ਕੀਰਤਨ ਦੀ ਸੇਵਾ ਨਿਭਾਅ ਰਹੇ ਹਨ। ਰੋਜ਼ਾਨਾ ਦੇ ਪ੍ਰੋਗਰਾਮ ਅਨੁਸਾਰ ਨਿਤਨੇਮ ਸਵੇਰੇ ਛੇ ਵਜੇ ਤੋਂ ਸੱਤ ਵਜੇ ਤੱਕ, ਆਸਾ ਦੀ ਵਾਰ ਸੱਤ ਤੋਂ ਸਾਢੇ ਅੱਠ ਵਜੇ ਤੱਕ, ਕਥਾ ਸਾਢੇ ਅੱਠ ਤੋਂ ਨੌਂ ਵਜੇ ਤੱਕ। ਉਥੇ ਹੀ ਸ਼ਾਮ ਦੇ ਪ੍ਰੋਗਰਾਮ ਅਨੁਸਾਰ ਸੋਦਰ ਦੀ ਚੌਕੀ ਸਾਢੇ ਪੰਜ ਤੋਂ ਛੇ ਵਜੇ ਤੱਕ, ਰਹਿਰਾਸ ਸਾਹਿਬ ਛੇ ਤੋਂ ਸਾਢੇ ਛੇ ਤੱਕ ਅਤੇ ਕੀਰਤਨ ਦੀ ਸਾਢੇ ਛੇ ਤੋਂ ਅੱਠ ਵਜੇ ਦੀ ਸਮਾਪਤੀ ਹੈ।

ਸੋ, ਸੰਗਤਾਂ ਨੂੰ ਬੇਨਤੀ ਹੈ ਕਿ ਆਓ ਅਤੇ ਧੁਰ ਕੀ ਬਾਣੀ ਸੁਣ ਕੇ ਆਪਣਾ ਜੀਵਨ ਸਫਲਾ ਕਰੋ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਿਹ।

# ਸੜਕ ਦੁਰਘਟਨਾਵਾਂ ਤੇ ਠੱਲ੍ਹ ਪਾਉਣ ਲਈ ਗਊਸ਼ਾਲਾ ਵਿਚ ਭੇਜੇ ਜਾਣਗੇ ਅਵਾਰਾ ਪਸ਼ੂ : ਡਿਪਟੀ ਕਮਿਸ਼ਨਰ

ਫ਼ਰੀਦਕੋਟ, 10 ਨਵੰਬਰ (ਗਿਆਨ ਸਿੰਘ ): ਅਵਾਰਾ ਤੇ ਬੇਸਹਾਰਾ ਪਸ਼ੂਆਂ ਦੀ ਸੰਭਾਲ ਅਤੇ ਹੋਣ ਵਾਲੀਆਂ ਸੜਕ ਦੁਰਘਟਨਾਵਾਂ ਨੂੰ ਠੱਲ੍ਹ ਪਾਉਣ ਦੇ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚ ਸਥਿਤ ਵੱਖ ਵੱਖ ਗਊਸ਼ਾਲਾਵਾਂ ਵਿੱਚ ਭੇਜਿਆ ਜਾਵੇਗਾ, ਜਿਸ ਦੇ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ ਨੇ ਦੱਸਿਆ ਕਿ ਅਵਾਰਾ ਪਸ਼ੂਆਂ ਦੇ ਨਾਲ ਜਿਥੇ ਸੜਕਾਂ ਤੇ ਦੁਰਘਟਨਾਵਾਂ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ, ਉਥੇ ਇਨ੍ਹਾਂ ਦੀ ਸਾਂਭ ਸੰਭਾਲ ਵੀ ਨਹੀਂ ਹੋ ਪਾਉਂਦੀ। ਇਸ ਦੇ ਮੱਦੇਨਜ਼ਰ ਪਿੰਡ ਬੀੜ ਸਿੱਖਾਂ ਵਾਲਾ ਵਿਖੇ ਸਥਿਤ ਗਊਸ਼ਾਲਾ ਦੇ ਸੰਚਾਲਕ ਬਾਬਾ ਮਲਕੀਤ ਦਾਸ ਜੀ ਨਾਲ ਗੱਲਬਾਤ ਕਰਕੇ ਅਵਾਰਾ ਤੇ ਬੇਸਹਾਰਾ ਪਸ਼ੂਆਂ ਨੂੰ ਭੇਜਣ ਸਬੰਧੀ ਯੋਜਨਾ ਬਣਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਗਊਸ਼ਾਲਾ ਦੇ ਵਿੱਚ ਪਹਿਲਾਂ ਵੀ ਕਾਫੀ ਪਸ਼ੂ ਰੱਖੇ ਗਏ ਹਨ। ਜਿਨ੍ਹਾਂ ਦੀ ਦੇਖਭਾਲ ਪ੍ਰਬੰਧਕਾਂ ਵੱਲੋਂ ਸਹੀ ਢੰਗ ਨਾਲ ਕੀਤੀ ਜਾ ਰਹੀ ਹੈ । ਗਊਸ਼ਾਲਾ ਦੇ ਪ੍ਰਬੰਧਕਾਂ ਵੱਲੋਂ ਪਸ਼ੂਆਂ ਦੀ ਦੇਖਭਾਲ ਲਈ ਡਾਕਟਰਜ਼ ਭੇਜਣ ਸਬੰਧੀ ਬੇਨਤੀ ਕੀਤੀ ਗਈ ਸੀ ਇਸ ਸਬੰਧੀ ਸਬੰਧਤ ਵਿਭਾਗ ਨੂੰ ਪਸ਼ੂਆਂ ਦੀ ਦੇਖਭਾਲ ਦੇ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕਰਨ ਲਈ ਕਿਹਾ ਗਿਆ ਹੈ। ਇਸ ਤੋਂ ਇਲਾਵਾ ਸਰਕਾਰੀ ਗਊਸ਼ਾਲਾ ਗੋਲੇਵਾਲਾ ਵਿਖੇ ਵੀ ਅਵਾਰਾ ਪਸ਼ੂਆਂ ਨੂੰ ਭੇਜਿਆ ਜਾਵੇਗਾ ਤਾਂ ਜੋ ਉਨ੍ਹਾਂ ਦੀ ਚੰਗੀ ਤਰ੍ਹਾਂ ਨਾਲ ਦੇਖਭਾਲ ਹੋ ਸਕੇ। ਉਨ੍ਹਾਂ ਨੇ ਅਪੀਲ ਕਰਦਿਆਂ ਕਿਹਾ ਕਿ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਸੜਕਾਂ ਤੇ ਖੁੱਲਾ ਨਾ ਛੱਡਣ ਅਤੇ ਆਪਣੇ ਪਸ਼ੂਆਂ ਦੀ ਦੇਖਭਾਲ ਖੁਦ ਕਰਨ।

ਇਸ ਮੌਕੇ ਐਸ.ਡੀ.ਐਮ ਮੈਡਮ ਬਲਜੀਤ ਕੌਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# 12 ਨਵੰਬਰ ਨੂੰ ਫਿਰੋਜ਼ਪੁਰ, ਜੀਰਾ ਅਤੇ ਗੁਰੂਹਰਸਹਾਏ ਲੱਗੇਗੀ ਕੌਮੀ ਲੋਕ ਅਦਾਲਤ

ਫਿਰੋਜ਼ਪੁਰ, 10 ਨਵੰਬਰ (ਗਿਆਨ ਸਿੰਘ): ਜ਼ਿਲ੍ਹਾ ਕਾਨੂੰਨੀ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 12 ਨਵੰਬਰ 2022 ਨੂੰ ਲਗਾਈ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਸ੍ਰੀ ਵੀਰਇੰਦਰ ਅਗਰਵਾਲ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਸੰਗੀਨ ਫੌਜਦਾਰੀ ਦੇ ਕੇਸਾਂ ਨੂੰ ਛੱਡ ਕੇ ਬਾਕੀ ਹਰ ਤਰ੍ਹਾਂ ਦੇ ਕੇਸ ਇਸ ਅਦਾਲਤ ਵਿੱਚ ਲਗਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਘਰੇਲੂ ਝਗੜੇ, ਪਾਣੀ ਦੇ ਬਿੱਲ ਦੇ ਕੇਸ, ਚੈਕ ਬਾਊਂਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਂਟ ਕਲੇਮ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਤ ਝਗੜੇ, ਟ੍ਰੈਫ਼ਿਕ ਚਲਾਨ, ਲੇਬਰ ਝਗੜੇ, ਬਿਜਲੀ ਦੇ ਬਿੱਲ ਦੇ ਕੇਸ ਅਤੇ ਬੈਂਕਾਂ ਦੇ ਕੇਸ ਆਦਿ ਨੂੰ ਆਪਸੀ ਸਹਿਮਤੀ ਅਤੇ ਰਜ਼ਾਮੰਦੀ ਨਾਲ ਨਿਪਟਾਉਣ ਲਈ ਸੁਣਿਆ ਜਾਵੇਗਾ।ਇਹ ਲੋਕ ਅਦਾਲਤ ਜ਼ਿਲ੍ਹੇ ਦੀਆਂ ਅਦਾਲਤਾਂ ਫਿਰੋਜ਼ਪੁਰ, ਜ਼ੀਰਾ ਅਤੇ ਗੁਰੂਹਰਸਹਾਏ ਵਿੱਚ ਲਗਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਦਾਲਤਾਂ ਵਿੱਚ ਲੰਬਿਤ ਕੇਸਾਂ ਨੂੰ ਕੌਮੀ ਲੋਕ ਅਦਾਲਤ ਵਿੱਚ ਲਗਾਉਣ ਲਈ ਸਬੰਧਿਤ ਅਦਾਲਤ ਦੇ ਜੱਜ ਅਤੇ ਜਿਹੜੇ ਝਗੜੇ-ਵਿਵਾਦ ਅਦਾਲਤਾਂ ਵਿੱਚ ਲੰਬਿਤ ਨਹੀ ਹਨ, ਸਬੰਧੀ ਦਰਖਾਸਤ ਸਾਦੇ ਕਾਗਜ਼ 'ਤੇ ਲਿਖ ਕੇ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਪੇਸ਼ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਦੇ ਫੈਸਲੇ ਨੂੰ ਦੀਵਾਨੀ ਅਦਾਲਤ ਦੀ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਅਤੇ ਫੈਸਲੇ ਦੇ ਖਿਲਾਫ ਕੋਈ ਅਪੀਲ ਨਹੀ ਹੋ ਸਕਦੀ। ਇਸ ਦੇ ਫੈਸਲੇ ਅੰਤਿਮ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਫੈਸਲਾ ਹੋਣ ਉਪਰੰਤ ਕੇਸ ਵਿੱਚ ਲੱਗੀ ਸਾਰੀ ਕੋਰਟ ਫ਼ੀਸ ਵੀ ਵਾਪਸ ਮਿਲ ਜਾਦੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

ਅਵਾਹੁ ਸਜਨਾ ਹਉ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation



214-7895 Tranmere Drive, Mississauga ON L5S 1V9

# ਕਲੀਵਵਿਊ ਸੀਨੀਅਰਜ਼ ਕਲੱਬ ਵੱਲੋਂ ਇਸ ਮੌਸਮ ਦੇ ਸਾਰੇ ਤਿਉਹਾਰਾਂ ਦੇ ਨਾਂ ਸਾਂਝਾ ਪ੍ਰੋਗਰਾਮ







ਬਰੈਂਪਟਨ: (ਡਾ. ਬਲਜਿੰਦਰ ਸਿੰਘ ਸੇਖੋਂ) ਬੀਤੇ ਬੁਧਵਾਰ ਬਰੈਂਪਟਨ ਦੇ ਕਲੀਵਵਿਊ ਸੀਨੀਅਰਜ਼ ਕਲੱਬ ਵਲੋਂ ਮਾਊਂਟ ਪਲੀਜ਼ੈਂਟ ਲਾਇਬਰੇਰੀ ਦੇ ਹਾਲ ਵਿਚ ਦਿਵਾਲੀ, ਬੰਦੀ ਛੋੜ ਦਿਵਸ, ਵਿਸ਼ਕਰਮਾ ਦਿਵਸ ਤੇ ਹੈਲੋਵੀਨ ਮਨਾਉਣ ਲਈ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ। ਇਸ ਵਿਚ ਸਭਿਆਚਾਰਕ ਪ੍ਰੋਗਰਾਮ ਦੇ ਨਾਲ ਨਾਲ ਖਾਣ ਪੀਣ ਦਾ ਵੀ ਵੱਧੀਆ ਇੰਤਜ਼ਾਮ ਸੀ। ਇਸ ਨੂੰ ਸਿਖਿਆਦਾਇਕ ਬਣਾਉਣ ਵਿਚ ਪੰਜਾਬੀ ਕਮਿਊਨਿਟੀ ਸਿਹਤ ਸੇਵਾਵਾਂ ਤੋਂ ਆਏ ਮਾਹਿਰਾਂ ਨੇ ਸ਼ੂਗਰ ਬਿਮਾਰੀ ਬਾਰੇ ਵਧੀਆ ਜਾਣਕਾਰੀ ਦੇ ਕੇ ਵਿਸ਼ੇਸ਼ ਯੋਗਦਾਨ ਪਾਇਆ। ਲੈਕਚਰ, ਗੀਤਾਂ, ਕਵਿਤਾਵਾਂ ਅਤੇ ਔਰਤਾਂ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤੇ ਗਿੱਧੇ ਨੇ ਸਭ ਦਾ ਭਰਪੂਰ ਮਨੋਰੰਜਨ ਕੀਤਾ।

ਪ੍ਰੋਗਰਾਮ ਦੇ ਸ਼ੁਰੂ ਵਿਚ ਜਨਰਲ ਸਕੱਤਰ ਤਰਲੋਚਨ ਸਿੰਘ ਬਡਵਾਲ ਨੇ ਕਲੱਬ ਬਾਰੇ ਜਾਣਕਾਰੀ ਦਿੱਤੀ ਅਤੇ ਸਾਰੇ ਸਭ ਨੂੰ ਜੀ ਆਇਆਂ ਕਿਹਾ। ਇਸ ਤੋਂ ਬਾਅਦ ਪੰਜਾਬੀ ਕਮਿਊਨਿਟੀ ਸਿਹਤ ਸੇਵਾਵਾਂ ਤੋਂ ਆਈ ਮਾਹਿਰ ਸਹਿਜਪ੍ਰੀਤ ਕੌਰ ਚਹਿਲ ਨੇ ਸਲਾਇਡਾਂ ਵਿਖਾਉਂਦੇ ਹੋਏ, ਸ਼ੂਗਰ (ਡਾਇਬਟੀਜ) ਦੀ ਬਿਮਾਰੀ ਬਾਰੇ ਬੜੇ ਵਿਸਥਾਰ ਵਿਚ ਦੱਸਿਆ। ਉਸ ਨੇ ਇਸ ਬਿਮਾਰੀ ਦੀਆਂ ਨਿਸ਼ਾਨੀਆਂ, ਹੋਣ ਦੇ ਕਾਰਨ, ਰੋਕਣ ਲਈ ਉਪਾਅ ਅਤੇ ਹੋਣ ਤੇ ਇਸ ਨੂੰ ਕੰਟਰੋਲ ਵਿਚ ਕਿਸ ਤਰ੍ਹਾਂ ਰੱਖਿਆ ਜਾਵੇ ਬਾਰੇ ਅਪਣੇ ਵਿਚਾਰ ਸਾਂਝੇ ਕੀਤੇ। ਉਸ ਦਾ ਕਹਿਣਾ ਸੀ ਕਿ ਬੇਸ਼ੱਕ ਇਹ ਬਿਮਾਰੀ ਖਤਰਨਾਕ ਹੈ, ਪਰ ਖਾਣ ਪੀਣ ਵਿਚੋਂ ਮਿਠੀਆਂ ਚੀਜ਼ਾਂ ਘਟਾਉਣ, ਰੋਜਾਨਾ ਕਸਰਤ ਕਰਨ, ਖਾਸ ਕਰ ਵੱਧ ਤੋਂ ਵੱਧ ਸੈਰ ਕਰਨ ਅਤੇ ਲੋੜ ਅਨੁਸਾਰ ਦਵਾਈ ਵਰਤਣ ਨਾਲ ਇਸ ਬਿਮਾਰੀ ਦੇ ਖਤਰਨਾਕ ਨਤੀਜਿਆਂ ਤੋਂ ਬੱਚਿਆ ਜਾ ਸਕਦਾ ਹੈ। ਉਨ੍ਹਾਂ ਅਪਣੀ ਸ਼ੂਗਰ ਦੇ ਲੈਵਲ ਦਾ ਸਹੀ ਰਿਕਾਰਡ ਰੱਖਣ ਲਈ ਸੰਸਥਾ ਵਲੋਂ ਲਿਆਦੀਆਂ ਨੋਟ ਬੁਕਾਂ ਅਤੇ ਪੈੱਨ ਆਦਿ ਵੀ ਸਰੋਤਿਆਂ ਨੂੰ ਦਿੱਤੇ। ਕਲੱਬ ਦੀ ਆਮਦਨ, ਖਰਚ ਦਾ ਹਿਸਾਬ ਕਿਤਾਬ ਮੀਤ ਪ੍ਰਧਾਨ ਮਿਸਟਰ ਜੇ ਲਾਲ ਨੇ ਵਿਸਥਾਰ ਨਾਲ ਸਾਂਝਾ ਕੀਤਾ। ਰੰਗਾ ਰੰਗ ਪ੍ਰੋਗਰਾਮ ਦਾ ਸੰਚਾਲਨ, ਕਿਰਨ ਲਾਲ ਨੇ ਬਾਖੂਬੀ ਕੀਤਾ। ਇਸ ਵਿਚ ਕਈ ਬਜ਼ੁਰਗਾਂ, ਜਿਨ੍ਹਾਂ ਵਿਚ ਜੀਤ ਕੌਰ, ਬੇਅੰਤ ਕੌਰ, ਪੂਨਮ, ਗੁਰਮੀਤ ਕੌਰ ਫੋਰਮੀ, ਜੇ ਐਸ ਨਾਰੰਗ ਸ਼ਾਮਿਲ ਸਨ, ਨੇ ਵਧੀਆ ਅਵਾਜ਼ ਵਿਚ ਗੀਤ ਗਾਏ। ਗਿੱਧਾ ਇਸ ਪ੍ਰੋਗਰਾਮ ਵਿਚ ਖਾਸ ਤੌਰ ਤੇ ਪਸੰਦ ਕੀਤਾ ਗਿਆ। ਇਸ ਨੂੰ ਚੰਗੇਰਾ ਬਣਾਉਣ ਲਈ ਮਨਜੀਤ ਕੌਰ, ਭੁਪਿੰਦਰ ਕੌਰ, ਦਵਿੰਦਰ ਕੌਰ, ਜੋਗਿੰਦਰ ਕੌਰ, ਸੁਰਿੰਦਰ, ਦਵਿੰਦਰ ਗਰੋਵਰ, ਕਮਲੇਸ਼, ਦਰਸ਼ਨਾ, ਗੁਰਮੀਤ, ਗੁਰਵਿੰਦਰ, ਕਿਰਨ, ਹਰਜਿੰਦਰ ਅਤੇ ਬਲਵੀਰ ਨੇ ਕਈ ਦਿਨ ਮਿਹਨਤ ਨਾਲ ਪ੍ਰੈਕਟਿਸ ਕੀਤੀ, ਵਧੀਆ ਬੋਲੀਆਂ ਚੁਣੀਆਂ ਅਤੇ ਇਸ ਸਮੇਂ ਪਾਈਆਂ। ਦੋ ਬੋਲੀਆਂ ਜਿਨ੍ਹਾਂ ਤੇ ਗਿੱਧਾ ਸਿਖਰਾਂ ਤੇ ਹੋ ਜਾਂਦਾ ਸੀ, ਇਨ੍ਹਾਂ ਵਿਚੋਂ ਉਭਰ ਕੇ ਸਾਹਮਣੇ ਆਈਆਂ: ਤੇਰੇ ਜਿਹੇ ਨੂੰ ਮੈਂ ਟਿੱਚ ਨਾ ਜਾਣਦੀ, ਤੇਰਾ ਮੇਰਾ ਬਣਦਾ ਨਾ ਮੇਚ ਮੁੰਡਿਆ, ਤੈਨੂੰ ਮੋਗੇ ਦੀ ਮੰਡੀ ਤੇ ਆਵਾਂ ਵੇਚ ਮੁੰਡਿਆ, ਤੇ ਦੂਜੀ, ਸਾਰੇ ਤਾਂ ਗਹਿਣੇ ਮੇਰੇ ਮਾਪਿਆਂ ਨੇ ਪਾਏ, ਇੱਕੋ ਤਵੀਤ ਇਹਦੇ ਘਰ ਦਾ ਨੀ, ਜਦੋਂ ਲੜਦਾ ਤੇ ਲਾਹਦੇ ਲਾਹਦੇ ਕਰਦਾ ਨੀ ਕਲੱਬ ਦੇ ਪ੍ਰਧਾਨ ਡਾ ਬਲਜਿੰਦਰ ਸੇਖੋਂ ਨੇ ਪੁਨਰ ਜਨਮ ਬਾਰੇ ਅਪਣੀ ਕਵਿਤਾ ਸਾਂਝੀ ਕੀਤੀ। ਕਲੱਬ ਮੈਂਬਰ ਚੀਫ ਇੰਜਨੀਅਰ ਈਸ਼ਰ ਸਿੰਘ ਨੇ ਜਿੰਦਗੀ ਨੂੰ ਹਸਦਾ ਵਸਦਾ ਰੱਖਣ ਲਈ ਵਧੀਆ ਨੁਕਤੇ ਸਾਂਝੇ ਕੀਤੇ। ਮੈਂਬਰ ਹਰੀ ਸਿੰਘ ਨੇ ਕਲੱਬ ਦੀ ਕਾਰਗੁਜਾਰੀ ਦੀ ਪ੍ਰਸ਼ੰਸਾ ਕੀਤੀ। ਆਖਿਰ ਵਿਚ ਕਲੱਬ ਦੇ ਸਰਪ੍ਰੱਸਤ ਕਰਨਲ ਗੁਰਮੇਲ ਸਿੰਘ ਸੋਹੀ ਨੇ ਸਭ ਦਾ ਧੰਨਵਾਦ ਕੀਤਾ, ਖਾਸ ਕਰ ਪੰਜਾਬੀ ਕਮਿਊਨਿਟੀ ਸਿਹਤ ਸੇਵਾਵਾਂ ਦੇ ਮੁਖੀ ਬਲਦੇਵ ਸਿੰਘ ਮੁਤਾ ਜੀ ਦਾ ਜਿਨ੍ਹਾਂ ਅਪਣੀ ਸੰਸਥਾ ਵਿਚੋਂ ਸ਼ੂਗਰ ਤੇ ਸਿਖਿਆ ਦੇਣ ਲਈ, ਮਾਹਿਰ ਭੇਜੇ। ਕਲੱਬ ਬਾਰੇ ਹੋਰ ਜਾਣਕਾਰੀ ਲਈ ਸਕੱਤਰ ਤਰਲੋਚਨ ਸਿੰਘ ਬਡਵਾਲ (647 960 9841) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੋਰ ਮੰਦਰ ਵਿਖੇ ਲਗਾਏ ਗਏ ਕੈਂਪ ਵਿਚ ਵੱਡੀ ਗਿਣਤੀ ਵਿਚ ਪੈੱਨਸ਼ਨਰਾਂ ਨੂੰ ਜਾਰੀ ਕੀਤੇ ਗਏ ਲਾਈਫ਼-ਸਰਟੀਫ਼ੀਕੇਟ

## ਸੁਚੱਜੇ ਪ੍ਰਬੰਧ ਦੇ ਬਾਵਜੂਦ ਕਈਆਂ ਨੂੰ ਫ਼ਾਰਮ ਪ੍ਰਾਪਤ ਕਰਨ ਵਿਚ ਆਈਆਂ ਦਿੱਕਤਾਂ



ਬਰੈਂਪਟਨ, (ਡਾ. ਝੰਡ) –ਭਾਰਤੀ ਕੌਂਸਲੇਟ ਜਨਰਲ ਦੇ ਦਫ਼ਤਰ ਵੱਲੋਂ ਲੰਘੇ ਐਤਵਾਰ 6 ਨਵੰਬਰ ਨੂੰ ਬਰੈਂਪਟਨ ਸਥਿਤ ਗੋਰ ਮੰਦਰ ਵਿਚ ਲਗਾਏ ਗਏ ਕੈਂਪ ਵਿਚ ਭਾਰਤੀ ਪੈੱਨਸ਼ਨਰਾਂ ਨੂੰ ਵੱਡੀ ਗਿਣਤੀ ਵਿਚ ਲਾਈਫ਼ ਸਰਟੀਫ਼ੀਕੇਟ ਜਾਰੀ ਕੀਤੇ ਗਏ। ਅਣਅਧਿਕਾਰਿਤ ਸੂਤਰਾਂ ਅਨੁਸਾਰ ਇਹ ਗਿਣਤੀ ਇੱਕ ਹਜ਼ਾਰ ਦੇ ਲੱਗਭੱਗ ਦੱਸੀ ਜਾਂਦੀ ਹੈ, ਕਿਉਂਕਿ ਇਹ ਸਰਟੀਫ਼ੀਕੇਟ ਲੈਣ ਲਈ ਸਵੇਰੇ ਗਿਆਰਾਂ ਵਜੇ ਤੱਕ 760 ਵਿਅੱਕਤੀਆਂ ਨੂੰ ਟੋਕਨ ਦਿੱਤੇ ਜਾ ਚੁੱਕੇ ਸਨ ਅਤੇ ਬਹੁਤ ਸਾਰੇ ਪੈੱਨਸ਼ਨਰ ਉਦੋਂ ਅਜੇ ਇਸ ਮਕਸਦ ਲਈ ਮੰਦਰ ਆ ਰਹੇ ਸਨ।

ਜ਼ਿਕਰਯੋਗ ਹੈ ਕਿ 5 ਨਵੰਬਰ ਨੂੰ ਗੁਰਦੁਆਰਾ ਨਾਨਕਸਰ ਵਿੱਚ ਲੱਗੇ ਅਜਿਹੇ ਕੈਂਪ ਵਿੱਚ ਲੋਕਾਂ ਦੀ ਵੱਡੀ ਭੀੜ ਹੋਣ ਕਾਰਨ ਇਸ ਕੈਂਪ ਵਿੱਚ ਸਰਟੀਫ਼ੀਕੇਟ ਪ੍ਰਾਪਤ ਕਰਨ ਦੇ ਚਾਹਵਾਨ ਪੈੱਨਸ਼ਨਰ ਸਵੇਰੇ ਅੱਠ ਵਜੇ ਤੋਂ ਪਹਿਲਾਂ ਹੀ ਗੋਰ ਮੰਦਰ ਆਉਣੇ ਸ਼ੁਰੂ ਹੋ ਗਏ। ਉੱਥੇ ਮੌਜੂਦ ਕੈਂਪ ਦੇ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਲੋੜੀਦਾ ਸਰਟੀਫ਼ੀਕੇਟਲੈਣ ਲਈ ਪ੍ਰਿੰਟ ਕੀਤੇ ਗਏ ਫ਼ਾਰਮ ਉਨ੍ਹਾਂ ਉੱਪਰ ਸੀਰੀਅਲ ਨੰਬਰ ਲਿਖ ਕੇ ਦਿੱਤੇ ਗਏ ਅਤੇ ਇਹ ਫ਼ਾਰਮ ਕੁਰਸੀਆਂ/ਮੇਜ਼ਾਂ 'ਤੇ ਬੈਠ ਕੇ ਭਰਨ ਤੋਂ ਬਾਅਦ ਇੰਤਜ਼ਾਰ ਕਰਨ ਲਈ ਕਿਹਾ ਗਿਆ। ਇਸ ਤੋਂ ਪਿੱਛੋਂ ਆਉਣ ਵਾਲੇ ਵਿਅੱਕਤੀਆਂ ਨੂੰ ਨੀਲੇ ਰੰਗ ਦੇ ਟੋਕਨ ਜਾਰੀ ਕੀਤੇ ਗਏ ਅਤੇ ਆਪਣੀ ਵਾਰੀ ਦੀ ਉਡੀਕ ਕਰਨ ਲਈ ਕਿਹਾ ਗਿਆ।

ਸਵੇਰੇ ਦਸ ਵਜੇ ਕੌਂਸਲੇਟ ਜਨਰਲ ਆਫ਼ ਇੰਡੀਆ ਟੋਰਾਂਟੋ ਦੇ ਸਟਾਫ਼ ਮੈਂਬਰਾਂ ਨੇ ਆਉਣ ਤੋਂ ਪਹਿਲਾਂ ਪ੍ਰਬੰਧਕਾਂ ਵੱਲੋਂ ਦਿੱਤੇ ਗਏ ਸੀਰੀਅਲ ਨੰਬਰਾਂ ਦੇ ਹਿਸਾਬ ਨਾਲ ਪੈੱਨਸ਼ਨਰਾਂ ਨੂੰ ਇੱਕ ਤੋਂ 30 ਸੀਰੀਅਰ ਨੰਬਰ ਵਾਲੇ ਵਿਅੱਕਤੀਆਂ ਨੂੰ ਲਾਈਨ ਵਿਚ ਲੱਗਣ ਲਈ ਕਿਹਾ ਗਿਆ ਅਤੇ ਠੀਕ ਦਸ ਵਜੇ ਇਹ ਸਰਟੀਫ਼ੀਕੇਟ ਜਾਰੀ ਕਰਨ ਦਾ ਕੰਮ ਆਰੰਭ ਹੋ ਗਿਆ। ਪਹਿਲੇ ਇਕ ਘੰਟੇ ਵਿਚ 150 ਸਰਟੀਫ਼ੀਕੇਟ ਜਾਰੀ ਕਰ ਦਿੱਤੇ ਗਏ ਅਤੇ ਇਸ ਤੋਂ ਬਾਅਦ ਇਹ ਰਫ਼ਤਾਰ ਹੋਰ ਵੀ ਤੇਜ਼ ਹੋ ਗਈ। ਇਸ ਤਰ੍ਹਾਂ ਇਹ ਸਿਲਸਿਲਾ ਬਾਅਦ 2.30 ਵਜੇ ਤੀਕ ਲਗਾਤਾਰ ਚੱਲਦਾ ਰਿਹਾ ਅਤੇ ਇਸ ਕੈਂਪ ਬਿੱਚ ਇੱਕ ਹਜ਼ਾਰ ਦੇ ਕਰੀਬ ਪੈੱਨਸ਼ਨਰਾਂ ਨੂੰ ਲਾਈਫ਼ ਸਰਟੀਫ਼ੀਕੇਟ ਜਾਰੀ ਕੀਤੇ ਗਏ।

ਇਸ ਦੌਰਾਨ ਪ੍ਰਬੰਧਕਾਂ ਵੱਲੋਂ ਚਾਹ-ਪਾਣੀ ਅਤੇ ਗਰਮ-ਗਰਮ ਪਕੌੜਿਆਂ ਦਾ ਲੰਗਰ ਨਿਰੰਤਰ ਜਾਰੀ ਰਿਹਾ। ਇਹ ਵੀ ਪਤਾ ਲੱਗਾ ਕਿ ਇਸ ਕੈਂਪ ਵਿੱਚ ਸਵੇਰੇ ਅੱਠ ਵਜੇ ਤੋਂ ਪਹਿਲਾਂ ਆਉਣ ਵਾਲਿਆਂ ਨੂੰ ਪੂਰੀਆਂ ਤੇ ਛੋਲਿਆਂ ਨਾਲ ਬਰੇਕ-ਫ਼ਾਸਟ ਕਰਵਾਇਆ ਗਿਆ ਅਤੇ ਜਿਨ੍ਹਾਂ ਦੀ ਵਾਰੀ ਬਾਅਦ ਦੁਪਹਿਰ ਦੋ ਵਜੇ ਤੋਂ ਬਾਅਦ ਆਈ, ਉਨ੍ਹਾਂ ਲਈ ਲੰਚ ਦਾ ਵੀ ਪ੍ਰਬੰਧ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਕੀਤੇ ਗਏ ਇਸ ਸੁਚੱਜੇ ਪ੍ਰਬੰਧ ਦੀ ਹਰ ਪਾਸਿਉਂ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਅਲਬੱਤਾ, ਜਿਹੜੇ ਪੈੱਨਸ਼ਨਰ ਕੁਝ ਲੇਟ ਆਏ, ਉਨ੍ਹਾਂ ਨੂੰ ਪ੍ਰਿੰਟ ਹੋਏ ਫ਼ਾਰਮ ਅਤੇ ਟੋਕਨ ਲੈਣ ਵਿਚ ਕੁਝ ਦਿੱਕਤਾਂ ਵੀ ਆਈਆਂ। ਵੱਡੀ ਗਿਣਤੀ ਵਿਚ ਲੋਕਾਂ ਦੇ ਅਜਿਹੇ ਇਕੱਠਾਂ ਵਿੱਚ ਆਉਣ ਕਾਰਨ ਇੰਜ ਅਕਸਰ ਹੋ ਹੀ ਜਾਂਦਾ ਹੈ। ਇਨ੍ਹਾਂ ਕੈਂਪਾਂ ਵਿਚ ਭਾਰਤੀ ਕੌਂਸਲੇਟ ਜਨਰਲ ਆਫ਼ਿਸ ਦੇ ਵੱਲੋਂ ਭਰਿਆ ਹੋਇਆ ਫ਼ਾਰਮ ਦੋ ਪਰਤਾਂ ਵਿਚ ਲਿਆਉਣ ਦੀ ਹਦਾਇਤ ਕੀਤੀ ਗਈ ਹੈ ਪਰ ਬਹੁਤ ਸਾਰੇ ਪੈੱਨਸ਼ਨਰ ਇਹ ਫ਼ਾਰਮ ਆਪਣੇ ਨਾਲ ਨਹੀਂ ਲਿਆਉਂਦੇ ਅਤੇ ਸਬੰਧਿਤ ਕੈਪ ਵਿਚ ਹੀ ਇਹ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਓਧਰ ਕੈਂਪਾਂ ਦੇ ਪ੍ਰਬੰਧਕਾਂ ਲਈ ਵੀ ਵੱਡੀ ਗਿਣਤੀ ਵਿੱਚ ਇਹ ਫ਼ਾਰਮ ਉਪਲੱਭਧ ਕਰਵਾਉਣੇ ਮੁਸ਼ਕਲ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਲੋਕਾਂ ਦੇ ਨਾਜਾਇਜ਼ ਗੁੱਸੇ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰੈਂਪਟਨ ਵਿਚ ਭਾਰਤੀ ਪੈੱਨਸ਼ਨਰਾਂ ਦੀ ਵਡੇਰੀ ਗਿਣਤੀ ਨੂੰ ਮੁੱਖ ਰੱਖਦਿਆਂ ਹੋਇਆਂ ਭਾਰਤੀ ਕੌਂਸਲੇਟ ਜਨਰਲ ਦਫ਼ਤਰ ਨੂੰ ਅਜਿਹੇ ਹੋਰ ਕੈਂਪਾਂ ਦਾ ਆਯੋਜਨ ਕਰਨਾ ਚਾਹੀਦਾ ਹੈ ਜਾਂ ਫਿਰ ਇਨ੍ਹਾਂ ਕੈਂਪਾਂ ਦੇ ਸਮੇਂ ਵਿਚ ਵਾਧਾ ਕਰਨਾ ਚਾਹੀਦਾ ਹੈ।

ਅਜਿਹਾ ਅਗਲਾ ਕੈਂਪ 13 ਨਵੰਬਰ ਐਤਵਾਰ ਨੂੰ ਗੁਰਦੁਆਰਾ ਸਾਹਿਬ ਸਿੱਖ ਹੈਰੀਟੇਜ ਸੈਂਟਰ ਵਿਚ ਲਗਾਇਆ ਜਾ ਰਿਹਾ ਹੈ ਅਤੇ ਉਸ ਤੋਂ ਅਗਲਾ ਕੈਂਪ ਨਾਨਕਸਰ ਗੁਰੂਘਰ ਵਿਖੇ 19 ਨਵੰਬਰ ਨੂੰ ਸ਼ਨੀਵਾਰ ਨੂੰ ਲੱਗੇਗਾ। ਇਨ੍ਹਾਂ ਅਤੇ ਇਨ੍ਹਾਂ ਤੋਂ ਅੱਗੋਂ ਲਗਾਏ ਜਾਣ ਵਾਲੇ ਕੈਂਪਾਂ ਬਾਰੇ ਸੂਚਨਾ ਅਖ਼ਬਾਰਾਂ ਤੇ ਸੋਸ਼ਲ ਮੀਡੀਏ ਰਾਹੀਂ ਦਿੱਤੀ ਜਾ ਚੁੱਕੀ ਹੈ ਇਨਾਂ ਕੈਂਪਾਂ ਵਿਚ ਲਾਈਫ਼-ਸਰਟੀਫ਼ੀਕੇਟ ਲੈਣ ਲਈ ਲੋੜੀਂਦੀ ਤਿਆਰੀ ਵਜੋਂ ਚਾਹਵਾਨ ਪੈੱਨਸਨਰਾਂ ਨੂੰ ਇਹ ਫ਼ਾਰਮ ਘਰੋਂ ਹੀ ਦੋ ਪਰਤਾਂ ਵਿਚ ਪ੍ਰਿੰਟ ਕਰਕੇ ਅਤੇ ਇਨ੍ਹਾਂ ਨੂੰ ਭਰ ਕੇ ਆਪਣੇ ਨਾਲ ਲਿਆਉਣਾ ਚਾਹੀਦਾ ਹੈ ਤਾਂ ਜੋ ਬਾਅਦ ਵਿਚ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਹ ਫ਼ਾਰਮ ਭਾਰਤੀ ਕੌਂਸਲੇਟ ਦੀ ਵੈੱਬਸਾਇਟ: http://www.toronto.gov.in/page/life-cerificate/ ਉੱਪਰ ਉਪਲੱਭਧ ਹੈ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬਰਸੀ ਸਮਾਗ਼ਮ ਡਿਕਸੀ ਗੁਰੂਘਰ ਵਿਖੇ 26 ਨਵੰਬਰ ਨੂੰ



ਬਰੈਂਪਟਨ, (ਡਾ. ਝੰਡ) – ਜਸਵੀਰ ਸਿੰਘ ਪਾਸੀ ਤੋਂ ਪ੍ਰਾਪਤ ਸੂਚਨਾ ਅਨੁਸਾਰ ਪਿੰਡ ਸਰਾਭਾ (ਜ਼ਿਲਾ ਲੁਧਿਆਣਾ) ਦੇ ਵਾਸੀਆਂ ਅਤੇ ਇਲਾਕੇ ਦੀ ਸੰਗਤ ਵੱਲੋਂ ਮਿਲ਼ ਕੇ ਨੌਜੁਆਨ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਖ਼ਾਤਰ ਮਹਿਜ਼ ਪੌਣੇ ਉੱਨੀਂ ਸਾਲ ਦੀ ਉਮਰ ਵਿਚ ਫ਼ਾਸੀ ਦਾ ਰੱਸਾ ਚੁੰਮਿਆਂ, ਦਾ 107'ਵਾਂ ਬਰਸੀ ਸਮਾਗ਼ਮ ਗੁਰਦੁਆਰਾ ਸਾਹਿਬ ਡਿਕਸੀ ਵਿਖੇ 26 ਨਵੰਬਰ ਦਿਨ ਸਨਿਚਰਵਾਰ ਨੂੰ ਮਨਾਇਆ ਜਾ ਰਿਹਾ ਹੈ।

ਉਸ ਦਿਨ ਗੁਰਦੁਆਰਾ ਸਾਹਿਬ ਦੇ ਮੇਨ-ਹਾਲ ਵਿਚ ਸਵੇਰੇ 10.00 ਵਜੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਆਰੰਭ ਹੋਵੇਗਾ। ਉਪਰੰਤ, 12.00 ਵਜੇ ਰਾਗੀ ਸਿੰਘਾਂ ਵੱਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਹੋਵੇਗਾ ਅਤੇ ਢਾਡੀ ਸਿੰਘਾਂ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਗ਼ਦਰੀ ਬਾਬਿਆਂ ਦੇ ਗੌਰਵਮਈ ਇਤਿਹਾਸ ਨਾਲ ਜੁੜੀਆਂ ਕੁਰਬਾਨੀਆਂ ਦੀਆਂ ਵਾਰਾਂ ਸੁਣਾਈਆਂ ਜਾਣਗੀਆਂ।

ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਨੂੰ ਪਰਿਵਾਰਾਂ ਸਮੇਤ ਇਸ ਸ਼ਹੀਦੀ ਸਮਾਗ਼ਮ ਵਿਚ ਹਾਜ਼ਰੀ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਜਸਵੀਰ ਸਿੰਘ ਪਾਸੀ (416—843-5330), ਕਰਮਜੀਤ ਸਿੰਘ (647-300-3001) ਜਾਂ ਮਨਦੀਪ ਸਿੰਘ (647-504-4949) ਨੂੰ ਸੰਪਰਕ ਕੀਤਾ ਜਾ ਸਕਦਾ ਹੈ,।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration



We do appeal for Refusal cases also

Sponsor Your Family

MacroGlobal Immigration Services Ltd.

Seema Bhayana



ICCRC

Ph: 905 452 0000, 905 452 9999

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com

NEED A LAWYER ??

KAUR LAW OFFICE

Red Seal NOTARY



MANJEET KAUR

LL.B., (London UK) Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

## ਅੱਜ ਨਾਮਾ

ਵੱਡੀ ਅਦਾਲਤ ਹੈ ਭਾਰਤ ਦੀ ਖੁੱਲ੍ਹ ਬੋਲੀ,
ਰੌਲਾ ਪਰਾਲੀ ਦਾ ਵਾਧੂ ਨਹੀਂ ਪਾਉ ਭਾਈ।
ਪਰਾਲੀ ਬਿਨਾਂ ਪਰਦੂਸ਼ਣ ਕੁਝ ਹੈ ਕਿ ਨਹੀਂ,
ਮਸਲਾ ਸਭ ਖੋਲ੍ਹ ਕੇ ਸਾਫ ਬਤਲਾਉ ਭਾਈ।
ਭੁਲਾ ਕੇ ਬਾਕੀ ਬਈ ਸਾਰਿਆਂ ਕਾਰਨਾਂ ਨੂੰ,
ਕਿਰਸਾਨਾਂ ਉੱਤੇ ਹੀ ਦੋਸ਼ ਨਾ ਲਾਉ ਭਾਈ।
ਸਰਕਾਰ ਦੇ ਕੰਮ ਸਰਕਾਰ ਨੂੰ ਕਰਨ ਦੇਵੋ,
ਸਭ ਕੁਝ ਏਥੇ ਨਹੀਂ ਚੁੱਕ ਲਿਆਉ ਭਾਈ।
ਸ਼ੁਕਰ ਹੈ ਕਿਸੇ ਕਿਸਾਨਾਂ ਦੀ ਸੁਣੀ ਤਾਂ ਸਹੀ,
ਹਰ ਕੋਈ ਸਿਰਫ ਕਿਰਸਾਨਾਂ'ਤੇ ਵਰ੍ਹੇ ਭਾਈ।
ਹਰ ਇੱਕ ਪਾਸਿਉਂ ਮਾਰ ਕਿਰਸਾਨ ਸਹਿੰਦਾ,
ਫਿਰ ਵੀ ਢਿੱਡ ਪਿਆ ਮੁਲਕ ਦਾ ਭਰੇ ਭਾਈ।

**ਤੀਸ ਮਾਰ ਖਾਂ**

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੁੱਖ ਮੰਤਰੀ ਦਾ ਵੱਡਾ ਐਲਾਨ, ਆਨੰਦ ਮੈਰਿਜ ਐਕਟ ਨੂੰ ਕੀਤਾ ਜਾਵੇਗਾ ਲਾਗੂ

ਸ੍ਰੀ ਅਨੰਦਪੁਰ ਸਾਹਿਬ, 10 ਨਵੰਬਰ (ਪੋਸਟ ਬਿਊਰੋ): ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਐਲਾਨ ਕੀਤਾ ਕਿ ਆਨੰਦ ਮੈਰਿਜ ਐਕਟ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਐਕਟ ਨੂੰ 2016 ਵਿੱਚ ਨੋਟੀਫਾਈ ਕੀਤਾ ਗਿਆ ਸੀ ਪਰ ਉਦੋਂ ਤੋਂ ਇਹ ਲਟਕ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਈ ਹੋਰ ਰਾਜ ਪਹਿਲਾਂ ਹੀ ਇਸ ਐਕਟ ਨੂੰ ਲਾਗੂ ਕਰ ਚੁੱਕੇ ਹਨ ਪਰ ਪੰਜਾਬ ਇਸ ਤੋਂ ਪਛੜ ਗਿਆ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਐਕਟ ਨੂੰ ਹੁਣ ਸਹੀ ਮਾਅਨਿਆਂ ਵਿੱਚ ਲਾਗੂ ਕੀਤਾ ਜਾਵੇਗਾ।



ਮੁੱਖ ਮੰਤਰੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ ਅਤੇ ਉਨ੍ਹਾਂ ਅਰਦਾਸ ਕੀਤੀ ਕਿ ਸੂਬੇ ਵਿੱਚ ਫ਼ਿਰਕੂ ਸਾਂਝ, ਸ਼ਾਂਤੀ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਹਰ ਲੰਘਦੇ ਦਿਨ ਨਾਲ ਜ਼ਿਆਦਾ ਮਜ਼ਬੂਤ ਹੋਣ ਅਤੇ ਪੰਜਾਬ ਹਰ ਖੇਤਰ ਵਿੱਚ ਦੇਸ਼ ਦੀ ਅਗਵਾਈ ਕਰੇ। ਪ੍ਰਕਾਸ਼ ਪੁਰਬ ਦੇ ਸ਼ੁਭ ਮੌਕੇ 'ਤੇ ਸੰਗਤ ਨੂੰ ਹਾਰਦਿਕ ਵਧਾਈ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਅਧਿਆਤਮਕ ਆਗੂ ਸਨ, ਜਿਨ੍ਹਾਂ ਮਨੁੱਖਤਾ ਨੂੰ ਪਰਮਾਤਮਾ ਦੀ ਭਗਤੀ ਰਾਹੀਂ ਮੁਕਤੀ ਪ੍ਰਾਪਤ ਕਰਨ ਦਾ ਰਾਹ ਦਿਖਾਇਆ। ਭਗਵੰਤ ਮਾਨ ਨੇ ਕਿਹਾ ਕਿ ਗੁਰੂ ਜੀ ਦੀਆਂ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੀਆਂ ਸਦੀਵੀ ਸਿੱਖਿਆਵਾਂ ਅਜੋਕੇ ਪਦਾਰਥਵਾਦੀ ਸਮਾਜ ਵਿੱਚ ਵੀ ਪ੍ਰਸੰਗਿਕ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਰਹਿਤ ਸਮਾਜ ਦੀ ਕਲਪਨਾ ਕੀਤੀ ਸੀ ਤਾਂ ਕਿ ਦੁਖੀ ਮਨੁੱਖਤਾ ਨੂੰ ਤਕਲੀਫ਼ਾਂ ਤੋਂ ਮੁਕਤ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਨਵੇਂ ਵਿਚਾਰਾਂ, ਆਦਰਸ਼ਾਂ ਅਤੇ ਜਿਗਿਆਸਾਵਾਂ ਨਾਲ ਪ੍ਰੇਰਿਤ ਕੀਤਾ ਅਤੇ ਪਾਖੰਡ, ਝੂਠ, ਫ਼ਰੇਬ ਅਤੇ ਜਾਤ-ਪਾਤ ਦੀਆਂ ਬੁਰਾਈਆਂ ਤੋਂ ਛੁਟਕਾਰਾ ਪਾਉਣ ਦਾ ਸੱਦਾ ਦਿੱਤਾ। ਭਗਵੰਤ ਮਾਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਹਾਨ ਗੁਰੂ ਦੁਆਰਾ ਦਰਸਾਈ ਸੇਵਾ ਅਤੇ ਨਿਮਰਤਾ ਦੀ ਭਾਵਨਾ ਨੂੰ ਅਪਨਾਉਣ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡਮੁੱਲੀ ਵਿਰਾ-ਸਤ 'ਤੇ ਚੱਲਦਿਆਂ ਸ਼ਾਂਤਮਈ, ਖ਼ੁਸ਼ਹਾਲ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਤਨਦੇਹੀ ਨਾਲ ਯਤਨ ਕਰਨ।

ਮੁੱਖ ਮੰਤਰੀ ਨੇ ਲੋਕਾਂ ਨੂੰ ਇਸ ਪਵਿੱਤਰ ਮੌਕੇ ਨੂੰ ਜਾਤ, ਰੰਗ, ਨਸਲ ਅਤੇ ਧਰਮ ਦੇ ਭੇਦਭਾਵ ਤੋਂ ਉਪਰ ਉੱਠ ਕੇ ਪੂਰੀ ਸ਼ਰਧਾ ਅਤੇ ਲਗਨ ਨਾਲ ਮਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਆਪਣੀਆਂ ਉਦਾਸੀਆਂ ਕਾਰਨ ਸੰਸਾਰ ਭਰ ਵਿੱਚ ਜਗਤ ਗੁਰੂ ਵਜੋਂ ਸਤਿਕਾਰੇ ਜਾਂਦੇ ਗੁਰੂ ਨਾਨਕ ਦੇਵ ਜੀ ਨੇ ਫ਼ਿਰਕੂ ਸਾਂਝ ਅਤੇ ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰਨ ਦਾ ਪ੍ਰਚਾਰ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਮੁਗਲ ਬਾਦਸ਼ਾਹ ਬਾਬਰ ਦੇ ਹਮਲੇ ਸਮੇਂ ਜ਼ੁਲਮ, ਅਨਿਆ ਅਤੇ ਅੱਤਿਆਚਾਰ ਦਾ ਡਟ ਕੇ ਵਿਰੋਧ ਕੀਤਾ।

ਗੁਰਬਾਣੀ ਦੀ ਤੁਕ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਜੀ ਨੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤ ਦੀ ਮਾਤਾ ਨਾਲ ਤੁਲਨਾ ਕੀਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਗੁਰੂ ਜੀ ਦੀ ਦੂਰਅੰਦੇਸ਼ ਸੋਚ ਦੀ ਪਤਾ ਇਸ ਗੱਲੋਂ ਲੱਗਦਾ ਹੈ ਕਿ ਉਨ੍ਹਾਂ ਉਸ ਸਮੇਂ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਦਾ ਉਪਦੇਸ਼ ਦਿੱਤਾ ਸੀ, ਜਦੋਂ ਹਵਾ ਪ੍ਰਦੂਸ਼ਣ ਕਿਤੇ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਰੀ ਸ਼ਕਤੀਕਰਨ ਅਤੇ ਸਮਾਜ ਵਿੱਚ ਔਰਤਾਂ ਨੂੰ ਬਰਾਬਰੀ ਦਾ ਦਰਜਾ ਦੇਣ ਦੇ ਪੱਕੇ ਪੈਰੋਕਾਰ ਸਨ।

# ਜਸਟਿਸ ਡੀ. ਵਾਈ. ਚੰਦਰਚੂੜ ਬਣੇ ਭਾਰਤ ਦੇ 50ਵੇਂ ਸੀ. ਜੇ. ਆਈ.



ਨਵੀਂ ਦਿੱਲੀ, 10 ਨਵੰਬਰ (ਪੋਸਟ ਬਿਊਰੋ): ਆਪਣੇ ਬੇਮਿਸਾਲ ਫੈਸਲਿਆਂ ਲਈ ਜਾਣੇ ਜਾਂਦ ਜਸਟਿਸ ਡੀਵਾਈ ਚੰਦਰਚੂੜ ਭਾਰਤ ਦੇ 50ਵੇਂ ਚੀਫ਼ ਜਸਟਿਸ (ਸੀ.ਜੇ.ਆਈ.) ਬਣ ਗਏ ਹਨ। ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿੱਚ ਇੱਕ ਸਮਾਰੋਹ ਵਿੱਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁਕਾਈ। ਚੀਫ਼ ਜਸਟਿਸ ਚੰਦਰਚੂੜ ਦਾ ਕਾਰਜਕਾਲ 10 ਨਵੰਬਰ 2024 ਤੱਕ ਹੋਵੇਗਾ।8 ਅਕਤੂਬਰ ਨੂੰ ਸਾਬਕਾ ਸੀਜੇਆਈ ਯੂਯੂ ਲਲਿਤ ਨੇ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੂੰ ਉਨ੍ਹਾਂ ਦੇ ਨਾਂ ਦੀ ਸਿਫ਼ਾਰਸ਼ ਕੀਤੀ ਸੀ। ਯੂਯੂ ਲਲਿਤ ਨੇ ਜੱਜਾਂ ਦੀ ਮੌਜੂਦਗੀ ਵਿੱਚ ਜਸਟਿਸ ਚੰਦਰਚੂੜ ਨੂੰ ਨਿੱਜੀ ਤੌਰ 'ਤੇ ਆਪਣੇ ਪੱਤਰ ਦੀ ਇੱਕ ਕਾਪੀ ਸੌਂਪੀ ਸੀ। ਜ਼ਿਕਰਯੋਗ ਹੈ ਕਿ ਜਸਟਿਸ ਚੰਦਰਚੂੜ ਦੇ ਪਿਤਾ ਜਸਟਿਸ ਵਾਈਵੀ ਚੰਦਰਚੂੜ ਦੇਸ਼ ਦੇ 16ਵੇਂ ਸੀਜੇਆਈ ਸਨ। ਜਸਟਿਸ ਵਾਈਵੀ ਚੰਦਰਚੂੜ ਦਾ ਕਾਰਜਕਾਲ 22 ਫਰਵਰੀ 1978 ਤੋਂ 11 ਜੁਲਾਈ 1985 ਤੱਕ ਯਾਨੀ ਕਰੀਬ 7 ਸਾਲ ਦਾ ਸੀ। ਉਨ੍ਹਾਂ ਦੀ ਸੇਵਾਮੁਕਤੀ ਦੇ 37 ਸਾਲ ਬਾਅਦ, ਉਨ੍ਹਾਂ ਦੇ ਪੁੱਤਰ ਜਸਟਿਸ ਡੀਵਾਈ ਚੰਦਰਚੂੜ ਨੂੰ ਉਸੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਜਸਟਿਸ ਡੀਵਾਈ ਚੰਦਰਚੂੜ ਨੇ ਐਸਸੀ ਵਿੱਚ ਆਪਣੇ ਪਿਤਾ ਦੇ ਦੋ ਵੱਡੇ ਫੈਸਲਿਆਂ ਨੂੰ ਵੀ ਪਲਟ ਦਿੱਤਾ ਹੈ।

# 'ਪੰਜਾਬ ਦਰਸ਼ਨ' ਪ੍ਰੋਗਰਾਮ ਤਹਿਤ ਨਵੇਂ ਆਈ.ਏ. ਐੱਸ (ਅੰਡਰ ਟਰੇਨਿੰਗ) ਅਧਿਕਾਰੀ ਜ਼ਿਲ੍ਹਾ ਫਿਰੋਜ਼ਪੁਰ ਵਿੱਚ

ਫਿਰੋਜ਼ਪੁਰ, 10 ਨਵੰਬਰ (ਗਿਆਨ ਸਿੰਘ): 2021 ਬੈਚ ਦੇ ਆਈ.ਏ.ਐਸ. (ਅੰਡਰ ਟਰੇਨਿੰਗ) ਅਧਿਕਾਰੀਆਂ ਸ੍ਰੀ ਨਿਤੀਸ਼ ਕੁਮਾਰ ਜੈਨ, ਸ੍ਰੀ ਸਿਮਰਨਦੀਪ ਸਿੰਘ, ਮਿਸ ਅਪਰਨਾ ਐਮ ਬੀ, ਮਿਸ ਅਕਸ਼ਿਤਾ ਗੁਪਤਾ ਅਤੇ ਮਿਸ ਮਾਨਸੀ ਵੱਲੋਂ 'ਪੰਜਾਬ ਦਰਸ਼ਨ' ਪ੍ਰੋਗਰਾਮ ਤਹਿਤ ਮੰਗਲਵਾਰ ਨੂੰ ਜਿਲ੍ਹਾ ਫ਼ਿਰੋਜ਼ਪੁਰ ਦਾ ਦੌਰਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਮੈਡਮ ਅੰਮ੍ਰਿਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਨ੍ਹਾਂ ਨਵ ਨਿਯੁਕਤ ਅਧਿਕਾਰੀਆਂ ਦੇ ਫਿਰੋਜ਼ਪੁਰ ਵਿਖੇ ਪਹੁੰਚਣ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨਾਲ ਪ੍ਰਸ਼ਾਸਕੀ ਕੰਮਾਂ ਬਾਰੇ ਕੁਝ ਤਜ਼ਰਬੇ ਸਾਂਝੇ ਕੀਤੇ ਗਏ।





ਇਨ੍ਹਾਂ ਅਧਿਕਾਰੀਆਂ ਵੱਲੋਂ ਹਰੀਕੇ ਵੈਟਲੈਂਡ (ਜਲਗਾਹ), ਚੱਕ ਸਰਕਾਰ ਬੀੜ ਮਮਦੋਟ ਦੇ ਦੌਰੇ ਤੋਂ ਇਲਾਵਾ ਦੁਪਹਿਰ ਬਾਅਦ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਪਹੁੰਚ ਕੇ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਭਾਰਤ-ਪਾਕਿ ਸੀਮਾ 'ਤੇ ਹੁੰਦੀ ਰੀਟਰੀਟ ਸੈਰੇਮਨੀ ਵੀ ਦੇਖੀ ਅਤੇ ਉੱਥੇ ਬੀਐਸਐਫ ਦੇ ਉੱਚ ਅਧਿਕਾਰੀਆਂ ਨਾਲ ਮੁਲਕਾਤ ਕਰਕੇ ਬਾਰਡਰ ਏਰੀਏ ਦੀਆਂ ਕੁਝ ਖਾਸ ਗੱਲਾਂ ਬਾਰੇ ਜਾਣਕਾਰੀ ਹਾਸਲ ਕੀਤੀ।

ਇਸ ਦੌਰਾਨ ਉਨ੍ਹਾਂ ਨਾਲ ਨਿਯੁਕਤ ਲਾਇਜਨ ਅਫਸਰ ਡਾ. ਸਤਿੰਦਰ ਸਿੰਘ ਨੇ ਉਨ੍ਹਾਂ ਨੂੰ ਫਿਰੋਜ਼ਪੁਰ ਦੇ ਉਪਰੋਕਤ ਸਥਾਨਾਂ ਤੋਂ ਇਲਾਵਾ ਇਤਿਹਾਸਕ ਅਸਥਾਨਾਂ ਜਿਵੇਂ ਕਿ ਗੁਰਦੁਵਾਰਾ ਗੁਰੂਸਰ ਜਾਮਨੀ ਸਾਹਿਬ ਬਾਜੀਦਪੁਰ ਤੇ ਸਾਰਾਗੜ੍ਹੀ ਗੁਰਦਵਾਰਾ ਸਾਹਿਬ ਫਿਰੋਜ਼ਪੁਰ ਛਾਉਣੀ ਦੇ ਇਤਿਹਾਸ ਬਾਰੇ ਵੀ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ।

ਆਈ.ਏ.ਐਸ. ਅਧਿਕਾਰੀਆਂ ਨੇ ਕਿਹਾ ਕਿ ਫ਼ਿਰੋਜ਼ਪੁਰ ਵਿਖੇ ਆ ਕੇ ਸੀਨੀਅਰ ਅਧਿਕਾਰੀਆਂ ਤੋਂ ਉਨ੍ਹਾਂ ਨੂੰ ਕਾਫੀ ਕੁੱਝ ਸਿੱਖਣ ਨੂੰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਇਹ ਤਜ਼ਰਬਾ ਉਨ੍ਹਾਂ ਲਈ ਲਾਭਕਾਰੀ ਹੋਵੇਗਾ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਜ਼ੀਰਾ ਸ. ਗਗਨਦੀਪ ਸਿੰਘ ਅਤੇ ਨਾਇਬ ਤਹਿਸੀਲਦਾਰ ਵਿਜੇ ਕੁਮਾਰ ਬਹਿਲ, ਨੀਰਜ ਸ਼ਰਮਾ ਤੇ ਵਿਨੋਦ ਕੁਮਾਰ ਵੀ ਹਾਜ਼ਰ ਸਨ।

# ਪੰਜਾਬ ਦੀ ਸਿਹਤ ਪ੍ਰਣਾਲੀ ਢਹਿ-ਢੇਰੀ ਹੋ ਰਹੀ ਹੈ : ਬਾਜਵਾ



ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਬੁੱਧਵਾਰ ਨੂੰ ਭਗਵੰਤ ਮਾਨ ਸਰਕਾਰ ਨੂੰ ਸੂਬੇ ਦੇ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਨਿਘਰ ਰਹੀ ਸਿਹਤ ਸੰਭਾਲ ਪ੍ਰਣਾਲੀ ਨੂੰ ਲੈ ਕੇ ਆੜੇ ਹੱਥੀਂ ਲਿਆ ਹੈ।

ਬਾਜਵਾ ਨੇ ਕਿਹਾ ਕਿ ਲਗਪਗ 600 ਪੇਂਡੂ ਡਿਸਪੈਂਸਰੀਆਂ ਨੂੰ ਪਿਛਲੇ 10 ਮਹੀਨਿਆਂ ਤੋਂ ਜ਼ਰੂਰੀ ਦਵਾਈਆਂ ਨਹੀਂ ਮਿਲੀਆਂ ਹਨ ਅਤੇ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਸਪਲਾਈ ਬਹਾਲ ਕਰਨ ਬਾਰੇ ਕੋਈ ਸਮਝ ਨਹੀਂ ਆ ਰਹੀ ਹੈ। ਉਨ੍ਹਾਂ ਕਿਹਸ ਸੂਬੇ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੰਤਰੀ ਦੀ ਕਮਸਮਝੀ ਤੇ ਲਾਪ੍ਰਵਾਹੀ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਛੇ ਮਹੀਨੇ ਪਹਿਲਾਂ 10 ਕਰੋੜ ਰੁਪਏ ਵਿਭਾਗ ਨੂੰ ਪੇਂਡੂ ਡਿਸਪੈਂਸਰੀਆਂ ਲਈ ਦਵਾਈਆਂ ਖਰੀਦਣ ਲਈ ਵਿਸ਼ੇਸ਼ ਤੌਰ 'ਤੇ ਦਿੱਤੇ ਗਏ ਸਨ, ਇਹ ਸਾਰੀ ਰਕਮ ਬਰਬਾਦ ਹੋ ਗਈ ਪਰ ਦਵਾਈਆਂ ਨਹੀਂ ਖ੍ਰੀਦੀਆਂ ਗਈਆਂ। ਵਿਭਾਗ ਦੇ ਅਧਿਕਾਰੀਆਂ ਨੇ ਗਰਾਂਟ ਨੂੰ ਖਤਮ ਹੋਣ ਦਿੱਤਾ ਕਿਉਂਕਿ ਉਹ ਨਿਰਧਾਰਤ ਸਮੇਂ ਦੇ ਅੰਦਰ ਜ਼ਰੂਰੀ ਦਵਾਈਆਂ ਖਰੀਦਣ ਵਿੱਚ ਅਸਫਲ ਰਹੇ।

ਬਾਜਵਾ ਨੇ ਖੁਲਾਸਾ ਕੀਤਾ ਕਿ ਪਿਛਲੀਆਂ ਦੋ ਦਵਾਈਆਂ ਦੀ ਖਰੀਦ ਕਾਂਗਰਸ ਸਰਕਾਰ ਵੇਲੇ ਕੀਤੀ ਗਈ ਸੀ। "ਆਮ ਆਦਮੀ ਪਾਰਟੀ" (ਆਪ) ਦੀ ਸਰਕਾਰ ਨੂੰ ਸੱਤਾ ਵਿੱਚ ਆਏ ਲਗਭਗ ਅੱਠ ਮਹੀਨੇ ਹੋ ਗਏ ਹਨ।ਭਗਵੰਤ ਮਾਨ ਸਰਕਾਰ ਇਸ ਸਮੇਂ ਦੌਰਾਨ ਪੇਂਡੂ ਡਿਸਪੈਂਸਰੀਆਂ ਲਈ ਦਵਾਈਆਂ ਦੀ ਇੱਕ ਵੀ ਖਰੀਦ ਕਰਨ ਵਿੱਚ ਅਸਫਲ ਰਹੀ ਹੈ।

# ਮੁੱਖ ਚੋਣ ਅਧਿਕਾਰੀ ਨੇ ਚੋਣਾਂ ਵਿੱਚ ਭਾਗ ਲੈਣ ਦਾ ਸੁਨੇਹਾ ਦੇਣ ਲਈ 200 ਸਾਈਕਲ ਸਵਾਰਾਂ ਦੀ ਕੀਤੀ ਅਗਵਾਈ

**-ਐੱਸ.ਐੱਸ.ਆਰ.-2023 ਦੀ ਸ਼ੁਰੂਆਤ ਕਰਨ ਲਈ ਐਸ.ਏ.ਐਸ. ਨਗਰ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ**
**-ਇਹ ਵਿਸ਼ੇਸ਼ ਸੋਧ 9 ਨਵੰਬਰ, 2022 ਤੋਂ ਸ਼ੁਰੂ ਹੋ ਕੇ 8 ਦਸੰਬਰ ਨੂੰ ਹੋਵੇਗੀ ਸਮਾਪਤ**

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਵੋਟਰ ਸੂਚੀ-ਸਪੈਸ਼ਲ ਸਮਰੀ ਰੀਵੀਜ਼ਨ (ਐਸ.ਐਸ.ਆਰ.)-2023 ਵਿੱਚ ਸੋਧ ਕਰਨ ਵਾਸਤੇ ਵਿਆਪਕ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਅੱਜ ਐਸ.ਏ.ਐਸ.ਨਗਰ ਵਿਖੇ "ਪੈਡਲ ਫਾਰ ਪਾਰਟੀਸੀਪੇਟਿਵ ਇਲੈਕਸ਼ਨਜ਼"ਦੇ ਬੈਨਰ ਹੇਠ ਸਾਈਕਲੋਥੌਨ ਦੇ ਆਯੋਜਨ ਉਪਰੰਤ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਚੋਣਾਂ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਉਹਨਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।



ਯਾਦਵਿੰਦਰਾ ਪਬਲਿਕ ਸਕੂਲ ਨੇੜਿਓਂ ਨੇਚਰ ਪਾਰਕ ਤੋਂ ਘੱਟੋ-ਘੱਟ 200 ਸਾਈਕਲ ਸਵਾਰਾਂ ਦੀ ਅਗਵਾਈ ਕਰਦਿਆਂ, ਮੁੱਖ ਚੋਣ ਅਫ਼ਸਰ (ਸੀ.ਈ.ਓ.) ਪੰਜਾਬ ਡਾ. ਐਸ. ਕਰੁਣਾ ਰਾਜੂ ਨੇ 3ਬੀ-1 ਮੋਹਾਲੀ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜਿੱਥੇ ਸੂਬਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਤੱਕ ਯਾਤਰਾ ਕੀਤੀ। ਇਸ ਮੌਕੇ ਵਧੀਕ ਸੀ.ਈ.ਓ. ਬੀ ਸ੍ਰੀਨਿਵਾਸਨ ਅਤੇ ਐਸ.ਏ.ਐਸ. ਨਗਰ ਦੇ ਡਿਪਟੀ ਕਮਿਸ਼ਨਰ ਅਮਿਤ ਤਲਵਾਰ ਨੇ ਵੀ ਸਾਈਕਲੋਥੌਨ ਵਿੱਚ ਸ਼ਮੂਲੀਅਤ ਕੀਤੀ। ਮੋਹਾਲੀ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਐਨ.ਐਸ.ਐਸ. ਵਲੰਟੀਅਰਾਂ ਸਮੇਤ ਸਾਈਕਲ ਸਵਾਰਾਂ ਨੇ "ਪੈਡਲ ਫਾਰ ਪਾਰਟੀਸੀਪੇਟਿਵ ਇਲੈਕਸ਼ਨਜ਼"ਦਾ ਸੁਨੇਹਾ ਦੇਣ ਲਈ ਸਾਈਕਲੋਥੌਨ ਵਿੱਚ ਭਾਗ ਲਿਆ।

ਜ਼ਿਕਰਯੋਗ ਹੈ ਕਿ ਮਜ਼ਬੂਤ ਲੋਕਤੰਤਰ ਦੇ ਹਿੱਤ ਵਿੱਚ, ਚੋਣਾਂ ਨੂੰ ਯਕੀਨੀ ਬਣਾਉਣ ਅਤੇ ਵੋਟਰ ਸੂਚੀ ਵਿੱਚ ਸੁਧਾਰ ਕਰਨ ਲਈ ਵੋਟਰ ਸੂਚੀ ਦੀ ਸਲਾਨਾ ਸੋਧ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤਾ ਜਾਣ ਵਾਲਾ ਮਹੱਤਵਪੂਰਨ ਅਭਿਆਸ ਹੈ। ਇਹ ਵਿਸ਼ੇਸ਼ ਸੋਧ 9 ਨਵੰਬਰ, 2022 ਤੋਂ ਸ਼ੁਰੂ ਹੋ ਕੇ 8 ਦਸੰਬਰ, 2022 ਨੂੰ ਸਮਾਪਤ ਹੋਵੇਗੀ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਰਾਜੂ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ 'ਕੋਈ ਵੀ ਵੋਟਰ ਪਿੱਛੇ ਨਾ ਰਹਿ ਜਾਵੇ' ਸਬੰਧੀ ਆਪਣੇ ਯਤਨਾਂ ਨੂੰ ਯਕੀਨੀ ਬਣਾਉਂਦਿਆਂ ਔਰਤਾਂ, ਅਪਾਹਜ ਵਿਅਕਤੀਆਂ, ਸਮਾਜ ਦੇ ਸੀਮਾਂਤ ਮੈਂਬਰਾਂ, ਪੇਂਡੂ ਅਤੇ ਸ਼ਹਿਰੀ ਵੋਟਰਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚ ਬਣਾਉਂਦਾ ਹੈ।

ਉਨਾਂ ਕਿਹਾ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਕਿਉਂਕਿ ਨੌਜਵਾਨ ਦੇਸ਼ ਦਾ ਭਵਿੱਖ ਹਨ।

ਇਸ ਤੋਂ ਪਹਿਲਾਂ ਸੀ.ਈ.ਓ ਨੇ ਸਕੂਲ ਦੇ ਦੋ ਬੂਥਾਂ ਦਾ ਨਿਰੀਖਣ ਵੀ ਕੀਤਾ ਅਤੇ ਵਿਸ਼ੇਸ਼ ਸੁਧਾਈ ਸਬੰਧੀ ਬੀ.ਐਲ.ਓਜ਼ ਨਾਲ ਗੱਲਬਾਤ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਵੋਟਰ ਸਬੰਧੀ ਸਹੁੰ ਚੁੱਕੀ ਅਤੇ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਦਾ ਸੁਨੇਹਾ ਦਿੰਦਿਆਂ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਵੀ ਕੀਤੀਆਂ।

# ਬੀਕੇਯੂ ਡਕੌਂਦਾ ਵਲੋਂ ਪੀ.ਆਰ.ਟੀ.ਸੀ. ਦੇ ਮੁਲਾਜ਼ਮਾਂ ਦੇ ਨਿੱਜੀਕਰਨ ਵਿਰੋਧੀ ਘੋਲ ਦੀ ਹਮਾਇਤ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ)ਨੇ ਪੰਜਾਬ ਸਰਕਾਰ ਦੀ ਨਿੱਜੀਕਰਨ ਦੀ ਨੀਤੀ ਦਾ ਸਖ਼ਤ ਨੋਟਿਸ ਲਿਆ। ਬੀਕੇਯੂ ਡਕੌਂਦਾ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਧਨੇਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਵਾਅਦੇ ਕੀਤੇ ਸਨ ਕਿ ਉਹ ਨਿੱਜੀਕਰਨ ਖਤਮ ਕਰ ਕੇ ਸਾਰੇ ਮਹਿਕਮਿਆਂ ਵਿੱਚ ਸਰਕਾਰੀ ਭਰਤੀ ਕਰਨਗੇ ਅਤੇ ਪਹਿਲਾਂ ਠੇਕੇਦਾਰੀ ਸਿਸਟਮ ਅਧੀਨ ਕੰਮ ਕਰ ਰਹੇ ਵਰਕਰਾਂ ਨੂੰ ਪੱਕਾ ਕਰਨਗੇ। ਪਰ ਹੁਣ ਪੰਜਾਬ ਸਰਕਾਰ ਆਪਣੇ ਵਾਅਦਿਆਂ ਨੂੰ ਭੁੱਲ ਕੇ ਨਿੱਜੀਕਰਨ ਨੂੰ ਹੋਰ ਤੀਬਰਤਾ ਨਾਲ ਲਾਗੂ ਕਰ ਰਹੀ ਹੈ। ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਆਪਣੀਆਂ ਨਵੀਆਂ ਬੱਸਾਂ ਪਾਉਣ ਦੀ ਥਾਂ ਕਿਲੋਮੀਟਰ ਸਕੀਮ ਅਧੀਨ ਪਾਈਆਂ ਜਾ ਰਹੀਆਂ ਹਨ। ਮੁਲਾਜ਼ਮ ਪੱਕੀ ਭਰਤੀ ਦੀ ਥਾਂ ਠੇਕੇਦਾਰਾਂ ਰਾਹੀਂ ਰੱਖੇ ਜਾ ਰਹੇ ਹਨ। ਇਸ ਤਰਾਂ ਜਿੱਥੇ ਮਹਿਕਮੇ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ ਉੱਥੇ ਮੁਲਾਜ਼ਮਾਂ ਦੀ ਵੀ ਅੰਨ੍ਹੀ ਲੁੱਟ ਹੋ ਰਹੀ ਹੈ।



ਕਹਿਣ ਨੂੰ ਦੇਸ਼ ਅੰਦਰ 'ਬਰਾਬਰ ਕੰਮ, ਬਰਾਬਰ ਤਨਖਾਹ' ਦਾ ਕਾਨੂੰਨ ਲਾਗੂ ਹੈ ਪਰ ਪੱਕੇ ਕੰਮ ਤੇ ਕੱਚੇ ਮੁਲਾਜ਼ਮ ਭਰਤੀ ਕਰਕੇ ਸਰਕਾਰਾਂ ਆਪਣੇ ਹੀ ਕਾਨੂੰਨਾਂ ਨੂੰ ਮੰਨਣ ਤੋਂ ਇਨਕਾਰੀ ਹਨ। ਪੀ ਆਰ ਟੀ ਸੀ ਦੇ ਮੁਲਾਜ਼ਮ ਕਿਲੋਮੀਟਰ ਸਕੀਮ ਅਧੀਨ ਬੱਸਾਂ ਪਾਉਣ ਅਤੇ ਠੇਕੇਦਾਰੀ ਸਿਸਟਮ ਅਧੀਨ ਵਰਕਰ ਭਰਤੀ ਕਰਨ ਖਿਲਾਫ ਲੜ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪੁਰਜ਼ੋਰ ਮੰਗ ਕਰਦੀ ਹੈ ਕਿ ਪੰਜਾਬ ਰੋਡਵੇਜ਼ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ, ਪੰਜਾਬ ਦੀਆਂ ਹੱਕੀ ਮੰਗਾਂ ਮੰਨੀਆਂ ਜਾਣ। ਮੁਲਾਜ਼ਮਾਂ ਦੀ ਪੱਕੀ ਭਰਤੀ ਕੀਤੀ ਜਾਵੇ, ਕਿਲੋਮੀਟਰ ਸਕੀਮ ਬੰਦ ਕਰ ਕੇ ਸਰਕਾਰੀ ਬੱਸਾਂ ਪਾਈਆਂ ਜਾਣ ਅਤੇ ਕੱਢੇ ਹੋਏ ਕੱਚੇ ਮੁਲਾਜ਼ਮਾਂ ਨੂੰ ਬਹਾਲ ਕੀਤਾ ਜਾਵੇ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਮੁਲਾਜ਼ਮਾਂ ਦੇ ਇਸ ਹੱਕੀ ਘੋਲ ਦੀ ਡਟਵੀਂ ਮੱਦਦ ਦਾ ਐਲਾਨ ਕਰਦੀ ਹੈ।

# ਮਾਤਾ ਮੰਦਰ ਗਏ ਸ਼ਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ ਨਦੀ ਵਿਚ ਡਿੱਗੀ, ਤਿੰਨ ਲੋਕਾਂ ਦੀ ਮੌਤ ਕਈ ਜ਼ਖ਼ਮੀ

ਭੋਪਾਲ, 10 ਨਵੰਬਰ (ਪੋਸਟ ਬਿਊਰੋ): ਮੱਧ ਪ੍ਰਦੇਸ਼ ਦੇ ਦਤੀਆ ਜ਼ਿਲ੍ਹੇ ਵਿੱਚ ਸੋਮਵਾਰ ਰਾਤ ਨੂੰ ਇੱਕ ਵੱਡਾ ਹਾਦਸਾ ਵਾਪਰ ਗਿਆ। ਸ਼ਰਧਾਲੂਆਂ ਨਾਲ ਭਰੀ ਇੱਕ ਟਰੈਕਟਰ-ਟਰਾਲੀ ਨਦੀ ਵਿੱਚ ਡਿੱਗ ਗਈ। ਇਸ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ, ਜਦਕਿ 20 ਤੋਂ ਵੱਧ ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਦਤੀਆ ਅਤੇ ਗਵਾਲੀਅਰ ਦੇ ਹਸਪਤਾਲਾਂ 'ਚ ਰੈਫਰ ਕੀਤਾ ਗਿਆ ਹੈ। ਟਰੈਕਟਰ ਟਰਾਲੀ ਵਿੱਚ ਸਵਾਰ ਲੋਕ ਰਤਨਗੜ੍ਹ ਮਾਤਾ ਮੰਦਿਰ ਤੋਂ ਦਰਸ਼ਨ ਕਰਕੇ ਵਾਪਸ ਪਰਤ ਰਹੇ ਸਨ। ਜਾਣਕਾਰੀ ਮੁਤਾਬਕ ਇਹ ਹਾਦਸਾ ਦਤੀਆ ਜ਼ਿਲ੍ਹੇ ਵਿਚ ਵਾਪਰਿ-ਰਆ। ਦੱਸਿਆ ਜਾ ਰਿਹਾ ਹੈ ਕਿ ਸੋਮਵਾਰ ਸਵੇਰੇ ਭਿੰਡ ਜ਼ਿਲ੍ਹੇ ਦੇ ਡਬੋਹ ਥਾਣਾ ਖੇਤਰ ਦੇ ਪਿੰਡ ਜਖੋਲੀ ਬਿੰਦਵਾ ਦਾ ਕੁਸ਼ਵਾਹਾ ਪਰਿਵਾਰ ਅਤੇ ਇਲਾਕੇ ਦੇ ਹੋਰ ਲੋਕ ਮੱਥਾ ਟੇਕਣ ਟਰੈਕਟਰ ਟਰਾਲੀ 'ਚ ਸਵਾਰ ਹੋ ਕੇ ਰਤਨਗੜ੍ਹ ਮਾਤਾ ਮੰਦਰ ਗਏ ਹੋਏ ਸਨ। ਉਥੋਂ ਸ਼ਾਮ 7.30 ਵਜੇ ਦੇ ਕਰੀਬ ਵਾਪਸ ਦਬੋਹ ਆ ਰਹੇ ਸਨ। ਰਸਤੇ ਵਿਚ ਸੇਵਧਾ ਸੰਕੁਆਨ ਸਿੰਧ ਨਦੀ ਦਾ ਪੁਰਾਣਾ ਛੋਟਾ ਪੁਲ ਪੈਂਦਾ ਹੈ। ਇੱਥੋਂ ਲੰਘਦੇ ਸਮੇਂ ਟਰੈਕਟਰ ਟਰਾਲੀ ਬੇਕਾਬੂ ਹੋ ਕੇ ਦਰਿਆ ਵਿੱਚ ਜਾ ਡਿੱਗੀ।



# ਪੰਜਾਬ ਦੇ ਮੁੱਖ ਸਕੱਤਰ ਵੱਲੋਂ ਕਿਸਾਨਾਂ ਨੂੰ ਅਪੀਲ ਸਿਹਤਮੰਦ ਭਵਿੱਖ ਲਈ ਪਰਾਲੀ ਨੂੰ ਅੱਗ ਨਾ ਲਾਓ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨਾਲ ਅੱਜ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਇਕ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ ਗਈ। ਪੰਜਾਬ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਬਾਬਤ ਕਮਿਸ਼ਨ ਨੇ ਵਿਸਥਾਰ ਵਿਚ ਰਿਪੋਰਟ ਲਈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਸ ਗੱਲ 'ਤੇ ਸਖਤ ਨਾਰਾਜ਼ਗੀ ਪ੍ਰਗਟਾਈ ਕਿ ਉੱਤਰੀ ਭਾਰਤ ਖਾਸ ਤੌਰ 'ਤੇ ਪੰਜਾਬ ਵਿਚ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਕਾਰਣ ਸਮੁੱਚੇ ਖੇਤਰ ਦਾ ਵਾਤਾਵਰਣ ਬਹੁਤ ਜ਼ਿਆਦਾ ਗੰਧਲਾ ਹੋਇਆ ਪਿਆ ਹੈ ਅਤੇ ਇਸ ਵਜ੍ਹਾਂ ਨਾਲ ਲੋਕ ਬਿਮਾਰ ਹੋ ਰਹੇ ਹਨ। ਕਮਿਸ਼ਨ ਨੇ ਕਿਹਾ ਕਿ ਸਖਤੀ ਨਾਲ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਇੰਝ ਹੀ ਚੱਲਦਾ ਰਿਹਾ ਤਾਂ ਪੰਜਾਬ ਸਰਕਾਰ 'ਤੇ ਭਾਰੀ ਜ਼ੁਰਮਾਨਾ ਕੀਤਾ ਜਾ ਸਕਦਾ ਹੈ।

ਇਸ ਮੌਕੇ ਕਮਿਸ਼ਨ ਵੱਲੋਂ ਮੁੱਖ ਸਕੱਤਰ ਤੋਂ ਪੰਜਾਬ ਵਿਚ ਪਰਾਲੀ ਪ੍ਰਬੰਧਨ ਬਾਬਤ ਵਿਸਥਾਰ ਵਿਚ ਸਮੀਖਿਆ ਕੀਤੀ ਗਈ ਅਤੇ ਕਈ ਤਰ੍ਹਾਂ ਦੇ ਡਾਟਾ ਵੀ ਮੰਗੇ ਗਏ। ਮੁੱਖ ਸਕੱਤਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸੂਬੇ ਦੀ ਸਾਰੀ ਮਸ਼ੀਨਰੀ ਇਸ ਗੱਲ ਲਈ ਯਤਨਸ਼ੀਲ ਹੈ ਕਿ ਇਸ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ ਕਮੀ ਲਿਆਂਦੀ ਜਾਵੇ ਅਤੇ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਪ੍ਰੇਰਿਤ ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਸਮੇਂ ਸਿਰ ਪਰਾਲੀ ਪ੍ਰਬੰਧਨ ਦੀਆਂ ਮਸ਼ੀਨਾਂ ਦਿੱਤੀਆਂ ਗਈਆਂ ਅਤੇ ਸਾਰੇ ਡਿਪਟੀ ਕਮਿਸ਼ਨਰਾਂ ਨੇ ਪ੍ਰਭਾਵੀ ਢੰਗ ਅਪਣਾ ਕੇ ਪਰਾਲੀ ਸਾੜਨ ਦੀਆਂ ਘਟਨਾਵਾਂ ਕਾਫੀ ਘਟਾਈਆਂ ਵੀ ਹਨ।

ਮੁੱਖ ਸਕੱਤਰ ਨੇ ਕਿਹਾ ਕਿ ਹਰ ਹਫਤੇ ਪਰਾਲੀ ਪ੍ਰਬੰਧਨ ਲਈ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਪੰਜਾਬ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਜਾ ਰਹੀ ਹੈ ਤਾਂ ਜੋ ਪਰਾਲੀ ਸਾੜਨ ਤੋਂ ਰੋਕਣ ਲਈ ਸਾਰਥਕ ਹੰਭਲੇ ਮਾਰੇ ਜਾ ਸਕਣ। ਮੁੱਖ ਸਕੱਤਰ ਨੇ ਦੱਸਿਆ ਕਿ ਉਨ੍ਹਾਂ ਹਾਟ-ਸਪਾਟਸ 'ਤੇ ਅਧਿਕਾਰੀਆਂ ਵੱਲੋਂ ਜ਼ਿਆਦਾ ਫ਼ੋਕਸ ਕੀਤਾ ਗਿਆ ਹੈ ਜਿਨ੍ਹਾਂ ਪਿੰਡਾਂ ਵਿਚ ਪਿਛਲੇ ਸਾਲਾਂ ਦੌਰਾਨ ਨਾੜ ਨੂੰ ਅੱਗ ਲਾਉਣ ਦੇ ਮਾਮਲੇ ਸਾਹਮਣੇ ਆਉਂਦੇ ਰਹੇ ਹਨ। ਇਸ ਤੋਂ ਇਲਾਵਾ ਸਾਰੇ 23 ਜ਼ਿਲ੍ਹਿਆਂ ਵਿਚ ਸੀਨੀਅਰ ਆਈਏਐਸ ਅਫਸਰ ਜਿਨ੍ਹਾਂ ਨੂੰ ਸਬੰਧਤ ਜ਼ਿਲ੍ਹੇ ਦਾ ਸਕੱਤਰ ਇੰਚਾਰਜ ਲਾਇਆ ਗਿਆ ਹੈ, ਵੱਲੋਂ ਸਮੇਂ-ਸਮੇਂ 'ਤੇ ਦੌਰਾ ਕਰਕੇ ਪਰਾਲੀ ਪ੍ਰਬੰਧਨ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਜਾ ਰਿਹਾ ਹੈ।

ਮੁੱਖ ਸਕੱਤਰ ਨੇ ਦੱਸਿਆ ਕਿ ਜਿਹੜੇ ਕਿਸਾਨਾਂ ਵੱਲੋਂ ਪਰਾਲੀ ਨਹੀਂ ਸਾੜੀ ਗਈ ਉਨ੍ਹਾਂ ਦਾ ਪੰਜਾਬ ਸਰਕਾਰ ਅਤੇ ਵੱਖ-ਵੱਖ ਜ਼ਿਲ੍ਹਾਂ ਪ੍ਰਸ਼ਾਸ਼ਨਾਂ ਵੱਲੋਂ ਸਨਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਰਾਹੀਂ ਵੀ ਸਮਝਾਇਆ ਗਿਆ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਬੱਚਿਆਂ ਨੂੰ 'ਗੰਧਲਾ ਤੇ ਪ੍ਰਦੂਸ਼ਿਤ' ਭਵਿੱਖ ਮਿਲੇਗਾ। ਇਸ ਤੋਂ ਇਲਾਵਾ ਧਾਰਮਿਕ ਸਥਾਨਾਂ ਰਾਹੀਂ ਵੀ ਪਰਾਲੀ ਨਾ ਸਾੜਨ ਦੀ ਵਾਰ-ਵਾਰ ਅਪੀਲ ਕੀਤੀ ਜਾ ਰਹੀ ਹੈ। ਮੁੱਖ ਸਕੱਤਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਅਤੇ ਨੌਜਵਾਨਾਂ ਦੇ ਸਿਹਤਮੰਦ ਭਵਿੱਖ ਲਈ ਹਰ ਹਾਲਤ ਵਿਚ ਪਰਾਲੀ ਨੂੰ ਨਾ ਸਾੜਿਆ ਜਾਵੇ ਅਤੇ ਇਸ ਦੇ ਪ੍ਰਬੰਧਨ ਲਈ ਸਰਕਾਰ ਦਾ ਸਾਥ ਦਿੱਤਾ ਜਾਵੇ।

# ਜਗਤ ਗੁਰ ਪੀਰ ਗੁਰੂ ਬਾਬਾ ਨਾਨਕ

-ਮਨਦੀਪ ਕੌਰ ਭੰਮਰਾ



ਜਗਤ ਗੁਰ ਪੀਰ ਬਾਬਾ ਨਾਨਕ ਨੇ ਸਾਡੇ ਨਾਨਕ,
ਪੀਰਾਂ ਦੇ ਪੀਰ ਜੋ ਬਾਬਾ ਨਾਨਕ ਨੇ ਸਾਡੇ ਨਾਨਕ,
ਨਨਕਾਣੇ ਦੀ ਧਰਤ ਵਿਖੇ ਜਨਮੇ ਨੇ ਸਾਡੇ ਨਾਨਕ,
ਪਵਿੱਤਰ ਕਰਤੀ ਧਰਤੀ ਉਨ੍ਹਾਂ ਜੋ ਨੇ ਸਾਡੇ ਨਾਨਕ।
ਮਾਤਾ ਤਰਿਪਤਾ ਅਤੇ ਪਿਤਾ ਸਨ ਮਹਿਤਾ ਕਾਲੂ ਜੀ,
ਭੈਣ ਸਨ ਬੇਬੇ ਨਾਨਕੀ ਜੋ ਬਹੁਤ ਹੀ ਦਿਆਲੂ ਸੀ,
ਦਾਈ ਦੌਲਤਾਂ ਨੇ ਦਰਸ਼ਨ ਕੀਤੇ ਤੇ ਮੁਸਕੁਰਾਏ ਸੀ,
ਭਾਈਆ ਜੈ ਰਾਮ ਜੀ ਵੀ ਨਾਨਕ ਦੇ ਸ਼ਰਧਾਲੂ ਸੀ।
ਆਮ ਕੋਈ ਬਾਲ ਨਹੀਂ ਸੀ ਨਾਨਕ ਨਿਰੰਕਾਰੀ ਸੀ,
ਭੈਣ ਸੀ ਜਾਣਦੀ ਕਿ ਓਦ੍ਹਾ ਵੀਰਾ ਤਾਂ ਲਾਸਾਨੀ ਸੀ,
ਬਾਬਲ ਨੇ ਮਾਰ ਚਪੇੜਾਂ ਗੱਲ੍ਹਾਂ ‘ਤੇ ਸਨ ਨੀਲ ਪਾਏ,
ਭੈਣ ਨੇ ਡਾਢਾ ਰੋਸ ਕੀਤਾ ਬਾਬਲ ਦੀ ਨਾਦਾਨੀ ਸੀ।
ਪਾਂਧੇ ਨੂੰ ਪੜ੍ਹਨੇ ਪਾਇਆ ਨਾਨਕ ਨੇ ਬਾਲ ਉਮਰੇ,
ਜਨੇਊ ਉਹ ਪਾ ਦੇ ਮੇਰੇ ਜੋ ਟੁੱਟੇ ਨਾ ਲੱਥੇ ਤਾਉਮਰੇ,
ਕਾਜ਼ੀ ਨੂੰ ਵੀ ਸਮਝਾਤਾ ਨਾਨਕ ਬਾਲ ਮਹਾਨ ਸਨ,
ਨਾਨਕ ਦੱਸਣ ਲੱਗੇ ਗੱਲਾਂ ਵੱਡੀਆਂ ਨਿੱਕੀ ਉਮਰੇ।
ਨਾਨਕ ਫਿਰ ਵੱਡੇ ਹੋਏ ਤਾਂ ਲਾ ਕੇ ਸਮਾਧੀ ਬੈਠਦੇ,
ਪਿਤਾ ਪਟਵਾਰੀ ਨੂੰ ਚਿੰਤਾ ਹੁੰਦੀ ਸਭ ਕੁੱਝ ਦੇਖਕੇ,
ਚਾਹੁੰਦੇ ਸੀ ਮਹਿਤਾ ਕਾਲੂ ਨਾਨਕ ਕੋਈ ਕਾਰ ਕਰੇ,
ਚੁੱਪਚਾਪ ਰਹਿੰਦੇ ਪੁੱਤਰ ਨੂੰ ਦੇਖ ਸੀ ਉਹ ਝੂਰਦੇ।
ਸਾਖੀ ਵੀਹ ਰੁਪਿਆਂ ਵਾਲ਼ੀ ਅਸੀਂ ਸਭ ਹਾਂ ਸੁਣਦੇ,
ਵਣਜ ਨੂੰ ਦਿੱਤੀ ਜੋ ਪੂੰਜੀ ਨੂੰ ਅੱਜ ਤੱਕ ਹਾਂ ਗਿਣਦੇ,
ਲੰਗਰਾਂ ਦੀ ਪ੍ਰਥਾ ਚੱਲਦੀ ਅੱਜ ਨਾਨਕ ਦੇ ਸਦਕੇ,
ਨਾਨਕ ਦੇ ਸਿੱਖ ਗੁਰੂ ਨਾਨਕ ਦੀ ਬਾਣੀ ਹਾਂ ਸੁਣਦੇ!
ਨਾਨਕ ਨੇ ਪੰਥ ਚਲਾਇਆ ਦੁਨੀਆਂ ਤੋਂ ਨਿਆਰਾ,
ਇੱਕ ਰਬਾਬੀ ਮਰਦਾਨਾ ਸੀ ਬਹੁ ਸੰਗੀ ਪਿਆਰਾ,
ਪੈਦਲ ਹੀ ਤੁਰਦੇ ਸੀ ਚਾਹੇ ਪੈਰੀਂ ਹੋਵੇ ਕੋਈ ਛਾਲਾ,
ਬਾਲਾ ਵੀ ਕਹਿੰਦੇ ਨੇ ਜਾਂ ਮਰਦਾਨਾ ਹੋਵੇ ਦੁਲਾਰਾ।
ਨਾਨਕ ਕਲ਼ਯੁੱਗ ਦੇ ਅਵਤਾਰ ਸਨ ਤਾਰਨ ਆਏ,
ਨਿਰੰਕਾਰ ਨੇ ਆਪ ਭੇਜੇ ਨਾਨਕ ਨਿੰਰਕਾਰੀ ਆਏ,
ਦੁਨੀਆਂ ‘ਤੇ 'ਨ੍ਹੇਰੀ ਸੀ ਪਰਜਾ ਬਹੁਤ ਦੁਖਿਆਰੀ,
‘ਰਾਜੇ ਸ਼ੀਂਹ ਮੁਕੱਦਮ ਕੁੱਤੇ’ਨਾਨਕ ਨੇ ਗੀਤ ਗਾਏ।
ਧਰਮਾਂ ਨੂੰ ਨਾਨਕ ਕਹਿੰਦੇ ਸਾਰੇ ਹੀ ਮਹਾਨ ਹਨ,
ਧਰਮ ਦੇ ਠੇਕੇਦਾਰ ਉਹ ਜਾਣਦੇ ਕਿ ਸ਼ੈਤਾਨ ਸਨ,
ਨਾਥਾਂ ਤੇ ਜੋਗੀਆਂ ਨੂੰ ਬਾਲ ਨਾਨਕ ਸਮਝਾਇਆ,
ਸਾਰੇ ਹੀ ਪਾਂਡੇ,ਪੰਡਿਤ ਤੇ ਕਾਜ਼ੀ ਬੜੇ ਹੈਰਾਨ ਸਨ।
ਗੁਰੂ ਨੇ ਮਿਸ਼ਨ ਦੀ ਖਾਤਰ ਜੀਵਨ ਜਦ ਲਾਇਆ,
ਮਾਰਿਆ ਸਿੱਕਾ ਧਰਮ ਦਾ ਨਵਾਂ ਪੰਥ ਚਲਾਇਆ,
ਮਾਨਵਤਾ ਦੀ ਰਾਖੀ ਲਈ ਵਾਰਿਆ ਜਿਸ ਜੀਵਨ,
ਅੰਤ ਵਿੱਚ ਹਲ਼ ਚਲਾਏ ਕਰਤਾਰਪੁਰ ਵਸਾਇਆ।
ਜਿਤਨੀ ਵੀ ਕਰੀਏ ਥੋੜ੍ਹੀ ਨਾਨਕ ਦੀ ਵਡਿਆਈ,
ਅਸਲੀ ਜੋ ਧਰਮ ਦੀ ਸੇਵਾ ਨਾਨਕ ਦੇ ਹਿੱਸੇ ਆਈ,
ਹਰ ਇੱਕ ਨੂੰ ਜਾਪੇ ਨਾਨਕ ਉਸੇਦੇ ਨੇ ਜੋ ਨਾਮਲੇਵਾ,
ਕਿਰਤ, ਨਾਮ ਤੇ ਵੰਡ ਛਕਣ ਦੀ ਸੀ ਰੀਤ ਚਲਾਈ।
ਤੇਰਾ ਤੇਰਾ ਤੋਲਿਆ ਸੀ ਜਦ ਨਾਨਕ ਨੇ ਮੋਦੀਖਾਨੇ,
ਕਿਸੇ ਨੇ ਕੰਨ ਭਰੇ ਤੋਲਣ ਤੇ ਨਿਕਲ਼ੇ ਸੀ ਵੱਧ ਦਾਣੇ,
ਬਰਕਤਾਂ ਨੇ ਗੁਰੂ ਨਾਨਕ ਦੇ ਨਾਂ ਦੀ ਹੁੰਦੀ ਕਮਾਈ,
ਖਾਂਦੇ ਨੇ ਮੰਨਣ ਵਾਲ਼ੇ ਨਾਨਕ ਦੇ ਹੀ ਦਿੱਤੇ ਜੋ ਖਾਣੇ।
ਬਹੁਤ ਕੁੱਝ ਕਹਿ ਸਕਦੇ ਹਾਂ ਨਾਨਕ ਹਨ ਨਿਆਰੇ,
ਮੇਰੀ ਕਲਮ ਦੀ ਕੀ ਔਕਾਤ ਲਿਖੇ ਜੋ ਨਾਨਕ ਬਾਰੇ,
ਚਾਹੀਦਾ ਸੀ ਸਾਨੂੰ ਅਸੀਂ ਨਾਨਕ ਨੂੰ ਸਮਝ ਸਕਦੇ,
ਅਸੀਂ ਮੁੱਲ ਨਹੀਂ ਸਮਝੇ ਬਣੇ ਨਾਨਕ ਸਾਡੇ ਸਹਾਰੇ।
ਸੱਚਾਂ ਨੂੰ ਦਰਸਾਉਣ ਲਈ ਨਾਨਕ ਨੇ ਬਾਣੀ ਰਚੀ,
ਜਪੁਜੀ, ਆਸਾ ਦੀ ਵਾਰ, ਆਰਤੀ ਜੋ ਪੜ੍ਹਦੇ ਅਸੀਂ,
ਬਾਕੀ ਦੇ ਸਭ ਸ਼ਬਦ ਗੁਰੂ ਗਰੰਥ ਅੰਦਰ ਦਰਜ ਨੇ,
ਗੁਰੂ ਨਾਨਕ ਤੇ ਬਾਕੀ ਗੁਰੂਆਂ ਨੂੰ ਹਾਂ ਮੰਨਦੇ ਅਸੀਂ।
ਗੁਰੂ ਨਾਨਕ ਦੀ ਜੋਤ ਦਸਾਂ ਗੁਰੂਆਂ ਵਿੱਚ ਵਰਤੀ,
ਗੁਰੂ ਨਾਨਕ ਜਿੱਥੇ ਵੀ ਪੈਰ ਪਾਏ ਪਾਕ ਹੈ ਧਰਤੀ,
ਕੌਡੇ ਤੇ ਸੱਜਣ ਤਾਰੇ ਨਾਨਕ ਨੇ ਸੀ ਪੰਜਾ ਲਾਇਆ,
ਦੂਰ ਦੁਰਾਡੇ ਗਏ ਨਾਨਕ ਬਾਣੀ ਵੀ ‘ਕੱਠੀ ਕਰਤੀ।
ਫਰੀਦ ਦੀ ਬਾਣੀ ਲਿਆਏ ਪਾਕਪਟਨ ਜਦ ਗਏ,
ਕਬੀਰ ਨੂੰ ਮਿਲਣ ਨਾਨਕ ਮਧਹਰ ਵੀ ਸਨ ਗਏ,
ਨਾਨਕ ਨੇ ਮੱਕਾ ਘੁਮਾਇਆ ਕਹਾਣੀ ਹਾਂ ਸੁਣਦੇ,
ਜਗਨਨਾਥ ਪੁਰੀ ਵੀ ਆਰਤੀ ਵਿੱਚ ਸ਼ਾਮਲ ਹੋਏ।
ਜਿੱਥੇ ਵੀ ਗਏ ਨਾਨਕ ਉੱਥੋਂ ਦੀ ਭਾਸ਼ਾ ਬੋਲੀ ਹੋਵੇ,
ਨਾਨਕ ਨੇ ਗੁਰਮੁਖੀ ਵਰਤੀ ਲੋਕਾਂ ਨੂੰ ਸਮਝ ਹੋਵੇ,
ਨਾਨਕ ਕੋਈ ਆਮ ਨਹੀਂ ਉਹ ਹਨ ਮਹਾਂਮਾਨਵ,
ਗੁਣ ਨਹੀਂ ਜਾਣ ਸਕਦੇ ਅਸੀਂ ਕਿੰਨ੍ਹੀ ਅਕਲ ਹੋਵੇ।
ਨਾਨਕ ਮੱਝਾਂ ਚਾਰੀਆਂ ਅਤੇ ਨਾਨਕ ਨੇ ਹਲ਼ ਵਾਹੇ,
ਗ੍ਰਹਿਸਥੀ ਜੀਵਨਾਂ ਦੇ ਸਿੱਖਾਂ ਨੂੰ ਅਰਥ ਸਮਝਾਏ,
ਸਿੱਖੀ ਦੇ ਜੀਵਨ ਅੰਦਰ ਗ੍ਰਹਿਸਥੀ ਨੂੰ ਮਾਨਤਾ ਦੇ,
ਔਰਤ ਨੂੰ ਦਰਜਾ ਦੇ ਕੇ ਉਸਦੇ ਅਧਿਕਾਰ ਦਿਵਾਏ।
ਨਾਨਕ ਨੇ ਉਸ ਗ੍ਰਹਿਸਥ ਨੂੰ ਆਪ ਅਪਣਾਇਆ,
ਮਾਤਾ ਸੁਲੱਖਣੀ ਜੀ ਨਾਲ਼ ਵਿਆਹ ਕਰਵਾਇਆ,
ਬਾਬਾ ਸ੍ਰੀ ਚੰਦ ਤੇ ਬਾਬਾ ਲਖਮੀ ਦਾਸ ਸਨ ਜਨਮੇ,
ਬਟਾਲੇ ਦੀ ਧਰਤੀ ਨੂੰ ਦੁਨੀਆਂ ਉੱਤੇ ਰੁਸ਼ਨਾਇਆ।
‘ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ’ ਦੇ,
ਖਲਕਤ ਨੂੰ ਸ਼ਬਦ ਆਖੇ ਨਾਨਕ ਨੇ ਰਾਖੇ ਨਾਰੀ ਦੇ,
ਬਾਬਰ ਨੂੰ ਮਿਹਣੇ ਮਾਰੇ ਸੀ ਸਮੇਂ ਦਾ ਹਾਕਮ ਰਿਹਾ,
ਲੋਕਾਈ ਦੇ ਹੱਕਾਂ ਲਈ ਬਾਬਰ ਦੀ ਕੈਦ ਵਿੱਚ ਗਏ।
ਕੀ ਕੀ ਗੱਲਾਂ ਆਖਾਂ ਮੈਂ ਗੁਰੂ ਨਾਨਕ ਮਹਾਨ ਬਾਰੇ,
ਮਨੁੱਖ ਦੇ ਜਾਮੇ ਵਿੱਚ ਨਾਨਕ ਸਨ ਰੱਬ ਦੇ ਦੁਲਾਰੇ,
ਅਸੀਂ ਨਾਨਕ ਦੀ ਬਾਣੀ ਪੜ੍ਹੀਏ ਨਿਸ਼ਚਾ ਧਾਰ ਕੇ,
ਸਿੱਖੀ ਦੇ ਵਾਰਿਸ ਬਣੀਏ ਜੇ ਨਾਨਕ ਹਨ ਪਿਆਰੇ।
ਰਾਇ ਬੁਲਾਰ ਜੀ ਨੂੰ ਯਾਦ ਕਰਾਂ ਤੇ ਸੀਸ ਝੁਕਾਵਾਂ,
ਗੁਰੂ ਨਾਨਕ ਦੀਆਂ ਰਹਿਮਤਾਂ ਦਾ ਕਰਜ਼ ਚੁਕਾਵਾਂ,
ਹਰੇ ਭਰੇ ਖੇਤਾਂ ਨੂੰ ਦੇਖਣ ਕਦੋਂ ਕਰਤਾਰਪੁਰ ਜਾਵਾਂ,
ਮਨਦੀਪ ਸੋਚੇ ਜਾ ਚੁੰਮਾਂ ਓਹ ਮਿੱਟੀ ਮੱਥੇ ਨੂੰ ਲਾਵਾਂ।
ਸਾਡੇ ਸਭਨਾਂ ਦੇ ਗੁਰੂ ਨਾਨਕ ਰਹਿਮਤ ਦੇ ਪੁੰਜ ਨੇ,
ਸਾਡੀਆਂ ਸੁਰਤਾਂ ਵਿੱਚ ਵੱਸਦੇ ਜੋ ਉੱਝ ਦੇ ਉੱਝ ਨੇ,
ਅਸਾਂ ਕਰਮਾਂ ਵਾਲ਼ੇ ਹਾਂ ਜੀ ਗੁਰੂ ਨਾਨਕ ਦੇ ਸਦਕੇ,
ਦਸਾਂ ਗੁਰੂਆਂ ‘ਚ ਜੋਤ ਵਰਤੀ ਸ਼ਬਦ ਸਭ ਕੁੱਝ ਨੇ।
ਸਿੱਖੀ ਮਹਾਨ ਧਰਮ ਦੁਨੀਆਂ ਵਿੱਚ ਹੈ ਨਿਆਰਾ,
ਕੌਮ ਅੱਜ ਦੋਫਾੜ ਹੋਈ ਹੈ ਨਹੀਂ ਦਿਸਦਾ ਕਿਨਾਰਾ,
ਖ਼ਾਲਸਾ ਪੰਥ ਰਹੇਗਾ ਦੁਨੀਆਂ ਉੱਤੇ ਸਦੀਵਕਾਲੀ,
ਨਾਨਕ ਅਵਤਾਰ ਸਾਡਾ ਸਾਂਝਾ ਹਰਮਨ ਪਿਆਰਾ।

( ਪੁਸਤਕ -‘‘ਗੁਰੂ ਨਾਨਕ ਅਵਤਾਰ’’ ਵਿੱਚੋਂ)

# ਪੰਜਾਬੀ ਦਾ ਇਸਤਰੀ ਕਾਵਿ ਅਤੇ ਕਵਿਤਰੀਆਂ ਦਾ ਉਠਾਨ



-ਜਗਦੀਸ਼ ਸਿੰਘ ਚੋਹਕਾ-

ਜਿਹੜਾ ਦੇਸ਼ ਜਿਨਾਂ ਹੀ ਸਮਰਿੱਧ ਹੁੰਦਾ ਹੈ, ਸੁੱਖੀ ਹੁੰਦਾ ਹੈ। ਗਰੀਬੀ ਤੋਂ ਮੁਕਤ ਹੁੰਦਾ ਹੈ ਉਤਨੀ ਹੀ ਉਸਦੀ ਸਿਰਜਨ-ਾਤਮਕ ਸ਼ਕਤੀ ਅਤਿ ਵਿਕਸਤ ਹੁੰਦੀ ਹੈ। ਇਹ ਸ਼ਕਤੀ ਕਵਿਤਾ, ਮੂਰਤੀਕਲਾ, ਕ੍ਰਿਤਕਲਾ, ਸੰਗੀਤਕਲਾ ਆਦਿ ਦੇ ਅਧਿਐਨ ਨਾਲ ਵੱਧ ਤੋਂ ਵੱਧ ਅਭਿਵਿਅਕਤੀ ਪਾਉਂਦੀ ਹੈ ਅਤੇ ਗਿਆਨ ਦੀ ਸੰਸਕ੍ਰਿਤੀ ਨੂੰ ਜੀਵਨ ਪ੍ਰਦਾਨ ਕਰਦੀ ਹੈ। ਭੁੱਖੇ ਅਭਾਵ-ਗ੍ਰਸਤ ਪੱਛੜੇ ਹੋਏ ਅਤੇ ਅਸੱਭਯ ਦੇਸ਼ਾਂ ਦੀ ਸੰਸਕ੍ਰਿਤੀ ਵੀ ਰੰਕ ਹੁੰਦੀ ਹੈ ! ਪੰਜਾਬ ਭਾਵੇਂ ਸਰਹੱਦੀ ਸੂਬਾ ਰਿਹਾ ਹੈ, ਪਰ ਇੱਥੋਂ ਦੇ
ਨਿਵਾਸੀ ਸੰਗੀਤ, ਸਹਿਤ ਤੇ ਕਲਾ ਪ੍ਰੇਮੀ ਹੋਏ ਹਨ। 1500 ਪੂ.ਈ. ਦੇ ਨੇੜੇ ਤੇੜੇ ਆਰੀਆ ਲੋਕਾਂ ਦੇ ਪੰਜਾਬ ਵਿੱਚ ਆਉਣ ਨਾਲ ਲਗਪੱਗ ਇਕ ਹਜ਼ਾਰ ਵਰ੍ਹਿਆਂ ਲਈ ਜੋ ਇਤਿਹਾਸਕ ਤਸਵੀਰ ਉਘੜਦੀ ਹੈ ਉਹ ਸਰਾਸਰ ਉਹਨਾਂ ਧਾਰਮਿਕ ਗ੍ਰੰਥਾਂ ਉਤੇ ਅਧਾਰਿਤ ਹੈ ਜੋ ਆਰੀਆ ਲੋਕਾਂ ਦੀ ਕਿਰਤ ਮੰਨੀ ਜਾ ਸਕਦੀ ਹੇ। ਪੰਜਾਬ ਅੰਦਰ ਕਲਾ ਦੇ ਵਿਕਾਸ ਅੰਦਰ ਲੋਕ-ਕਲਾ (ਫੋਕ) ਦਾ ਵੱਡਾ ਯੋਗਦਾਨ ਰਿਹਾ ਹੈ। ਫੋਕ-ਕਲਾ ਦੀ ਸਿਰਜਣਹਾਰ ਸਾਡੀ ਪੰਜਾਬਣ ਹੈ ਜਿਸ ਨੇ ਇਸਤਰੀ ਨੂੰ ਕਈ ਤਰ੍ਹਾਂ ਦੀਆ ਹੀਣ-ਭਾਵਨਾਵਾਂ ਤੋਂ ਬਚਾ ਰੱਖਿਆ। ਬੱਚੇ ਦੇ ਜੰਮਣ ‘ਤੇ ਉਹ ਦਰਵਾਜੇ ਉਤੇ ਸੱਜੇ-ਖੱਬੇ ਹੱਥਾਂ ਦੇ ਪੰਜੇ ਲਾਉਂਦੀ ਹੈ, ਕਾਲੇ ਰੰਗ ਨਾਲ ਲਾਇਆ ਠੱਪਾ, ਵਿਆਹ-ਸ਼ਾਦੀਆਂ
ਸਮੇਂ ‘ਤੇ ਉਲੀਕੇ ਗਏ ਨਮੂਨੇ,ਬਿੰਬ ਤੇ ਪ੍ਰਤੀਕ ਹੀ ‘ਭਾਸ਼ਾ’ ਦਾ ਰੂਪ ਧਾਰਦੇ ਗਏ ਹਨ। ਉਹ ਗੱਲਾਂ ਜਿਹਨਾਂ ਨੂੰ ਮੂੰਹੋਂ ਨਹੀਂ ਸਮਝਾਇਆ ਜਾ ਸਕਦਾ, ‘ਇਹ ਬਿੰਬ ਹੀ ਸਮਝਾਉਂਦੇ ਹਨ ਜੋ ਇਸਤਰੀ ਦੀ ਅੰਦਰੂਨੀ ਮਾਨਸਿਕਤਾ (ਸਾਈਕੀ) ਦਾ ਪ੍ਰਤੀਕ ਹਨ।

ਇਸਤਰੀ ਦੇ ਅਰਧ ਚੇਤਨ ਅਤੇ ਚੇਤਨ ਮਨ ਵਿੱਚ ਉਭਰਦੇ ਹਾਵ-ਭਾਵ, ਸਮਾਜ ਦੇ ਤਸੀਹੇ, ਨਾਇਕ ਨੂੰ ਮਿਲਣ ਦੀ ਪ੍ਰਬਲ ਇੱਛਾ, ਸੰਯੋਗ-ਵਿਯੋਗ ਦੀਆਂ ਪ੍ਰਵਿਰਤੀਆਂ, ਇਸਤਰੀ ਦੀ ਸੁੰਦਰਤਾ ਲਈ ਨਕਸ਼ ਵਰਣਨ, ਤਰ੍ਹਾਂ-ਤਰ੍ਹਾਂ ਦੀਆਂ ਸਰੀਰਕ ਅੰਗ-ਭੰਗਿਆਵਾਂ, ਮੌਸਮ ਤਬਦੀਲ ਹੋਣ ਦੇ ਨਾਲ-ਨਾਲ ਇਸਤਰੀ-ਮਰਦ ਅੰਦਰ ਆਈ ਤਬਦੀਲੀ ਨੂੰ ਪੰਜਾਬ ਦੇ ਸਾਹਿਤਕ ਖੇਤਰ ਅੰਦਰ ਦੋਹਾਂ ਹੀ ਇਸਤਰੀ ਤੇ
ਮਰਦ ਨੂੰ ਸਮੇਂ-ਸਮੇਂ ਅੰਦਰ ਕਾਵਿ ਰਚਨਾਵਾਂ ਲਈ ਜਨਮ ਦਿੱਤਾ। ਸਮੁੱਚੇ ਪੰਜਾਬ ਦੇ
ਸਾਹਿਤਕ ਖੇਤਰ ਦੇ ਇਤਿਹਾਸ ਅੰਦਰ ਅੱਜ ਇਸਤਰੀ ਕਵਿਆਂ, ਉਹਨਾਂ ਦੀਆ ਕਾਵਿ ਰਚਨਾਵਾਂ ਅਤੇ ਕਲਾਵਾਂ ਦਾ ਸਮਾਜ ਅੰਦਰ ਵੱਡਾ ਯੋਗਦਾਨ ਰਿਹਾ ਹੈ। ਉਸ ਦਾ ਪੰਜਾਬੀ ਸੱਭਿਆਚਾਰ, ਵੰਨ-ਸੁਵੰਨਤਾ ਤੇ ਵਿਲੱਖਣਤਾ ਅੰਦਰ ਪੂਰੀ ਹਿੱਸੇਦਾਰੀ ਵੀ ਰਹੀ ਹੈ, ਪਰ ਸਮਾਜ ਅੰਦਰ ਮਰਦ-ਪ੍ਰਧਾਨ ਮਾਨਸਿਕਤਾ
ਨੇ ਇਸਤਰੀ ਦੀ ਕਾਵਿ ਪ੍ਰਤਿਭਾ ਨੂੰ ਨਾ ਪਨਪਣ ਦਿੱਤਾ ਤੇ ਨਾ ਹੀ ਉਸਰਨ ਦਿੱਤਾ ?

ਹੜੱਪਾ ਦੀ ਖੁਦਾਈ ਤੋਂ ਪ੍ਰਾਚੀਨ ਪੰਜਾਬ ਦੇ ਗੌਰਵ ਦਾ ਬੇਅੰਤ ਭੰਡਾਰ ਮਿਲਿਆ ਹੈ। ਪੱਥਰ ਤੇ ਤਾਂਬੇ ਦੇ ਹਥਿਆਰ, ਖੇਤੀ ਸੰਦ, ਚਿਤਰ, ਮੂਲ ਲਿਪੀ ਦੇ ਨਿਸ਼ਾਨ, ਲਲਿਤ ਕਲਾਵਾਂ ਦੇ ਹਥਿਆਰ, ਬਰਤਨ, ਸੁੰਦਰ ਮੂਰਤੀਆਂ, ਗਹਿਣੇ, ਨੱਚਦੀ ਮੂਰਤੀ, ਦੇਵੀ ਮਾਤਾ ਦੀ ਮੂਰਤੀ ਅਤੇ ਹੋਰ ਕਈ ਤਰ੍ਹਾਂ ਦੇ ਚਿੰਨ੍ਹ
ਜੋ ਉਸ ਸਮੇਂ ਦੀ ਉਨਤ ਸੱਭਿਅਤਾ ਦਾ ਪ੍ਰਤੀਕ ਹਨ ਮਿਲੇ। ਹੜੱਪਾ ਸੱਭਿਅਤਾ ਅੰਦਰ ਮਰਦ-ਇਸਤਰੀ ਦੋਨੋ ਕਲਾ-ਪ੍ਰਣਾਲੀ ਅੰਦਰ ਨਿਪੁੰਨ ਸਨ। ਬੁੱਧਾ-ਕਾਲ ਦੌਰਾਨ ਮਿਲੀਆਂ ਮੂਰਤੀਆਂ, ਸ਼ਿਲਾ-ਲੇਖ ਤੇ ਸਤੰਭਾਂ ਉਪਰ
ਉਕਰੀਆਂ ਕਲਾ-ਕਿਰਤੀਆਂ ਦੀ ਅਗਵਾਨੀ ਹੜੱਪਾ ਤੋਂ ਉਤਾਰੀ ਲੱਗਦੀ ਹੈ। ਰਿਗਵੇਦ ਵਿੱਚ ਜੋ ਭੂਗੋਲਿਕ ਹਵਾਲੇ ਹਨ ਉਨਾਂ ਵਿੱਚ ਸਭ ਤੋਂ ਪ੍ਰਮੁੱਖ ਵਰਣਨ ਸਪਤ ਸਿੰਧੂ ਦਾ ਹੈ, ਜੋ ਅੱਜ ਦੇ ਪੰਜਾਬ ਦਾ ਪ੍ਰਾਚੀਨ ਨਾਮ ਹੈ। ਰਿਗਵੇਦ ਤੋਂ ਤਤਕਾਲੀ ਪੰਜਾਬੀ ਸੱਭਿਆਚਾਰ ‘ਤੇ ਜੀਵਨ ਦੀ ਝਲਕ ਮਿਲਦੀ ਹੈ।

ਉਦੋਂ ਪਰਿਵਾਰ ਅਧਾਰਤ ਸਮਾਜ ਸੀ ਤੇ ਪਤਨੀ ਦਾ ਪੂਰਾ ਸਤਿਕਾਰ ਸੀ। ਮਰਦ ਅਤੇ ਇਸਤਰੀ ਦੇ ਸੰਬੰਧਾਂ ਦੀ ਮਨੋ-ਵਿ-ਗਆਨਕ ਚਰਚਾ ਪਰੂਰਵਾ (ਨਾਇਕ) ਤੇ ਉਰਵਸ਼ੀ (ਨਾਇਕਾ), ਅਗਸਤਯ ਅਤੇ ਲੋਪਾਮੁਦ੍ਰਾ ਅਤੇ ਯਮ ਤੇ ਯਮੀ ਦੇ ਸੰਵਾਦਾਂ ਰਾਹੀਂ ਪੇਸ਼ ਕੀਤੀ ਗਈ ਸੀ (ਸੋਸਦੀਸ: ਰਿਤਵਜਾ ਪ੍ਰਚਰੰਤਿ) ਮਿਲਦੀ ਹੈ। ਭਾਵ ਇਸਤਰੀ ਵੀ ਆਪਣੇ ਵਿਚਾਰ ਸੰਵਾਦਾਂ ਰਾਹੀਂ ਪ੍ਰਗਟ ਕਰਦੀ ਸੀ।

ਪੰਜਾਬ ਦਾ ਇਤਿਹਾਸ ਲੰਬੇ ਸਮੇਂ ਤੋਂ ਕਬੀਲਦਾਰੀ, ਰਾਜਾਸ਼ਾਹੀ, ਜਾਗੀਰਦਾਰੀ, ਬੱਸਤੀਵਾਦ ਦੇ ਕਾਲ ਅੰਦਰ ਮਰਦ ਪ੍ਰਧਾਨ ਸਮਾਜ ਹੀ ਕਾਬਜ਼ ਰਿਹਾ ਹੈ, ਜੋ ਮਨੁੱਖੀ ਸੰਬੰਧਾਂ ਉਪਰ ਵੀ ਪ੍ਰਭਾਵ ਪਾਉਂਦਾ ਰਿਹਾ ਹੈ। ਸ਼ੁਰੂ ਤੋਂ ਹੀ ਇਸਤਰੀ ਨੂੰ ਇਨ੍ਹਾਂ ਯੁੱਗਾਂ ਅੰਦਰ ਅਧੀਨਗੀ ਹੇਠ, ਮਨ-ਪਰਚਾਵਾਂ ਅਤੇ ਘਰ ਦੀ ਚਾਰਦੀਵਾਰੀ ਅੰਦਰ ਹੀ ਡੱਕ ਕੇ ਰੱਖਿਆ ਗਿਆ। ਉਸ ਤੋਂ ਸਦਾ ਤਿਆਗ, ਕੁਰਬਾਨੀ ‘ਤੇ ਮਮਤਾ ਦੀ ਉਮੀਦ ਰੱਖੀ। ਭਾਵੇਂ ਉਸ ਦੇ ਮਨੋ-ਸੰਵਾਦਨਾ ਅੰਦਰ ਉਠਾਨ ਆਇਆ, ਵਲਵਲੇ ਪੈਦਾ ਹੋਏ, ਗੁੱਸਾ ਤੇ ਵਿਦਰੋਹ ਨੇ ਵੀ ਜਨਮ ਲਿਆ, ਪਰ ਸਦੀਆਂ ਦੀ ਲਤਾੜੀ ਉਹ ਨਾ ਬੋਲ ਸਕੀ, ਬੋਲੀ ਤਾਂ ਸੁਣੀ ਨਾ ਗਈ ਜਾਂ ਫਿਰ ਉਸ ਦੀ ਭਾਵਨਾ ਦੇ ਉਲਟ ਅਰਥ ਕੱਢ ਲਏ ਗਏ ?

ਸਗੋਂ ! ਤਾਂ ਇਸਤਰੀ ਨੇ ਆਪਣੇ ਵਲਵੱਲਿਆਂ, ਵਿਦਰੋਹ ਅਤੇ ਗੁੱਸੇ ਨੂੰ ਆਪਣੇ ਢੰਗ ਨਾਲ ਬਿੰਬਾਂ, ਇਸ਼ਾਰਿਆਂ ਅਤੇ ਲੋਕ ਗੀਤਾਂ ਰਾਹੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਸਦੀਆਂ ਤੋਂ ਇਸਤਰੀ ਦੇ ਮਨ ਦੀ ਵੇਦਨਾ ਨੂੰ ਲਿਖਤੀ ਰੂਪ ਵਿੱਚ ਆਉਣ ਲਈ ਕਈ ਸਦੀਆ ਲੱਗ ਗਈਆ। ਇਸਤਰੀ ਨੂੰ ਸਿਖਿਅਤ ਹੋਣ ‘ਤੇ ਅਤੇ ਆਪਣੀ ਪਛਾਣ ਬਣਾਉਣ ਲਈ ਲਿਖਤੀ ਵੇਦਨਾ ਕਹਿਣ ਲਈ ਲੰਮਾ ਸਮਾਂ ਉਡੀਕਣਾ ਪਿਆ। ਇਹ ਗੱਲ ਤਾਂ ਪ੍ਰਮਾਣਿਕ ਹੈ ਕਿ ਕਾਵਿ ਰਚਨਾ ਵਾਰਤਕ ਤੋਂ ਪਹਿਲਾ ਜਨਮੀ ਹੈ। ਕਵਿਤਾ ਦਾ ਸੰਬੰਧ ਵਲਵੱਲੇ ਨਾਲ ਹੁੰਦਾ ਹੈ ਜੋ ਬੌਧਿਕ ਕਾਲ ਨਾਲੋ ਪਹਿਲਾ ਉਛਾਲਾਂ ਮਾਰਦੀ ਹੈ। ਪਰ ਜਦੋਂ ਕਿਸੇ ਵਿਅਕਤੀ ਪਾਸ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਭਾਸ਼ਾ ਦਾ ਮਾਧਿਅਮ ਤਾਂ ਹੋਵੇ ਪਰ ਅੱਖਰਾਂ ਦੇ ਗਿਆਨ ਦਾ ਉਸ ਨੂੰ ਅਭਾਵ ਹੋਵੇ ਫਿਰ ਉਸ ਦੇ ਅੰਦਰਲੇ ਜਜ਼ਬੇ ਜਦੋਂ ਉਸ ਦੀ ਹਿੱਕ ਦਾ ਕੜ ਪਾੜ ਕੇ ਬਾਹਰ ਆਉਂਦੇ ਹਨ ਤਾਂ ਉਹ ਲੋਕਾਂ ਦੀ ਜ਼ਬਾਨ ਦੇ ਰਾਜੇ ਹੋ ਜਾਂਦੇ ਹਨ। ਉਸ ਸਮੇਂ ਦੀਆਂ ਸਮਾਜਕ ਤੇ ਆਰਥਿਕ ਵਿਵੱਸਥਾਵਾਂ ਅਨੁਸਾਰ ਆਪਣੇ ਅੰਦਰ ਸਮੋਅ ਕੇ ਉਹ ਬੋਲ ਲੋਕਾਂ ਦੇ ਹੋ ਜਾਂਦੇ ਹਨ ਅਤੇ ਇੰਝ ਲੋਕ ਗੀਤਾਂ ਨੇ ਜਨਮ ਲਿਆ। ਇਸਤਰੀ ਨੇ ਜਨਮ ਤੋਂ ਲੈ ਕੇ ਅੰਤਲੇ ਪਲਾ ਤਕ ਆਪਣੇ ਮਨ ਦੀ ਵੇਦਨਾ ਨੂੰ ਬੋਲਾ ਨਾਲ ਤਾਂ ਪੰਜਾਬੀ ਸਾਹਿਤ ਦੇ ਲੋਕ ਗੀਤਾਂ ਰਾਹੀ ਅਮੀਰ ਬਣਾਇਆ ਹੈ, ਪਰ ਕਾਵਿ ਦੇ ਬੌਧਿਕ ਕਾਰਜ ਅੰਦਰ ਬਹੁਤ ਸਾਰੀਆਂ ਸ਼ਵਾਰੀਆਂ ਕਾਰਨ ਇਸ ਖੇਤਰ ‘ਚ ਮਰਦਾ ਦੇ ਮੁਕਾਬਲੇ ਉਹ ਬਹੁਤ ਪਿਛੇ ਰਹਿ ਗਈ। ਇਸ ਘਾਟ ਨੂੰ ਦਰਸਾਉਂਦੀ ਮਾਂ ਦੀ ਧੀ ਨੂੰ ਸਿਖਿਆ ਇਹ ਕਹਿੰਦੀ ਹੈ: ‘‘ਸੁਣ ਨੀ ਧੀਏ ਬੜੀ ਪਛਤਾਈ ਨਾਂਓ ਸੁਰਜੀਤੋ ਧਰ ਕੇ; ਸੁੱਤੀ ਪਈ ਨੂੰ ਜਾਗ ਨੀ ਆਉਂਦੀ ਦਿਨ ਨਾ ਜਾਂਦੈ ਚੜ੍ਹ ਕੇ; ਅਧੀਆ ਨੇ ਤਾਂ ਦੁੱਧ ਨੀ ਰਿੜਕ ਲਏ ਅੱਧੀਆ ਨੇ ਡਾਹ ਲੇ ਚਰਖੇ; ਅੰਦਰੋ ਨਿਕਲੇ ਨੀ ਤੂੰ ਚੀਨਾ ਕਬੂਤਰ ਬਣਕੇ; ਅੱਖੀ ਪੁਝੇਗੀ ਫਿਰ ਲੜ ਢਾਡੀ ਦੇ ਫੜਕੇ ! ਰਿਗ-ਵੇਦ ਕਿਉਂਕਿ ਇਹ ਪੰਜਾਬ ਅੰਦਰ ਹੀ ਰੱਚਿਆ ਗਿਆ ਤੇ ਇਸ
ਅੰਦਰ ਰਚਨਾ ਵੀ ਅਨੇਕਾਂ ਵਿਦਵਾਨਾਂ (ਰਿਸ਼ੀਆਂ) ਦੀ ਸਮੂਹਿਕ ਰਚਨਾ ਕਹੀ ਜਾ ਸਕਦੀ ਹੈ। ਰਿਗਵੇਦ ਅੰਦਰ ਰਿਸ਼ੀਆਂ ਦੇ ਨਾਲ -ਨਾਲ ਰਿਸ਼ਿਕਾਵਾਂ (ਭਾਵ ਪੰਜਾਬੀ ਇਸਤਰੀ ਕਵਿੱਤਰੀਆਂ) ਦਾ ਵਰਣਨ ਕਰਨਾ ਵੀ ਜਰੂਰੀ ਹੈ ਜਿਨ੍ਹਾਂ ਦੀ ਕਿਰਤ ਇਨ੍ਹਾਂ ਵੇਦਾਂ ਅੰਦਰ ਅੰਕਿਤ ਹੈ। ਇੰਦਰਾਣੀ, ਸ਼ਾਦਰੀਮਾਤਾ, ਰੋਮਾ, ਸ਼ੇਰਵਸੀ, ਲੋਪਮੁਦਰਾ, ਨਾਟਿਅਮਯਮੀ, ਨਾਰੀ, ਸ਼ਰਮਵਤੀ, ਸ਼ਰੀਰ, ਲਕਸ਼ਮੀ, ਸਰਪਰਜਨੀ, ਵਾਕਸ਼ਰਥਾ, ਔਸ਼ਾ, ਸੂਰੀਆ, ਸਵਿੱਤਰੀ, ਕੱਤਰੀ, ਦਕਸ਼ਿਣਾ, ਸੇਧਾ ਸਿਕਤਾ, ਕਿਦਾਵਰੀ, ਬ੍ਰਹਮਾ ਦਨਯਾ, ਤ੍ਰਿਪਤਾ, ਰਿਸ਼ਿਕਾ, ਘੋਸ ਆਦਿ ਅਤਿ ਸੁੰਦਰ ਇਸਤਰੀਆ ਜਿਨ੍ਹਾਂ ਨੂੰ ਗਿਆਨ ਅਤੇ ਸ਼ਕਤੀ ਨਾਲ ਏਨਾ ਪ੍ਰੇਮ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਰਿਗਵੇਦ ਦਾ ਅੰਗ ਬਣ ਗਈਆਂ। ਰਿਸ਼ਿਕਾ ਘੋਸ਼ ਦੇ
ਦੋ ਸੰਪੂਰਨ ਸਲੋਕ ਰਿਗਵੇਦ ਵਿੱਚ ਸ਼ਾਮਲ ਹਨ। ਘੋਸ਼ ਦਾ ਦੁਖਾਤ ਸੀ ਕਿ ਉਹ ਇਕ ਅਸਾਧ ਰੋਗ ਨੇ ਬਦਸੂਰਤ ਬਣਾ ਦਿੱਤੀ ਸੀ। ਉਹ ਰਿਸ਼ੀ ਦੀਰਘਤਮਸ ਦੀ ਪੋਤੀ ਤੇ ਰਿਸ਼ੀ ਕਕਸ਼ਵੀਤ ਦੀ ਪੁਤਰੀ ਸੀ। ਉਸ ਦਾ ਇਕ ਸਲੋਕ ਅਸ਼ਵਿਨ ਦੀ ਮਹਿਮਾ ‘ਚ ਤੇ ਦੂਸਰਾ ਸਲੋਕ ਉਸ ਨੇ ਆਪਣੇ ਦਿਲ ਦੀ ਵੇਦਨਾ ਅਤੇ ਵਿਆਹੁਤਾ ਜੀਵਨ ਦੀ ਕਾਮਨਾ ਉਜਾਗਰ ਕਰਕੇ ਉਚਾਰਿਆ ਸੀ। ਰਿਸ਼ੀ ਵਾਚਕਨੂੰ ਦੀ ਪੁੱਤਰੀ ਗਾਰਗੀ ਨੂੰ ਕਾਵਿਕ-ਦਾਰਸ਼ਨਿਕ
ਨਿਪੁੰਨਤਾ ਦੇ ਪੱਖੋ ਸਭ ਤੋਂ ਸਿਰ-ਕੱਢ ਰਿਸ਼ੀਕਾ (ਇਸਤਰੀ ਕਵਿਤਰੀ) ਕਹਿਣਾ ਨਾਵਾਜਬ ਨਹੀਂ ਹੋਵੇਗਾ! ਉਹ ਅਨੇਕ ਸਲੋਕਾਂ ਦੀ ਕਰਤਾ ਹੈ ਜਿਸ ਵਲੋਂ ਸੰਸਾਰ ਦੇ ਅਰੰਭ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ। ਉਹ ਸੰਵਾਦਾਂ ਦੇ
ਜਵਾਬ ਵਿੱਚੋਂ ਨਵਾਂ ਸਵਾਲ ਕੱਢਣ ਦੀ ਨਿਪੁੰਨ ਮੰਨੀ ਜਾਂਦੀ ਸੀ। ਭਾਵ ਵੇਦਕਾਲ ਦੇ ਪੰਜਾਬ ਅੰਦਰ ਪੰਜਾਬਣਾਂ ਦੀ ਕਾਵਿ-ਪ੍ਰਤਿਬਾ ਸਾਨੀ ਹੁੰਦੀ ਸੀ।

ਪਾਰ ਕਾਲ ਦੇ ਬੀਤਣ ਬਾਦ ਪੰਜਾਬ ਦੀਆਂ ਪ੍ਰਸਥਿਤੀਆਂ ‘ਚ ਕਈ ਤਬਦੀਲੀਆਂ ਆਉਂਦੀਆਂ ਗਈਆਂ। ਪੰਜਾਬ ਅੰਦਰ ਦਾਰਸ਼ਨਿਕ ਕਾਵਿ-ਰਚਨਾਵਾਂ ਅੰਦਰ ਨਵੇਂ ਤੋਂ ਨਵੇਂ ਖੱਪੇ ਆਉਂਦੇ ਗਏ ਅਤੇ ਰਚਨਾਕਾਰੀ ਅੰਦਰ ਬੰਜਰਤਾ ਵੀ ਆਉਂਦੀ ਗਈ। ਪਰ ਫਿਰ ਵੀ ਪੰਜਾਬ ਅੰਦਰ ਬਨਾਂਵੀਆਂ, ਅਣਜਾਣੀਆਂ ਅਤੇ ਵਿਸਰੀਆਂ ਪੰਜਾਬਣਾਂ ਨੇ ਆਪਣੇ ਦਿਲ ਦੀਆਂ ਡੂੰਘਾਈਆਂ ਅੰਦਰ ਉਠੀਆਂ ਭਾਵਨਾਵਾਂ ਨੂੰ ਵੱਖੋ ਵੱਖ ਰੂਪਾਂ ‘ਚ ਚਿਤਨਣ, ਅੱਗੋ ਆਪਣੇ ਧੀਆਂ-ਪੁੱਤਰਾਂ ਅਤੇ ਸਮਾਜ ਨੂੰ ਸੌਂਪੇ ਬੇਸ਼ੁਮਾਰ ਲੋਕ ਗੀਤਾਂ, ਬਾਤਾਂ ਅਤੇ ਟੋਟਕਿਆਂ ਰਾਹੀ ਪੰਜਾਬੀ ਅੰਦਰ ਅਨਮੋਲ, ਕਾਵਿ ਪੂੰਜੀ ਨੂੰ ਸਾਡੇ ਤੱਕ ਪੁੱਜਦਾ ਕੀਤਾ ਹੈ। ਇਸਤਰੀ ਨੇ ਜਨਮ ਤੋਂ ਲੈ ਕੇ ਮਰਨ ਤਕ, ਜੀਵਨ ਦੇ ਹਰ ਦੌਰ ਅੰਦਰ ਲੋਕ-ਗੀਤਾਂ ਰਾਹੀ ਇਸਤਰੀ ਕਾਵਿ ਦੇ ਇਤਿਹਾਸ ਨੂੰ ਮਜ਼ਬੂਤ ਕੀਤਾ। ਪੰਜਾਬ ਅੰਦਰ ਲੋਕਗੀਤ ਵੀ ਵੱਡੀ ਹੱਦ ਤਕ ਇਸਤਰੀਆਂ ਦੇ ਰਚਨਾ- ਖੇਤਰ ਹੀ ਰਹੇ, ਮਰਦ-ਪ੍ਰਧਾਨ ਸਮਾਜ ਅੰਦਰ ਭਾਵੇਂ ਇਸਤਰੀਆਂ ਦਾ ਲੋਕਗੀਤ ਕਾਵਿ ਖੇਤਰ ਵੀ ਸਾਹ-ਘੁਟਵਾਂ ਰਿਹਾ, ਫਿਰ ਵੀ ਉਹਨਾਂ ਨੇ ਇਸ ਅੰਦਰ ਵੰਨ- ਸੁਵੰਨੇ ਜਜ਼ਬਿਆ ਦਾ ਖੁਲ੍ਹਕੇ ਕਾਰਗਾਰ ਪ੍ਰਗਟਾਵਾ ਕੀਤਾ। ਉਹਨਾਂ ਦੇ ਹਿਸੇ ਭਾਵੇ ਰੋਹ ਤੇ ਰੋਸ ਸੀ, ਫਿਰ ਵੀ ਉਹਨਾਂ ਦੀ ਹੂਕ ਅੰਦਰ ਪਿਆਰ ਹੈ, ਵਿਛੋੜਾ ਹੈ, ਸੁਹਣੇ ਪ੍ਰਤੀ ਕਾਮਨਾ ਤੇ ਤਾਂਘ ਸੀ। ਲੋਕ ਗੀਤ ਸੰਪੂਰਨ ਸਾਹਿਤਕ, ਵਿਚਾਰਾਂ ਅੰਦਰ ਜਜ਼ਬਾਤੀ ਅਤੇ ਜ਼ਮਾਨੇ ਨਾਲ ਪੂਰਾ-ਮੇਲ ਖਾਂਦੇ ਸਨ।

ਆਰਥਿਕਤਾ ਅੰਦਰ ਟੁੱਟਿਆ ਪੇਂਡੂ ਜੀਵਨ ਕਿਸੇ ਅਣਦਿਸਦੇ ਦੁਸ਼ਮਣ ਵਿਰੁਧ ਲੋਕ ਗੀਤਾਂ ਅੰਦਰ ਆਪਣੀ ਧੜਾਸ ਰੱਖਦਾ ਹੈ। ‘‘ਮੰਦੇ ਪਿਆ ਪੁਰਾਣਾ ਕੱਪੜਾ, ਕੋਈ ਨਾ ਸੀਵੇ ਦਰਜੀ ਹੋ, ਕੋਈ ਨਾ ਮਿਲਿਆ ਦਿਲ ਦਾ ਮਹਿਰਮ, ਜੋ ਮਿਲਿਆ ਅਲਗ਼ਰਜੀ ਹੋ ! ਕੋਠੇ ਚੜ੍ਹ ਕੇ ਕੇਸ ਸੁਕਾਵਾਂ, ਰੋ ਰੋ ਚਿਠੀ ਵਾਚੀ ਹੋ, ਹੱਥੋ ਫਰ ਫਰ ਕਾਗਜ਼ ਉਡਦੇ, ਸੋਝੀ ਸੂਰਤ ਗੁਆਚੀ ਹੋ।’’

ਪ੍ਰੇਮੀ ਦਾ ਵਿਛੋੜਾ, ਬੰਦਿਸ਼ਾਂ ਅਤੇ ਪੀੜਾਂ ਦੇ ਪ੍ਰਗਟਾਵੇਂ ਰਾਹੀ ਵਿਯੋਗੀ ਹਾਲਤ; ਤੰਦ ਤੇਰਿਆ ਦੁੱਖਾਂ ਦਾ ਪਾਵਾਂ, ਲੋਕਾਂ ਭਾਵੇ ਕੱਤਾਂ ਪੂਣੀਆਂ, ਪੀੜਾ ਡਾਹੀਏ ਗੋਰੀਏ, ਵਿਹੜੇ ਬਹਿ ਜਾਈਏ ਗੋਰੀਏ, ਦੋ ਦੀਆਂ ਚਾਰ ਸੁਣਾਈਏ। ਪੰਜਾਬ ਦੇ ਸਾਹਿਤਕ ਪਿੜ ਅੰਦਰ ਹੋਈ ਨਿਰੰਤਰ ਖੋਜ ਨੇ ਕਵਿਤਰੀਆਂ ਦੇ ਇਤਿਹਾਸ ਅੰਦਰ ਸ਼ਰੁਤੀ-ਸਿਮ੍ਰਤੀ ਭਾਵ ਕਿਸੇ ਰਚਨਾ ਨੂੰ ਸੁਣ ਕੇ ਕੰਠ ਕਰਨ ਦੀ ਰੀਤ ਦਾ ਅਤੇ ਕਾਗਜ਼ ਉਤੇ ਰਚਨਾ ਨੂੰ ਉਤਾਰ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਨਾਲ ਸ਼ੁਰੂਆਤ ਹੋਈ। ਇਸ ਤੋਂ ਪਹਿਲਾ 1526 ਤੋਂ 1658 ਤਕ ਬਾਬਰ ਤੋਂ ਸ਼ਾਹਜਹਾਨ ਦੇ ਕਾਲ ਅੰਦਰ ਹਿੰਦੂ ਰਿਆਇਆ ਨਾਲ ਕੁਝ ਨਰਮੀ ਵਾਲਾ ਰਵੱਈਆਂ ਅਪਣਾਉਣ ਕਾਰਨ ਪੰਜਾਬ ਅੰਦਰ ਸਾਹਿਤ ਅਤੇ ਹੋਰ ਹੁਨਰ ਪਨਪੇ। ਸੂਫ਼ੀ-ਸੰਤ ਸਾਹਿਤ, ਸਿੱਖ-ਗੁਰਬਾਣੀ, ਰਾਜ ਸਾਹਿਤ ਤੇ ਕਲਾ, ਲਿਖਣ ਕਲਾ, ਚਿੱਤਰਕਾਰੀ ਆਦਿ ਵੱਧੇ-ਫੁੱਲੇ। ਪਰ ਔਰੰਗਜ਼ੇਬ ਦੇ ਕਾਲ ਦੌਰਾਨ
ਸਾਰੀਆਂ ਕਲਾਵਾਂ ਪਿਛੇ ਧੱਕੀਆਂ ਗਈਆਂ। ਫਿਰ ਵੀ ਭਗਤੀ ਕਾਵਿ ਜਿਸ ਦਾ ਸੰਬੰਧ ਇਤਿਹਾਸਕ/ਮਿਥਿਹਾਸਕ ਘਟਨਾਵਾਂ ਨਾਲ ਸੀ ਪੰਜਾਬੀ ਸਾਹਿਤ ਵਿੱਚ (ਮਧਕਲੀਨੀ) ਉਪਲੱਬਧ ਹੈ। ਸਾਧੂ-ਸੰਤਾਂ ਦਾ ਆਪਣੀਆਂ ਭਾਵਨਾਵਾਂ ਕਵਿਤਾਵਾਂ ਰਾਹੀ ਪ੍ਰਗਟ ਕਰਨ ਦੀ ਇਕ ਰੀਤ ਸੀ। ਇਸ ਪ੍ਰੰਪਰਾ ਅਧੀਨ ਡੇਰਿ-ਰਆ, ਧਰਮਸ਼ਲਾਵਾਂ, ਮੱਠਾਂ ਅੰਦਰ ਸੰਤਾਂ-ਸੰਤਨੀਆਂ ਦੇ ਸ਼ਰਧਾਲੂ ਉਹਨਾਂ ਕਾਵਿ-ਰਚਨਾ ਨੂੰ ਬਾਣੀ ਮੰਨ ਕੇ ਸੰਭਾਲਦੇ ਸਨ। ਭਾਵੇ ਇਨ੍ਹਾਂ ਡੇਰਿਆਂ ਅੰਦਰ ਇਸਤਰੀਆਂ ਵਰਜਿਤ ਸਨ ਪਰ ਹੌਲੀ-ਹੌਲੀ ਉਹ ਵੀ ਇਹਨਾਂ ਡੇਰਿਆਂ ਦਾ ਇਕ ਹਿਸਾ ਬਣ ਗਈਆਂ। ਉਹਨਾਂ ਅੰਦਰ ਵੀ ਪੜ੍ਹਨ, ਲਿਖਣ ਅਤੇ ਕਾਵਿ ਰਚਨਾਂ ਦੀ ਕਿਰਤ ਦੀ ਲਗਨ ਵੀ ਪੈਦਾ ਹੋ ਗਈ। ਸੰਤ-ਇਸਤਰੀ ਪੰਜਾਬੀ ਕਵਿਤਰੀਆਂ ਜਿਹਨਾਂ ਨੇ ਸਾਧ-ਭਾਸ਼ਾ ਵਿੱਚ ਪੰਜਾਬੀ ਸ਼ਬਦਾਂ ਦੇ ਛਿੱਟੇ ਖੁਲੇ ਦਿਲ ਨਾਲ ਮਾਰੇ। ਦੋ ਸਕੀਆਂ ਭੈਣਾਂ ਸੰਤ ਸਹਿਜੋ ਬਾਈ ਅਤੇ ਉਸ ਦੀ ਛੋਟੀ ਭੈਣ ਸੰਤ ਦਯਾ ਬਾਈ ਜੋ ਗੁਰੂ ਚਰਨਦਾਸ ਦੀਆਂ ਚੇਲੀਆ ਸਨ। ਸਹਿਜੋ ਦੀ ਰਚਨਾ ‘ਚ :‘‘ਸਭ ਪਰਬਤ ਸਿਆਹੀ ਨਹੁੰ,ਘੋਲੂ ਸਮੁੰਦਰ ਜਾਇ।ਧਰਤੀ ਕਾ ਕਾਗਦ ਕਰੂੰ, ਗੁਰੂ ਅਸਤੁਤਿ ਨਾ ਸਮਾਇ।’ ਸਹਿਜੋ ਦੀ ਛੋਟੀ ਭੈਣ, ਦਯਾ ਬਾਈ ਦੀ ਰਚਨਾ ਦੋ ਪੋਥੀਆ ਅੰਦਰ ਮਿਲਦੀ ਹੈ ‘‘ਚਾਰ ਬੇਦ, ਛੇ ਸਾਸਤ੍ਰ ਹੈ; ਅਰ ਦਸ ਆਠ ਪੁਰਾਨ। ਸਭ ਗੁੰਥਨ ਕੋ ਸੋਧਿ ਕੇ, ਕੀਨੋ ਬਿਨਯ ਬਖਾਨ।’’ ਗੁਲਾਬਦਾਸੀ ਪ੍ਰੰਪਰਾ ਅੰਦਰ ਸੰਤਨੀਆਂ ਬਣਨ ਵਾਲੀਆਂ ਨੁਰੰਗੀ ਦੇਵੀ, ਪੀਰੋ ਪ੍ਰੇਮਣ ਅਤੇ ਕਈ ਹੋਰ ਵੀ ਸੰਤਨੀਆਂ ਸਨ। ਨੁਰੰਗੀ ਦੇਵੀ ਦੇ ਕਰੀਬ ਦਸ ਹਥ ਲਿਖਤ ਖਰੜੇ ਹਨ। ਕਿਉਂਕਿ ਗੁਲਾਬ ਦਾਸੀ ਪ੍ਰੰਪਰਾ ਕੁਝ ਉਦਾਰਵਾਦੀ ਸੀ, ਉਹਨਾਂ ਦੇ ਦੁਆਰ ਅੰਦਰ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਖੁਲ੍ਹ ਸੀ।

ਗੁਲਾਬਦਾਸੀ ਕਵਿਤਰੀ ਵੱਜੋ ਪਹਿਲਾਂ-ਪਹਿਲ ਪੀਰੋ ਪ੍ਰੇਮਣ ਉਜਾਗਰ ਹੋਈ। ਸਹਿਜੋ ਸੰਤਣੀ 80 ਸਾਲ ਦੀ ਉਮਰ ਭੋਗ ਕੇ 1805 ਈ. ਨੂੰ ਪੂਰੀ ਹੋਈ ਸੀ। ਸਹਿਜੋ ਬਾਈ ਦੇ ਕਾਵਿ ਅੰਦਰ ਸੋਚ ਦਾ ਕੇਂਦਰ ਗੁਰੂ ਹੈ ਤੇ ਉਹ ਹੀ ਉਸ ਦੀ ਮੰਜ਼ਿਲ ਹੈ। ਉਹ ਸਾਫ਼ ਕਹਿੰਦੀ ਹੈ ਕਿ ਮੈਂ ਰਾਮ ਨੂੰ ਤਜ ਸਕਦੀ ਹਾਂ ਗੁਰੂ ਨੂੰ ਨਹੀਂ ।
ਜੋਗੀ ਪਾਵੇ ਜੋਗ ਸੁ, ਗਿਆਨੀ ਲਹੈ ਵਿਚਾਰ। ਸਹਜੋ ਪਾਵੇ ਭਗਤੀ ਸੁੰ, ਜਾਕੇ ਪ੍ਰੇਮ ਅਧਾਰ।

ਜਦੋਂ ਗੁਲਾਬਦਾਸੀ ਕਵਿਤਰੀ ਵੱਜੋ ਪੀਰੋ ਪ੍ਰੇਮਣ ਉਜਾਗਰ ਹੋਈ ਤਾਂ ਛੇਤੀ ਹੀ ਇਕ ਹੋਰ ਗੁਲਾਬਦਾਸੀ ਕਵਿਤਰੀ ਨੁਰੰਗੀ ਦੇਵੀ ਪ੍ਰਗਟ ਹੋ ਗਈ ਜੋ ਪੀਰੋ ਤੋਂ ਦਸ-ਸਾਲ ਵੱਡੀ ਸੀ। ਨੁਰੰਗੀ ਦੇਵੀ ਵੀ ਪੀਰੋ ਵਾਂਗ ਜਾਤਾਂ ਤੇ ਧਰਮਾਂ ਦੀ ਕਥਿਤ ਲੱਜਾ ‘ਚ ਨਿਕਲ ਕੇ ਸਵੈਮਾਣ ਮਹਿਸੂਸਦੀ ਹੈ; ਲਾਮ ਲੱਜਿਆ ਛੱਡ ਨਿਰਲੱਜ ਹੋਏ, ਬਰਨ ਆਸ਼ਮ ਕਾ ਪਿੰਜਰਾ ਛੋੜ ਕੇ ਜੀ। ਸਾਰ-ਤੱਤ ਦੇ ਪੱਖੋ ਪੀਰੋ ਦੀ ਕਵਿਤਾ ਨੁਰੰਗੀ ਦੇਵੀ ਨਾਲੋ ਪਰਤੱਖ ਵੱਖਰੀ ਹੈ।ਪੀਰੋ ਨੇ ਆਪਣੇ ਜੀਵਨ ਅੰਦਰ ਮਾਨਸਿਕ, ਬਗਾਵਤੀ ਸੁਭਾਅ ਤੇ ਸੰਤ ਗ਼ੁਲਾਬ ਦਾਸ ਦੀ ਓਟ ਲੈ ਕੇ ਜੀਵਨ ‘ਚ ਅਪਮਾਨ ਨੂੰ ਧੋ-ਪੂੰਝ ਕੇ ਸਵੈਮਾਨੀ ਜੀਵਨ ਜੀਵਿਆ। ਪੰਜਾਬੀ ਕਵੀ ਮਹਿਮੂਦ ਆਵਾਨ ਦੇ ਕਥਿਨ ਅਨੁਸਾਰ ਪੀਰੋ
ਤੋਂ ਪਹਿਲਾ ਦਾ ਦਾਈ ਖ਼ਫਲ ਖ਼ਾਤੂਨ ਹਿਫ਼ਜਾਨੀ ਬਲੋਚ ਦੀ ਭੈਣ ਜੀਵਨ
ਖ਼ਾਤੂਨ ਜਿਨਾਂ ਨੇ ਧਾਰਮਿਕ ਰੰਗ ਦੀਆਂ ਕਵਿਤਾਵਾਂ ਦੀ ਥਾਂ ਪ੍ਰੇਮ ਰੰਗ ਨੂੰ ਪਹਿਲ ਦਿਤੀ। ਇਸ ਤੋਂ ਬਿਨਾਂ ਪੀਰੋ ਤੋਂ ਚਲ ਕੇ ਬਿਲਕੀਸ ਅਖਤਰ ਰਾਣੀ, ਇਮਾਮ ਬੀਬੀ ਤੇ ਜ਼ੀਨਤ ਕਵਿਤਰੀਆਂ ਵੀ ਹੋਈਆਂ ਹਨ (ਮਹਿਮੂਦ ਆਵਾਨ)। ਇਸ ਪਰਾਗੇ ਵਿੱਚੋ ਸਭ ਤੋਂ ਮਹੱਤਵਪੂਰਨ ਕਵਿਤਰੀ ਜ਼ੀਨਤ ਸੀ ਜਿਸ ਨੇ ਪਹਿਲੀ ਸੰਸਾਰ ਜੰਗ ਦੌਰਾਨ ਬਸਤੀਵਾਦੀਆ ਦੀ ਭਰਤੀ ਦਾ ਵਿਰੋਧ ਕੀਤਾ ਸੀ।

ਨੁਰੰਗੀ ਤੇ ਪੀਰੋ ਕਵਿਤਰੀਆ ਦੇ ਦੌਰ ਤੋਂ ਬਾਦ ਹਰਨਾਮ ਕੌਰ ਨਾਭਾ ਦਾ ਸਮਾਂ ਆਉਂਦਾ ਹੈ। ਹਰਨਾਮ ਕੌਰ ਨਾਭਾ ਦੇ ਇਕ ਦਹਾਕੇ ਅੱਗੇ-ਪਿਛੇ ਹੋਰ ਕਈ ਸਮਕਾਲੀ ਕਵਿਤਰੀਆਂ ਦਾ ਜ਼ਿਕਰ ਆਉਂਦਾ ਹੈ (ਮਹਿਮੂਦ ਆਵਾਨ)। ਜਿਹਨਾਂ ਵਿੱਚ ਬੀਬੀ ਮਖ਼ਫੀ (1872), ਹਾਜਨ ਨੂਰ ਬੇਗਮ, ਕਰਮ ਬੀਬੀ ਅਜੀਜ਼, ਫਜ਼ਲ ਨੂਰ, ਹਾਕਿਮ ਬੀਬੀ ਅਤੇ ਆਜ਼ਾਦੀ ਸੰਗਰਾਮਣ ਸਲਾਮ ਤਸੱਦੁਕ ਹੁਸੈਨ (1908) ਤੇ ਹੋਰ ਕਈ ਕਵਿਤਰੀਆਂ ਵੀ ਸਨ। 19-ਵੀਂ ਸਦੀ ਦੇ ਅੱਧ ਵਿੱਚ ਹੋਰ ਕਈ ਕਵਿੱਤਰੀਆਂ ਜਿਵੇਂ ਮਾਈ ਭਗਵਾਨ ਕੌਰ, ਜੈ ਦੇਵੀ, ਬੀਬੀ ਰਾਧੀ, ਚੇਤ ਕੌਰ, ਬੀਬੀ ਕਰਮੀ ਦੇਵੀ, ਆਇਸ਼ਾ, ਹਾਜ਼ਿਕਾ ਫਾਤਮਾ ਆਰਫ਼ਾ, ਮਰੀਅਮ ਬੇਗਮ, ਮਾਤਾ ਜੀਓ (ਜੀਵੀ), ਮਾਤਾ ਜਮਨਾ ਦੇਵੀ, ਸਾਹਿਬ ਦੇਵੀ ਅਰੋੜੀ। ਜਿਨਾਂ ਨੂੰ ਬੀਬੀ ਹਰਨਾਮ ਕੌਰ ਨਾਭਾ (1896-1976) ਤੋਂ ਅੰਮ੍ਰਿਤਾ ਪ੍ਰੀਤਮ ਤਕ ਪੰਜਾਬੀ ਅੰਦਰ ਕਾਵਿਕ, ਸਾਹਿਤਕ ਅਤੇ ਸਮਾਜ ਅੰਦਰ ਹੋ ਰਹੇ ਸਮਾਜਕ ਤੇ ਆਰਥਕ ਪ੍ਰੀਵਰਤਨਾਂ ਦੇ ਪ੍ਰਭਾਵ ਨੇ ਪੰਜਾਬੀ ਕਵਿਤਰੀਆ ਨੂੰ ਵੀ ਖੁਲ੍ਹ ਕੇ ਲਿਖਣ ਦੀਆਂ ਸੰਭਾਵਨਾਵਾਂ ਨੂੰ ਪੂਰਾ-ਪੂਰਾ ਮੌਕਾ ਦਿੱਤਾ। ਉਹਨਾਂ ਦੀਆਂ ਕਵਿਤਾਵਾਂ ਜਾਂ ਤਾਂ ਭਾਵੇ ਅਭਿਲਾਸ਼ੀ ਕਿਸਮ ਦੀਆਂ ਸਨ, ਧਾਰਮਿਕ ਤੇ ਇਤਿਹਾਸਕ ਵੰਨਗੀ ਵਾਲੀਆਂ, ਸਭ ਨੇ ਪੰਜਾਬੀ ਸਾਹਿਤ ਦੇ ਪਾਸਾਰ ਤੇ ਪ੍ਰਚਾਰ ‘ਚ ਯੋਗਦਾਨ ਪਾਇਆ ਹੈ। ਇਸਤਰੀ ਕਵਿਰਤੀਆਂ ਦੀਆਂ ਰਚਨਾਵਾਂ ਨੇ ਮਰਦ ਪ੍ਰਧਾਨ ਮਾਨਸਿਕਤਾ ਦੇ ਕੜ ਨੂੰ ਤੋੜ ਕੇ, ਇਸਤਰੀ ਕਾਵਿ ਨੂੰ ਮਰਦ-ਪ੍ਰਧਾਨ ਪਰੰਪਰਾ ਅਤੇ ਮਰਦ ਵਿਰੋਧੀ ਨਾਰੀਵਾਦੀ ਸੋਚ ਤੋਂ ਵੀ ਮੁਕਤ ਕਰਾ ਕੇ ਸਮੁੱਚੀ ਕਿਰਤੀ-ਜਮਾਤ ਦੀ ਮੁਕਤੀ ਵਾਲੇ ਕਾਵਿ ਮੰਚ ਤੇ ਬੈਠਾ ਦਿੱਤਾ। ਕਵਿਤਰੀ ਅਰਤਿੰਦਰ ਸੰਧੂ ਨੇ ਆਪਣੇ ਤਿਮਾਹੀ-ਮਾਸਕ ਸਾਹਿਤਕ ਏਕਮ ਦੇ ਮਹੀਨਾ ਅਪ੍ਰੈਲ-ਜੂਨ-2018 ਦੇ ਅੰਕ, ‘ਨਾਰੀ ਕਾਵਿ ਵਿਸ਼ੇਸ਼ ਅੰਕ’’ ਅੰਦਰ 98-ਕਵਿਤਰੀਆਂ ਦੀਆ ਪੰਜਾਬੀ ਬੋਲੀ ਅੰਦਰ ਰਚਨਾ ਕਰਨ ਵਾਲੀਆਂ ਕਵਿਤਰੀਆਂ ਸੰਬੰਧੀ ਜਾਣਕਾਰੀ ਉਪਲੱਬਧ ਕਰਾਈ ਹੈ। ਪੰਜਾਬ ਦੋ ਕਵਿਤਰੀਆਂ ਪਹਿਲੀ ਅੰਮ੍ਰਿਤਾ -ਪ੍ਰੀਤਮ ਅਤੇ ਦੂਸਰੀ ਪ੍ਰਭਜੋਤ ਕੌਰ ਸੀ, ਜਿਨਾਂ ਦਾ ਸਾਂਢਾ-ਗਾਂਢਾ ਸਥਾਪਤੀ ਨਾਲ ਸੀ, ਚਰਚਿਤ ਲੇਖਕਾਵਾਂ ਸਨ। ਅੱਜ ਦੇ ਪੰਜਾਬ ਦੇ ਸਾਹਿਤਕ ਪਿੜ ਅੰਦਰ ਕਵਿਤਰੀਆਂ ਵੱਜੋ ਸ਼ਰਨ ਮੱਕੜ, ਮਨਜੀਤ ਟਿਵਾਣਾ, ਕੁਲਦੀਪ ਕਲਪਨਾ, ਮਹਿੰਦਰ ਕੌਰ ਗਿਲ, ਮਨਜੀਤ ਪਾਲ ਕੌਰ,
ਕੁਲਦੀਪ ਗਿਲ ਆਦਿ ਦੇ ਨਾਂ ਵਰਣਨ ਹਨ। ਇਸ ਤੋਂ ਬਿਨਾਂ ਕਈ ਦਰਜਨ ਕਵਿਤਰੀਆਂ ਹਨ ਜਿਨ੍ਹਾਂ ਦੀ ਕਲਮ ਨੇ ਖੂਬਸੂਰਤ ਕਾਵਿ ਰਚਨਾਵਾਂ ਰਾਹੀ ਮਾਂ ਬੋਲੀ ਨੂੰ ਨਿਖਾਰਿਆ ਤੇ ਸਾਹਿਤਕ ਪੱਖੋ ਅਮੀਰ ਬਣਾਇਆ। ਭਾਵੇਂ ਪੰਜਾਬੀ ਸਾਹਿਤ ਅੰਦਰ ਇਸਤਰੀ ਕਵਿਤਰੀਆਂ ਲਈ ਪੰਜਾਬੀ ਕਾਵਿ ਸਾਹਿਤਕ ਦੀ ਚੜ੍ਹਾਈ ਬੜੀ ਮੁਸ਼ਕਲ ਸੀ। ਉਹਨਾਂ ਨੂੰ ਕਈ ਫਰੰਟਾਂ ‘ਤੇ ਮੁਸ਼ਕਲਾਂ ਦਾ ਸਾਹ-ਮਣਾ ਕਰਨਾ ਪੈਂਦਾ ਸੀ। ਸਦੀਆਂ ਤੋਂ ਅਣਗੋਲੀ ਤੇ ਜਿਨਸੀ ਦਮਨ ਦੀਆਂ ਜੰਜੀਰਾਂ ‘ਚ ਬੱਝੀ, ਫਿਰ ਵੀ ਉਸ ਦੀ ਪੇਸ਼ ਕਦਮੀ ਇਕ ਸ਼ਲਾਘਾਯੋਗ ਪ੍ਰਾਪਤੀ ਹੈ। ਜਿਉਂ-ਜਿਉਂ ਆਰਥਿਕ ਆਜਾਦੀ ਲਈ ਉਸ ਦਾ ਦਰਵਾਜਾ ਖੁਲ੍ਹਦਾ ਰਿਹਾ, ਉਹ ਸੁਤੰਤਰ ਭੂਮਿਕਾ ਨਿਭਾਉਂਦੀ ਗਈ। ਅੱਜ ਜਿਸ ਉਚਾਈ ‘ਤੇ ਉਹ ਪੁੱਜ ਗਈ ਹੈ ਅੱਜੇ ਵੀ ਅੱਗੋ ਵੱਧਣ ਲਈ ਉਸ ਦੀ ਸੁਤੰਤਰ ਭੂਮਿਕਾ ਲਈ ਜਮਹੂਰੀ ਰਾਹ ਅਤੇ ਅੰਦੋਲਨ ਜਰੂਰੀ ਹੈ। ਸਾਹਿਤ ਦਾ ਅਕੀਦਾ ਭਾਵੇਂ ਕਿਸੇ ਵੀ ਸੇਧ ਵਾਲਾ ਹੋਵੇ, ਜਿਹੜਾ ਭੂਤ ਤੋਂ ਸਿਖਣ ਵਾਲਾ, ਵਰਤਮਾਨ ਉਸ ਨੂੰ ਹਾਣੀ ਬਣਾਏ ਅਤੇ ਭਵਿੱਖ ਨੂੰ ਸੁਚੇਤ ਕਰਨ ਵਾਲਾ ਹੋਣਾ ਚਾਹੀਦਾ ਹੈ। ਜਦੋਂ ਉਸ ਦਾ ਕਾਵਿਕ ਸਾਹਿਤ ਲੋਕ ਪੱਖੀ, ਜਨ ਸਾਹਿਤ, ਕਿਰਤ ਦੀ ਕਦਰ ਕਰਨ, ਕਿਰਤ ਨੂੰ ਜੋੜਨ ਵਾਲਾ, ਧਰਮ ਨਿਰਪੱਖ ਤੇ ਸ਼ੋਸ਼ਣ ਵਿਰੁੱਧ ਹੋਵੇਗਾ, ਉਹ ਪੰਜਾਬੀ ਕਾਵਿ ਸਾਹਿਤ ਜਨ-ਸਾਹਿਤ ਦਾ ਕੁਦਰਤੀ ਰੁਤਬਾ ਵੀ ਪ੍ਰਾਪਤ ਕਰ ਲਵੇਗਾ ! ਹਵਾਲਾ: ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ, ਪੰਜਾਬੀ ਸਾਹਿਤ ਦਾ ਇਤਿਹਾਸ, ਕਲਮ-ਸਿਆਹੀ)

# ਕਹਾਣੀ- ਕੁਰਸੀ

-ਡਾਕਟਰ ਹਰਨੇਕ ਸਿੰਘ ਕੈਲੇ-

ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਣ ਮਗਰੋਂ ਗੌਤਮ ਇੱਕ ਨਿੱਜੀ ਕੰਪਨੀ ਦਾ ਮੈਨੇਜਰ ਬਣ ਗਿਆ ਸੀ। ਉਹ ਜੀਅ-ਜਾਨ ਨਾਲ ਕੰਮ ਕਰਦਾ ਤੇ ਮੁਲਾਜ਼ਮਾਂ ਨੂੰ ਵੀ ਵੱਧ ਤੋਂ ਵੱਧ ਕੰਮ ਕਰਨ ਲਈ ਪ੍ਰੇਰਦਾ। ਉਸ ਦੇ ਆਉਣ ਨਾਲ ਕੰਪਨੀ ਦਾ ਮੁਨਾਫਾ ਵਧਣ ਲੱਗ ਪਿਆ ਤੇ ਉਸ ਨੇ ਕਹਿ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਚੋਖਾ ਵਾਧਾ ਕਰਵਾ ਦਿੱਤਾ। ਕੰਪਨੀ ਦਾ ਮਾਲਕ ਉਸ ਤੋਂ ਬਹੁਤ ਖੁਸ਼ ਸੀ ਤੇ ਮੁਲਾਜ਼ਮ ਵੀ ਪਸੰਦ ਕਰਦੇ ਸਨ। ਸਾਰੇ ਪਾਸੇ ਉਸ ਦੀ ਬੱਲੇ ਬੱਲੇ ਹੋ ਰਹੀ ਸੀ।

ਫਿਰ ਇੱਕ ਦਿਨ ਅਜੀਬੋ ਗਰੀਬ ਘਟਨਾ ਵਾਪਰੀ। ਉਸ ਨੇ ਆਮ ਵਾਂਗ ਆਪਣੀ ਸਟੈਨੋ ਰੀਨਾ ਨੂੰ ਡਿਕਟੇਸ਼ਨ ਦੇਣ ਲਈ ਬੁਲਾਇਆ। ਮੌਕਾ ਵੇਖ ਕੇ ਰੀਨਾ ਨੇ ਆਖਿਆ, ‘‘ਸਰ ਮੇਰੀ ਤਨਖਾਹ ਵਧਾ ਦਿਓ ਪਲੀਜ਼।’’ ਇਹ ਗੱਲ ਉਹ ਪਹਿਲਾਂ ਵੀ ਤਿੰਨ-ਚਾਰ ਵਾਰ ਆਖ ਚੁੱਕੀ ਸੀ ਤੇ ਗੌਤਮ ਦਾ ਜਵਾਬ ਪਹਿਲਾਂ ਵਾਲਾ ਸੀ, ‘‘ਰੀਨਾ, ਤੇਰੀ ਤਨਖਾਹ ਤਾਂ ਹੋਰਾਂ ਨਾਲੋਂ ਪਹਿਲਾਂ ਹੀ ਵੱਧ ਐ, ਕਿਉਂਕਿ ਤੂੰ ਇਲਾਕੇ ਦੇ ਐੱਮ ਐੱਲ ਏ ਦੀ ਰਿਸ਼ਤੇਦਾਰ ਐਂ। ਤੇਰੀ ਤਨਖਾਹ ਹੋਰ ਵਧਾਉਣ ਲਈ ਕਹਿਣਾ ਮੇਰੇ ਲਈ ਔਖੈ।’’ ਅੱਜ ਦਫਤਰ ਤੋਂ ਬਾਹਰ ਜਾਣ ਵੇਲੇ ਰੀਨਾ ਦੇ ਚਿਹਰੇ ਉਤੇ ਗੁੱਸੇ ਦੇ ਹਾਵ-ਭਾਵ ਨਜ਼ਰ ਆ ਰਹੇ ਸਨ। ਬਾਹਰ ਜਾ ਕੇ ਉਹ ਮੂੰਹ ਵਿੱਚ ਹੀ ਕੁਝ ਬੋਲਣ ਲੱਗ ਪਈ।

‘‘ਕੀ ਹੋਇਆ ਰੀਨਾ?’’ ਨਾਲ ਦੀਆਂ ਨੇ ਪੁੱਛਿਆ।

‘‘ਕੁਝ ਨਹੀਂ।’’ ਆਖ ਕੇ ਉਹ ਉੱਚੀ-ਉੱਚੀ ਰੋਣ ਲੱਗ ਪਈ।

‘‘ਕੁਝ ਤਾਂ ਹੋਇਐ।’’ ਆਖਦੀ ਆਖਦੀ ਡਿਪਟੀ ਮੈਨੇਜਰ ਪ੍ਰਵੀਨ ਉਸ ਨੂੰ ਪਾਸੇ ਲੈ ਗਈ। ਦਸਾਂ ਕੁ ਮਿੰਟਾਂ ਵਿੱਚ ਦਫਤਰ ਵਿੱਚ ਗੱਲ ਫੈਲ ਗਈ ਕਿ ਮੈਨੇਜਰ ਸਾਹਬ ਗੌਤਮ ਨੇ ਰੀਨਾ ਨਾਲ ਛੇੜਛਾੜ ਕੀਤੀ ਐ। ਇਹ ਸੁਣ ਕੇ ਗੌਤਮ ਸੁੰਨ ਹੋ ਗਿਆ। ਉਸ ਨੇ ਔਖਾ-ਸੌਖਾ ਸਮਾਂ ਟਪਾਇਆ ਅਤੇ ਪੰਜ ਵੱਜਣ ਉਤੇ ਆਪਣੀ ਕਾਰ ਕੱਢੀ ਤੇ ਘਰ ਪਹੁੰਚ ਗਿਆ। ਜਿੰਨੇ ਮੂੰਹ, ਓਨੀਆਂ ਗੱਲਾਂ। ਤਿੰਨ, ਚਾਰ ਕਲਰਕ ਕੁੜੀਆਂ, ਜਿਨ੍ਹਾਂ ਦੀ ਉਸ ਨੇ ਦਫਤਰ ਦੇਰੀ ਨਾਲ ਆਉਣ ਕਰ ਕੇ ਘੂਰ ਘੱਪ ਕੀਤੀ ਸੀ, ਰੀਨਾ ਦੇ ਹੱਕ ਵਿੱਚ ਖੜੋ ਗਈਆਂ। ਗੌਤਮ ਸਮਝਦਾ ਸੀ ਕਿ ਬਹੁਤੇ ਮੁਲਾਜ਼ਮ ਤਾਂ ਮੇਰਾ ਸਾਥ ਦੇਣਗੇ। ਡਿਪਟੀ ਮੈਨੇਜਰ ਪ੍ਰਵੀਨ ਦੀ ਉਸ ਨੇ ਬਹੁਤ ਮਦਦ ਕੀਤੀ ਸੀ। ਮੈਨੇਜਰ ਵੱਲੋਂ ਜੁਆਇਨ ਕਰਨ ਦੇ ਛੇ ਮਹੀਨੇ ਮਗਰੋਂ ਹੀ ਉਸ ਨੇ ਕ੍ਰਿਸ਼ਨ ਕੁਮਾਰ ਦੀ ਮਾੜੀ ਕਾਰਗੁਜ਼ਾਰੀ ਕਰ ਕੇ ਉਸ ਦੀ ਥਾਂ ਉੱਤੇ ਪ੍ਰਵੀਨ ਨੂੰ ਡਿਪਟੀ ਮੈਨੇਜਰ ਬਣਾ ਦਿੱਤਾ ਸੀ ਤੇ ਉਸ ਦੀ ਤਨਖਾਹ ਵਿੱਚ ਚੰਗਾ ਵਾਧਾ ਕਰਵਾ ਦਿੱਤਾ ਸੀ। ਛੇ ਕੁ ਵਜੇ ਉਸ ਨੇ ਪ੍ਰਵੀਨ ਨੂੰ ਫੋਨ ਕੀਤਾ, ਪਰ ਫੋਨ ਦੀਆਂ ਸਾਰੀਆਂ ਘੰਟੀਆਂ ਵੱਜ ਕੇ ਚੁੱਪ ਕਰ ਗਈਆਂ। ਉਹ ਪ੍ਰਵੀਨ ਦੇ ਘਰ ਪਹੁੰਚ ਗਿਆ ਤੇ ਘੰਟੀ ਵਜਾਈ ਅੰਦਰੋਂ ਪ੍ਰਵੀਨ ਦੀ ਬੇਟੀ ਨੇ ਆ ਕੇ ਆਖਿਆ, ‘‘ਮੰਮੀ, ਅੱਜ ਕਿਸੇ ਨੂੰ ਮਿਲਣਾ ਨਹੀਂ ਚਾਹੁੰਦੇ।’’ ਗੌਤਮ ਨਿਰਾਸ਼ ਹੋ ਕੇ ਮੁੜ ਆਇਆ ਤੇ ਸੋਫੇ ਉੱਤੇ ਬਹਿ ਕੇ ਹੁਬਕੀਂ-ਹੁਬਕੀਂ ਰੋਣ ਲੱਗਿਆ।

ਅਗਲੇ ਦਿਨ ਦਫਤਰ ਦਾ ਸਾਰਾ ਮਾਹੌਲ ਬਦਲਿਆ ਹੋਇਆ ਸੀ।

‘‘ਆਪਾਂ ਰੀਨਾ ਨਾਲ ਖੜਨੈ।’’ ਪ੍ਰਵੀਨ ਨੇ ਆਪਣੀ ਹਮਰਾਜ਼ ਕਲਰਕ ਸੀਮਾ ਨਾਲ ਗੱਲ ਕੀਤੀ। ਕੰਪਨੀ ਦਾ ਮਾਲਕ ਆਇਆ ਤੇ ਉਸ ਨੇ ਮੁਲਾਜ਼ਮਾਂ ਤੋਂ ਪੁੱਛ-ਗਿੱਛ ਕੀਤੀ। ਭਾਵੇਂ ਕਈ ਮੁਲਾਜ਼ਮਾਂ ਨੇ ਜ਼ੋਰ ਦੇ ਕੇ ਆਖਿਆ ਵੀ ਕਿ ਮੈਨੇਜਰ ਸਾਹਬ ਨੂੰ ਸੋਚੀ-ਸਮਝੀ ਸਾਜ਼ਿਸ ਹੇਠ ਫਸਾਇਆ ਜਾ ਰਿਹਾ ਹੈ ਤੇ ਉਹ ਬੇਕਸੂਰ ਹੈ, ਪਰ ਪ੍ਰਵੀਨ ਦੀ ਆਖੀ ਗੱਲ, ‘‘ਸਰ ਅਸੀਂ ਸਾਰੀਆਂ ਇਸ ਦੇ ਹੇਠ ਮਸਾਂ ਦਿਨ ਕਟੀ ਕਰਦੀਆਂ ਹਾਂ।’’ ਸੁਣ ਕੇ ਮਾਲਕ ਦਾ ਪਾਰਾ ਚੜ੍ਹ ਗਿਆ। ਉਸ ਨੇ ਝਟਪਟ ਮੈਨੇਜਰ ਨੂੰ ਬਰਖਾਸਤ ਕਰ ਦਿੱਤਾ ਤੇ ਉਸ ਦੀ ਥਾਂ ਪ੍ਰਵੀਨ ਨੂੰ ਮੈਨੇਜਰ ਬਣਾ ਦਿੱਤਾ। ਇਸ ਤੋਂ ਬਾਅਦ ਕਈ ਸੱਚੇ-ਸੁੱਚੇ ਮੁਲਾਜ਼ਮਾਂ ਨੇ ਪ੍ਰਵੀਨ ਨੂੰ ਆਖਿਆ ਵੀ ਸੀ ਕਿ ਗੌਤਮ ਸਰ ਨੇ ਸਾਡੇ ਨਾਲ ਕਿਨਾ ਚੰਗਾ ਵਰਤਾਉ ਕੀਤਾ, ਪਰ ਤੁਸੀਂ ਉਸ ਨਾਲ ਠੀਕ ਨਹੀਂ ਕੀਤਾ। ਸਭ ਕੁਝ ਨੂੰ ਪਾਸੇ ਰੱਖ ਪ੍ਰਵੀਨ ਅੱਜ ਬਹੁਤ ਖੁਸ਼ ਸੀ ਅਤੇ ਮਨ ਈ ਮਨ ਸੋਚਣ ਲੱਗੀ, ‘‘ਮੈਨੂੰ ਆਪਣਾ ਕੰਮ ਕਢਣਾ ਆਉਂਦੈ। ਮੈਨੂੰ ਆਖਦਾ ਹੁੰਦਾ ਸੀ, ਤੂੰ ਆਪਣੇ ਦਫਤਰ ਦੇ ਕੰਮ ਵਿੱਚ ਐਨੀ ਖੁਭ ਜਾ ਕਿ ਤੂੰ ਆਖ ਸਕੇਂ ਕਿ ‘ਆਈ ਲਵ ਦਿਸ ਆਫਿਸ।’ ਮੈਨੂੰ ਇਸ ਦਫਤਰ ਨਾਲ ਕੀ? ਮੈਨੂੰ ਅਫਸਰ ਦੀ ਕੁਰਸੀ ਚਾਹੀਦੀ ਸੀ, ਸੋ ਮਿਲ ਗਈ। ਆਈ ਲਵ ਮਾਈ ਸੈਲਫ।’’ ਉਸ ਨੂੰ ਆਪਣੇ ਆਪ ਨਾਲ ਗੱਲ ਕਰਦਿਆਂ ਸਕੂਨ ਮਿਲ ਰਿਹਾ ਸੀ।

ਘਰ ਜਾਣ ਲੱਗੇ ਉਸ ਨੇ ਰਸਤੇ ਵਿਚਲੀ ਮਠਿਆਈ ਦੀ ਦੁਕਾਨ ਤੋਂ ਮਠਿਆਈ ਦਾ ਡੱਬਾ ਖਰੀਦਿਆ ਤੇ ਆਪਣੀ ਛੇਵੀਂ ਵਿੱਚ ਪੜ੍ਹਦੀ ਬੇਟੀ, ਚੌਥੀ ਵਿੱਚ ਪੜ੍ਹਦੇ ਬੇਟੇ ਤੇ ਸੱਸ ਨੂੰ ਖੁਸ਼ਖਬਰੀ ਸੁਣਾਈ। ‘‘ਮੰਮੀ, ਮੈਂ ਸਾਈਕਲ ਲੈਣੈ।’’ ਉਸ ਦੀ ਬੇਟੀ ਰੌਲਾ ਪਾ ਰਹੀ ਸੀ। ‘‘ਤੇ ਮੰਮੀ, ਮੈਂ ਕੋਟ ਪੈਂਟ ਲੈਣੈ।’’ ਬੇਟਾ ਉਸ ਨਾਲ ਚਿੰਬੜਿਆ ਹੋਇਆ ਸੀ। ‘‘ਤਨਖਾਹ ਮਿਲੀ ਤਾਂ ਸਾਈਕਲ ਵੀ ਲੈ ਦਿਆਂਗੀ ਤੇ ਕੋਟ ਪੈਂਟ ਵੀ ਅਤੇ ਮੰਮੀ ਲਈ ਵਧੀਆ ਸੂਟ ਵੀ।’’ ਉਸ ਤੋਂ ਆਪਣੀ ਖੁਸ਼ੀ ਸੰਭਾਲੀ ਨਹੀਂ ਸੀ ਜਾ ਰਹੀ ਤੇ ਉਹ ਆਪਣੀ ਸੱਸ ਨੂੰ ਵੀ ਵਧੀਆ ਸੂਟ ਲੈ ਕੇ ਦੇਣ ਦੀ ਗੱਲ ਕਰ ਰਹੀ ਸੀ, ਜਿਹੜੀ ਉਸ ਨੂੰ ਫੁੱਟੀ ਕੌਡੀ ਨਹੀਂ ਸੀ ਭਾਉਂਦੀ ਅਤੇ ਜਿਸ ਨੂੰ ਉਹ ‘ਕਲਮੂੰਹੀ’ ਆਖਦੀ ਹੁੰਦੀ ਸੀ। ਉਸ ਦਾ ਪਤੀ ਦੂਰ ਕਿਤੇ ਨੌਕਰੀ ਕਰਦਾ ਸੀ ਤੇ ਹਫਤੇ ਮਗਰੋਂ ਹੀ ਘਰ ਆਉਂਦਾ ਸੀ। ਉਸ ਨੂੰ ਉਸ ਨੇ ਦਫਤਰ ਵਿੱਚੋਂ ਹੀ ਫੋਨ ਕਰ ਦਿੱਤਾ ਸੀ।

ਰਾਤ ਨੂੰ ਬੱਚਿਆਂ ਦੇ ਸੌਣ ਮਗਰੋਂ ਉਹ ਦੇਰ ਰਾਤ ਤੱਕ ਟੀ ਵੀ ਅੱਗੇ ਬੈਠੀ ਰਹੀ ਤੇ ਫਿਰ ਆਪਣੇ ਬੈਡ ਉਤੇ ਲੇਟ ਕੇ ਅੱਖਾਂ ਮੀਟ ਲਈਆਂ। ਦਿਨ ਭਰ ਦੀਆਂ ਘਟਨਾਵਾਂ ਉਸ ਦੀਆਂ ਅੱਖਾਂ ਅੱਗੋਂ ਦੀ ਲੰਘਣ ਲੱਗੀਆਂ। ਉਨ੍ਹਾਂ ਮੁਲਾਜ਼ਮਾਂ ਦੀਆਂ ਗੱਲਾਂ ਵੀ ਚੇਤੇ ਆਉਣ ਲੱਗੀਆਂ, ਜੋ ਕਹਿ ਰਹੇ ਸਨ ਕਿ ‘‘ਪ੍ਰਵੀਨ, ਇਹ ਤੁਸੀਂ ਗੌਤਮ ਸਰ ਨਾਲ ਠੀਕ ਨਹੀਂ ਕੀਤਾ।’’

‘‘ਕੀ ਮੈਂ ਰੀਨਾ ਤੋਂ ਮੈਨੇਜਰ ਉੱਤੇ ਗਲਤ ਦੋਸ਼ ਲਵਾ ਕੇ ਠੀਕ ਕੀਤੈ?’’ ਇਹ ਸਵਾਲ ਵਾਰ-ਵਾਰ ਉਸ ਦੇ ਮਨ ਵਿੱਚ ਆ ਰਿਹਾ ਸੀ। ‘‘ਨਹੀਂ, ਮੈਂ ਠੀਕ ਨਹੀਂ ਕੀਤਾ। ਮੈਨੇਜਰ ਨੇ ਹਮੇਸ਼ਾ ਸਾਡੀ ਸਾਰੇ ਸਟਾਫ ਦੀ ਮਦਦ ਕੀਤੀ ਹੈ।’’ ਉਸ ਨੇ ਆਪਣੇ ਆਪ ਨੂੰ ਕੋਸਿਆ। ‘‘ਪਰ ਜੇ ਮੈਂ ਇਸ ਤਰ੍ਹਾਂ ਨਾ ਕਰਦੀ ਤਾਂ ਮੈਨੇਜਰ ਬਣਨ ਲਈ ਪਤਾ ਨਹੀਂ ਕਿੰਨਾ ਕੁ ਚਿਰ ਉਡੀਕਣਾ ਪੈਂਦਾ?’’ ਉਸ ਨੇ ਝੱਟ ਹੀ ਆਪਣੇ ਆਪ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ।

ਉਸ ਦੇ ਅੰਦਰ ਤੂਫਾਨ ਆਇਆ ਹੋਇਆ ਸੀ। ਕਦੇ ਉਹ ਸੋਚਦੀ ਕਿ ਮੈਂ ਠੀਕ ਕੀਤੈ, ਪਰ ਫਿਰ ਜਲਦੀ ਹੀ ਉਸ ਨੂੰ ਆਪਣੇ ਆਪ ਉੱਤੇ ਗੁੱਸਾ ਆ ਜਾਂਦਾ। ਉਸ ਨੇ ਸੌਣ ਦੀ ਕੋਸ਼ਿਸ਼ ਕੀਤੀ, ਪਰ ਸੌਂ ਨਾ ਸਕੀ। ਉਸ ਨੇ ਨੀਂਦ ਦੀ ਇੱਕ ਗੋਲੀ ਲਈ ਤੇ ਫਿਰ ਦੂਜੀ, ਪਰ ਉਨ੍ਹਾਂ ਦਾ ਉਸ ਉੱਤੇ ਕੋਈ ਅਸਰ ਨਾ ਹੋਇਆ ਅਤੇ ਉਹ ਜਾਗੋ-ਮੀਚੀ ਵਿੱਚ ਸਾਰੀ ਰਾਤ ਪਾਸੇ ਪਲਟਦੀ ਰਹੀ। ਸਵੇਰੇ ਉਸ ਦਾ ਉਨੀਂਦਰੇ ਕਰ ਕੇ ਅੰਗ-ਅੰਗ ਦੁੱਖ ਰਿਹਾ ਸੀ ਤੇ ਉਠਣ ਨੂੰ ਜੀਅ ਨਹੀਂ ਸੀ ਕਰਦਾ, ਪਰ ਅੱਜ ਉਸ ਦਾ ਮੈਨੇਜਰ ਦੀ ਕੁਰਸੀ ਉਤੇ ਬੈਠਣ ਦਾ ਪਹਿਲਾ ਦਿਨ ਸੀ। ਉਹ ਜਿਵੇਂ ਕਿਵੇਂ ਤਿਆਰ ਹੋ ਕੇ ਦਫਤਰ ਗਈ ਤੇ ਕੁਰਸੀ ਉੱਤੇ ਬੈਠਣ ਲੱਗੀ ਤਾਂ ਉਹ ਕੁਰਸੀ ਤੋਂ ਧੜੱਮ ਕਰ ਕੇ ਹੇਠਾਂ ਡਿੱਗ ਪਈ। ਉਸ ਨੂੰ ਲੱਗਾ ਜਿਵੇਂ ਕੁਰਸੀ ਉਸ ਨੂੰ ਆਖ ਰਹੀ ਹੋਵੇ, ‘‘ਤੂੰ ਮੇਰੀ ਹੱਕਦਾਰ ਨਹੀਂ। ਮੇਰੇ ਹੱਕਦਾਰ ਨਾਲ ਤਾਂ ਤੂੰ ਵਿਸ਼ਵਾਸਘਾਤ ਕੀਤੈ।’’ ਥੋੜ੍ਹਾ ਸੰਭਲ ਕੇ ਉਠ ਕੇ ਉਹ ਮੁੜ ਕੁਰਸੀ ਉੱਤੇ ਬੈਠ ਗਈ।

ਦਫਤਰ ਦੇ ਕੁਝ ਮੁਲਾਜ਼ਮ ਉਸ ਨੂੰ ‘ਮੁਬਾਰਕਬਾਦ’ ਆਖਣ ਆਏ। ਉਹ ਡੌਰ-ਭੌਰ ਹੋਈ ਉਨ੍ਹਾਂ ਨੂੰ ਵੇਖਦੀ ਰਹੀ। ਉਸ ਨੂੰ ਆਪਣੇ ਕੀਤੇ ਉੱਤੇ ਪਛਤਾਵਾ ਹੋਣ ਲੱਗਿਆ, ਪਰ ਫਿਰ ‘‘ਚੱਲ ਵੇਖੀ ਜਾਊ’’ ਆਖ ਕੇ ਉਸ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ਤੇ ਕੁਰਸੀ ਨੂੰ ਆਪਣੇ ਦੋਵੇਂ ਹੱਥਾਂ ਨਾਲ ਘੁੱਟ ਲਿਆ।

# ਸਰਕਾਰਾਂ ਬਦਲ ਜਾਂਦੀਆਂ, ਰਾਜਨੀਤੀ ਦਾ ਬੇਰਹਿਮ ਪੱਖ ਬਦਲਦਾ ਨਹੀਂ ਵੇਖਿਆ ਗਿਆ

ਰਾਜਨੀਤੀ ਹਰ ਦੇਸ਼ ਵਿੱਚ ਓਥੋਂ ਦੇ ਹਾਲਾਤ ਮੁਤਾਬਕ ਇੱਕ ਖਾਸ ਲੀਹ ਵਿੱਚ ਪਈ ਰਹਿੰਦੀ ਹੈ। ਲੋਕਤੰਤਰ ਵਾਲੇ ਦੇਸ਼ਾਂ ਵਿੱਚ ਚੋਣਾਂ ਦਾ ਹੋਣਾ ਜ਼ਰੂਰੀ ਪ੍ਰਕਿਰਿਆ ਦਾ ਹਿੱਸਾ ਹੁੰਦਾ ਹੈ। ਕੁਝ ਦੇਸ਼ਾਂ ਵਿੱਚ ਇੱਕੋ ਸਾਲ ਵਿੱਚ ਕਈ ਵਾਰ ਚੋਣਾਂ ਹੋਣ ਦੀਆਂ ਖਬਰਾਂ ਵੀ ਸਾਨੂੰ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਵਿਕਸਤ ਦੇਸ਼ਾਂ ਵਿੱਚ ਵੀ ਸਰਕਾਰਾਂ ਤੇ ਹਾਕਮ ਟਿਕਾਊ ਨਾ ਹੋਣ ਤਾਂ ਇੱਕੋ ਸਾਲ ਵਿੱਚ ਤਿੰਨ ਪ੍ਰਧਾਨ ਮੰਤਰੀ ਬਦਲਣ ਦੀ ਨੌਬਤ ਯੂ ਕੇ ਜਾਂ ਬ੍ਰਿਟੇਨ ਵਾਂਗ ਆ ਜਾਂਦੀ ਹੈ। ਕਦੀ ਉਹ ਸੰਸਾਰ ਦੇ ਏਡੇ ਵੱਡੇ ਹਿੱਸੇ ਉੱਤੇ ਰਾਜ ਕਰਦੇ ਸਨ ਕਿ ਉਨ੍ਹਾਂ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ। ਇੱਕ ਸਿਰੇ ਸੂਰਜ ਡੁੱਬਦਾ ਪਿਆ ਹੁੰਦਾ ਸੀ ਤਾਂਓਸੇ ਹਕੂਮਤ ਵਾਲੇ ਕਿਸੇ ਹੋਰ ਦੇਸ਼ ਵਿੱਚ ਕਿਸੇ ਥਾਂ ਚੜ੍ਹਦਾ ਦਿਖਾਈ ਦੇਂਦਾ ਸੀ। ਅੱਜ ਉਨ੍ਹਾਂ ਦਾ ਪ੍ਰਧਾਨ ਮੰਤਰੀ ਕਦੋਂ ਬਦਲਣਾ ਪੈ ਜਾਵੇ, ਓਥੋਂ ਦੇ ਨਾਗਰਿਕਾਂ ਨੂੰ ਕੀ ਪਤਾ ਹੋਣਾ, ਉਸ ਦੇਸ਼ ਦੀ ਕਮਾਨ ਸੰਭਾਲ ਰਹੀ ਪਾਰਟੀ ਦੀ ਲੀਡਰਸ਼ਿਪ ਨੂੰ ਵੀ ਪਤਾ ਨਹੀਂ ਲੱਗਦਾ। ਏਦਾਂ ਕਈ ਹੋਰ ਦੇਸ਼ਾਂ ਵਿੱਚ ਵੀ ਹੁੰਦਾ ਰਹਿੰਦਾ ਹੈ।

ਸਾਡੇ ਭਾਰਤ ਵਿੱਚ ਚੋਣਾਂ ਦਾ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ। ਕਦੀ ਪਾਰਲੀਮੈਂਟ ਦੀਆਂ ਚੋਣਾਂ ਤੇ ਕਦੀ ਕੁਝ ਰਾਜਾਂ ਦੀਆਂ ਵਿਧਾਨ ਸਭਾਵਾਂ ਜਾਂ ਵੱਡੇ ਪ੍ਰਭਾਵ ਵਾਲੀਆਂ ਉੱਪ ਚੋਣਾਂ ਵਾਸਤੇ ਚੱਕਰ ਚੱਲ ਪੈਂਦਾ ਹੈ। ਅੱਜਕੱਲ੍ਹ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ ਦਾ ਗੇੜ ਚੱਲਦਾ ਪਿਆ ਹੈ। ਹਿਮਾਚਲ ਪ੍ਰਦੇਸ਼ ਦੀਆਂ ਪਹਿਲਾਂ ਤੇ ਗੁਜਰਾਤ ਦੀਆਂ ਉਸ ਤੋਂ ਢਾਈ ਹਫਤੇ ਬਾਅਦ ਹੋ ਕੇ ਵੋਟਾਂ ਦੀ ਗਿਣਤੀ ਦੋਵਾਂ ਰਾਜਾਂ ਦੀ ਦਸੰਬਰ ਦੇ ਦੂਸਰੇ ਹਫਤੇ ਦੇ ਪਹਿਲੇ ਦਿਨ ਇੱਕੋ ਵਕਤ ਕਰਾਈ ਜਾਣੀ ਹੈ। ਏਸੇ ਦੌਰਾਨ ਭਾਰਤ ਦੀ ਰਾਜਧਾਨੀ ਦਿੱਲੀ ਦੀ ਮਿਉਂਸਪਲ ਕਾਰਪੋਰੇਸ਼ਨ ਲਈ ਵੋਟਾਂ ਪੈਣ ਅਤੇ ਨਤੀਜਾ ਨਿਕਲਣ ਦਾ ਦਿਨ ਮਿੱਥ ਦਿੱਤਾ ਗਿਆ ਹੈ। ਉਸ ਦੇ ਬਾਅਦ ਸਾਲ ਬਦਲਣ ਪਿੱਛੋਂ ਤੀਸਰੇ ਮਹੀਨੇ ਫਿਰ ਤਿੰਨ ਉੱਤਰ ਪੂਰਬੀ ਰਾਜਾਂ ਦੀਆਂ ਅਤੇ ਮਈ ਵਿੱਚ ਕਰਨ-ਟਕਾ ਵਰਗੇ ਅਹਿਮ ਰਾਜ ਦੀਆਂ ਚੋਣਾਂ ਹੋਣ ਕਾਰਨ ਇਸ ਲਗਾਤਾਰ ਚੱਲਦੇ ਚੱਕਰ ਨੇ ਦੇਸ਼ ਦੀ ਰਾਜਨੀਤੀ ਅਤੇ ਰਾਜਨੀਤੀ ਦੇ ਮਹਾਂਰਥੀਆਂ ਦੀ ਦੌੜ ਲਵਾਈ ਰੱਖਣੀ ਹੈ। ਆਮ ਲੋਕ ਕਿਹੜੇ ਹਾਲਾਤ ਵਿੱਚ ਰਹਿੰਦੇ ਹਨ, ਇਸ ਦੀ ਚਿੰਤਾ ਰਾਜਸੀ ਲੀਡਰਾਂ ਨੂੰ ਬਹੁਤੀ ਨਹੀਂ ਹੁੰਦੀ, ਉਨ੍ਹਾਂ ਲਈ ਕੁਰਸੀ ਤੱਕ ਪਹੁੰਚਣਾ ਅਤੇ ਪਹੁੰਚ ਗਏ ਤਾਂ ਉਸ ਉੱਤੇ ਕਬਜ਼ਾ ਕਰੀ ਰੱਖਣ ਦਾ ਜੁਗਾੜ ਕਰਨਾ ਸਭ ਤੋਂ ਵੱਡਾ ਏਜੰਡਾ ਹੁੰਦਾ ਹੈ।

## ਅਸੂਲ-ਸਿਧਾਂਤ ਅਤੇ ਖੁਦ ਆਪਣੇ ਮੂੰਹੋਂ ਕਹੀਆਂ ਗੱਲਾਂ ਵਿਸਾਰਨ ਦਾ ਰਿਵਾਜ ਪਿਆ

ਲੋਕਤੰਤਰ ਵਿੱਚ ਕਿਸੇ ਲੀਡਰ ਦਾ ਕਿਸੇ ਰਾਜਸੀ ਤਾਕਤ ਵਾਲੇ ਅਹੁਦੇ ਲਈ ਲੜਨਾ ਜਾਂ ਟਿਕੇ ਰਹਿਣ ਦਾ ਜੁਗਾੜ ਕਰਨਾ ਗਲਤ ਨਹੀਂ ਕਿਹਾ ਜਾ ਸਕਦਾ, ਪਰ ਗਲਤ ਇਹ ਹੈ ਕਿ ਇਸ ਚੋਣ ਚੱਕਰ ਵਿੱਚ ਸਾਰੇ ਅਸੂਲ-ਸਿਧਾਂਤ ਅਤੇ ਖੁਦ ਆਪਣੇ ਮੂੰਹੋਂ ਕਹੀਆਂ ਗੱਲਾਂ ਵਿਸਾਰਨ ਦਾ ਰਿਵਾਜ ਪੈ ਗਿਆ ਹੈ, ਜਿਹੜਾ ਕਈ ਪੁਆੜਿਆਂ ਦੀ ਜੜ੍ਹ ਹੈ। ਜਨਤਕ ਹਿੱਤ ਦੇ ਬਹੁਤ ਸਾਰੇ ਮੁੱਦੇ ਲਟਕਦੇ ਰਹਿਣੇ ਆਮ ਗੱਲ ਹੈ, ਇਨ੍ਹਾਂ ਲੀਡਰਾਂ ਦੀ ਰਾਜਸੀ ਚੁੰਝ-ਭਿੜਾਈ ਕਈ ਵਾਰ ਬਹੁਤ ਵੱਡੇ ਦੁਖਾਂਤਾਂ ਦੇ ਮਾਮਲੇ ਵਿੱਚ ਵੀ ਹੱਦਾਂ ਟੱਪਣ ਲੱਗਦੀ ਹੈ। ਮਿਸਾਲ ਵਜੋਂ ਪਿਛਲੇ ਹਫਤੇ ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚੋਂ ਲੰਘਦੀ ਮੱਛੂ ਉੱਤੇ ਬਣਾਇਆ ਰੱਸਿਆਂ ਦਾ ਪੁਲ ਟੁੱਟਣ ਤੇ ਡੇਢ ਸੌ ਦੇ ਕਰੀਬ ਲੋਕਾਂ ਦੇ ਮਰਨ ਦੇ ਮਾਮਲੇ ਵਿੱਚ ਵੀ ਇਹੋ ਚੁੰਝ-ਭਿੜਾਈ ਵੇਖ ਲਈ ਹੈ। ਪੁਲ ਇੱਕ ਸੌ ਪੈਂਤੀ ਸਾਲ ਪੁਰਾਣਾ ਦੱਸਿਆ ਗਿਆ ਹੈ। ਏਥੇ ਲੱਗਦੇ ਮੇਲੇ ਕਾਰਨ ਹਰ ਸਾਲ ਮੁਰੰਮਤ ਕਰਵ-ਾਇਆ ਜਾਂਦਾ ਸੀ। ਇਸ ਵਾਰੀ ਵੀ ਮੁਰੰਮਤ ਕਰਵਾਇਆ ਗਿਆ, ਪਰ ਮੁਰੰਮਤ ਦੀ ਥਾਂ ਐਵੇਂ ਕੁਝ ਮਾੜੀ-ਮੋਟੀ ਕਾਰਵਾਈ ਪਾ ਕੇ ਓਸੇ ਤਰ੍ਹਾਂ ਸਾਰਿਆ ਗਿਆ, ਜਿੱਦਾਂ ਹਰ ਸਾਲ ਸਾਰ ਦਿੱਤਾ ਜਾਂਦਾ ਸੀ, ਬੱਸ ਇਸ ਵਾਰ ਓਥੇ ਵੱਡਾ ਦੁਖਾਂਤ ਵਾਪਰ ਗਿਆ। ਡੇਢ ਸੌ ਤੋਂ ਵੱਧ ਲੋਕਾਂ ਦੇ ਮਾਰੇ ਜਾਣ ਪਿੱਛੋਂ ਪਤਾ ਲੱਗਾ ਕਿ ਜਿਹੜੀ ਕੰਪਨੀ ਨੂੰ ਇਸ ਦੀ ਮੁਰੰਮਤ ਦਾ ਕੰਮ ਸੌਂਪਿਆ ਗਿਆ ਸੀ, ਉਹ ਪੁਲਾਂ ਬਾਰੇ ਕੁਝ ਜਾਣਦੀ ਹੀ ਨਹੀਂ ਸੀ, ਬਿਜਲੀ ਦੀਆਂ ਟਿਊਬਾਂ ਤੇ ਬਲਬ ਬਣਾਉਣ ਦਾ ਕੰਮ ਕਰਦੀ ਸੀ ਅਤੇ ਉਸ ਨੇ ਕਰੋੜਾਂ ਦਾ ਠੇਕਾ ਲੈ ਕੇ ਨਾ ਪੁਲ ਨੂੰ ਟਿਕਾਈ ਰੱਖਣ ਵਾਲੇ ਰੱਸਿਆਂ ਦੀ ਹਾਲਤ ਵੇਖੀ, ਨਾ ਉਨ੍ਹਾਂ ਦੇ ਬੇਸ ਵਜੋਂ ਲੱਗੇ ਹੋਏ ਕਿੱਲ-ਕਾਬਲਿਆਂ ਦਾ ਜੰਗਾਲ ਲੱਗਾ ਵੇਖਿਆ। ਮੁਰੰਮਤ ਕਰਨ ਦੀ ਰਿਪੋਰਟ ਕੰਪਨੀ ਨੇ ਦੇ ਦਿੱਤੀ ਅਤੇ ਮਿਉਂਸਪਲ ਕਾਰਪੋਰੇਸ਼ਨ ਦੇ ਅਫਸਰਾਂ ਨੇ ਬਿੱਲ ਪਾਸ ਕਰ ਦਿੱਤੇ, ਫਿਟਨੈੱਸ ਦੇ ਕਿਸੇ ਸਰਟੀਫਿਕੇਟ ਤੋਂ ਬਿਨਾਂ ਹੀ ਉਸ ਸੌ ਕੁ ਲੋਕਾਂ ਨੂੰ ਝੱਲਣ ਜੋਗੇ ਪੁਲ ਉੱਤੇ ਪੰਜ ਸੌ ਲੋਕਾਂ ਦੇ ਚੜ੍ਹਨ ਲਈ ਟਿਕਟਾਂ ਕੱਟ ਕੇ ਕੰਪਨੀ ਨੂੰ ਪੈਸੇ ਕਮਾਉਣ ਦਾ ਲਾਲਚ ਪੈ ਗਿਆ। ਬਾਅਦ ਵਿੱਚ ਸਾਰੀ ਜ਼ਿੰਮੇਵਾਰੀ ਟਿਕਟਾਂ ਕੱਟਣ ਵਾਲੇ ਬਾਬੂਆਂ ਅਤੇ ਪੁਲ ਦੇ ਅੱਗੇ ਖੜੇ ਸਕਿਓਰਟੀ ਗਾਰਡਾਂ ਦੇ ਸਿਰ ਪਾ ਕੇ ਕੰਪਨੀ ਮਾਲਕਾਂ ਦੇ ਬਚਾਅ ਦਾ ਰਾਹ ਲੱਭਣ ਦਾ ਯਤਨ ਸ਼ੁਰੂ ਹੋ ਗਿਆ।

## ਹਾਦਸੇ ਨੂੰ ਰੱਬੀ ਭਾਣਾ (ਐਕਟ ਆਫ ਗਾਡ) ਕਿਹਾ

ਜਤਿੰਦਰ ਪਨੂੰ ਦੀ ਕਲਮ ਤੋਂ

ਅਗਲੇ ਦਿਨ ਇਸ ਹਾਦਸੇ ਵਿੱਚ ਹੋਈਆਂ ਮੌਤਾਂ ਦੇ ਕਾਰਨ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ। ਮੁਰੰਮਤ ਦੇ ਕੰਮ ਵਿੱਚੋਂ ਕਰੋੜਾਂ ਦੀ ਕਮਾਈ ਕਰਨ ਵਾਲੇ ਕੰਪਨੀ ਦੇ ਮਾਲਕਾਂ ਨੇ ਵੀ ਤੇ ਉਨ੍ਹਾਂ ਨਾਲ ਮਿਲੇ ਹੋਏ ਹਾਕਮਾਂ ਨੇ ਇਹ ਰਾਗ ਛੋਹ ਲਿਆ ਕਿ ਕਿਸੇ ਦਾ ਕਸੂਰ ਨਹੀਂ, ਇਹ ਬੱਸ ਰੱਬੀ ਭਾਣਾ (ਐਕਟ ਆਫ ਗਾਡ) ਹੀ ਕਿਹਾ ਜਾ ਸਕਦਾ ਹੈ। ਇਸ ਦੇ ਉਲਟ ਮੀਡੀਏ ਨੇ ਵੀ ਅਤੇ ਵਿਰੋਧੀ ਪਾਰਟੀਆਂ ਨੇ ਵੀ ਇਹ ਮਿਹਣਾ ਮਾਰ ਦਿੱਤਾ ਕਿ ਸਾਢੇ ਛੇ ਸਾਲ ਪਹਿਲਾਂ ਏਹੋ ਜਿਹਾ ਹਾਦਸਾ ਜਦੋਂ ਪੱਛਮੀ ਬੰਗਾਲ ਵਿੱਚ ਵਿਵੇਕਾਨੰਦ ਫਲਾਈਓਵਰ ਢਹਿਣ ਵਾਲਾ ਹੋਇਆ ਤੇ ਛੱਬੀ ਲੋਕ ਮਾਰੇ ਗਏ ਸਨ ਤਾਂ ਓਥੋਂ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ। ਫਰਕ ਇਹ ਸੀ ਕਿ ਓਦੋਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਜਦੋਂ ਉਸ ਨੂੰ 'ਐਕਟ ਆਫ ਗਾਡ' ਕਿਹਾ ਸੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਿਪਣੀ ਕੀਤੀ ਸੀ ਕਿ "ਇਹ 'ਐਕਟ ਆਫ ਗਾਡ' ਨਹੀਂ, 'ਐਕਟ ਆਫ ਫਰਾਡ' ਵਾਪਰਿਆ ਹੈ ਤੇ ਇਸ ਦੀ ਜ਼ਿੰਮੇਵਾਰੀ ਰਾਜ ਸਰਕਾਰ ਦੇ ਸਿਰ ਪੈਣੀ ਬਣਦੀ ਹੈ। ਇਹੋ ਗੱਲ ਵਿਰੋਧੀਆਂ ਨੇ ਇਸ ਵਾਰੀ ਚੁੱਕ ਲਈ ਕਿ ਓਦੋਂ ਛੱਬੀ ਮੌਤਾਂ ਹੋਣ ਦੇ ਬਾਅਦ ਜਿਹੜਾ ਪ੍ਰਧਾਨ ਮੰਤਰੀ ਉਸ ਨੂੰ 'ਐਕਟ ਆਫ ਗਾਡ' ਦੀ ਬਜਾਏ 'ਐਕਟ ਆਫ ਫਰਾਡ' ਕਹਿੰਦਾ ਸੀ, ਉਹ ਖੁਦ ਆਪਣੇ ਰਾਜ ਗੁਜਰਾਤ ਦੇ ਹਾਦਸੇ ਬਾਰੇ ਚੁੱਪ ਵੱਟ ਗਿਆ ਹੈ, ਇਸ ਨੂੰ ਓਸੇ ਹਿਸਾਬ ਨਾਲ 'ਐਕਟ ਆਫ ਫਰਾਡ' ਮੰਨ ਕੇ ਕਾਰਵਾਈ ਕਰਨੀ ਚਾਹੀਦੀ ਹੈ। ਗੁਜਰਾਤ ਦੀ ਗਲੀ-ਗਲੀ ਵਿੱਚ ਇਹ ਦੋਵੇਂ ਵਿਚਾਰ ਅੱਜ ਘੁੰਮਦੇ ਪਏ ਹਨ।



ਭਾਰਤ ਦੇ ਪ੍ਰਧਾਨ ਮੰਤਰੀ ਦਾ ਆਪਣਾ ਰਾਜ ਸੀ ਤੇ ਅਗਲੇ ਮਹੀਨੇ ਓਥੇ ਵਿਧਾਨ ਸਭਾ ਚੋਣਾਂ ਹੋਣੀਆਂ ਸਨ, ਇਸ ਲਈ ਉਨ੍ਹਾਂ ਇਹ ਹਾਦਸਾ ਹੋਣ ਤੋਂ ਅਗਲੇਰੇ ਦਿਨ ਮੌਕਾ ਵੇਖਣ ਦਾ ਪ੍ਰੋਗਰਾਮ ਬਣਾ ਲਿਆ। ਜਿਹੜੀ ਰਾਜ ਸਰਕਾਰ ਇਸ ਹਾਦਸੇ ਤੋਂ ਪਹਿਲਾਂ ਲਾਲਚ ਦੇ ਡੰਗੇ ਹੋਏ ਕੰਪਨੀ ਮਾਲਕਾਂ ਨੂੰ ਕਿਸੇ ਕਾਰਨ ਢਿੱਲਾਂ ਦੇਈ ਜਾਂਦੀ ਰਹੀ ਸੀ, ਉਸ ਨੇ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਓਥੋਂ ਦੇ ਹਸਪਤਾਲ ਨੂੰ ਇੱਕੋ ਰਾਤ ਵਿੱਚ ਰੰਗ ਕਰਵਾ ਕੇ ਨਵਾਂ ਚਮਕਾਂ ਮਾਰਦਾ ਬਣਾ ਦਿੱਤਾ ਤੇ ਉਸ ਗਿੱਲੇ ਪੇਂਟ ਉੱਤੇ ਵਧੀਆ ਕਲਾਕਾਰਾਂ ਤੋਂ ਹੱਸਦੇ-ਖੇਡਦੇ ਬੱਚਿਆਂ ਵਾਲੀਆਂ ਤਸਵੀਰਾਂ ਬਣਵਾ ਦਿੱਤੀਆਂ। ਬਹੁਤ ਕਮਾਲ ਦੀ ਗੱਲ ਹੈ ਕਿ ਮ੍ਰਿਤਕਾ ਦੇ ਵਾਰਸਾਂ ਦੇ ਅੱਥਰੂ ਪੂੰਝਣ ਦੀ ਚਿੰਤਾ ਨਹੀਂ, ਜ਼ਖਮੀਆਂ ਦੇ ਇਲਾਜ ਦੀ ਬਹੁਤੀ ਚਿੰਤਾ ਨਹੀਂ, ਪ੍ਰਧਾਨ ਮੰਤਰੀ ਨਾਲ ਆਉਣ ਵਾਲੇ ਮੀਡੀਏ ਨੂੰ ਇਹ ਵਿਖਾਉਣ ਦੀ ਚਿੰਤਾ ਹੋ ਗਈ ਕਿ ਹਸਪਤਾਲ ਬਹੁਤ ਸੋਹਣਾ ਦਿੱਸਣਾ ਚਾਹੀਦਾ ਹੈ। ਇਸ ਤੋਂ ਪ੍ਰਸ਼ਾਸਨ ਦੀ ਬੇਰਹਿਮ ਚਾਪਲੂਸੀ ਦਾ ਵੀ ਪਤਾ ਲੱਗਾ ਤੇ ਲੋਕਾਂ ਦੀ ਹਾਲਤ ਦਾ ਵੀ।

## ਡੇਢ ਸੌ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਇਸ ਮੌਕੇ ਚੋਣ-ਮੁੱਦਾ ਬਣੇਗੀ

ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ, ਪਹਿਲੀ ਦਸੰਬਰ ਨੂੰ ਪਹਿਲੇ ਗੇੜ ਦੀਆਂ ਵੋਟਾਂ ਅਤੇ ਪੰਜ ਦਸੰਬਰ ਨੂੰ ਦੂਸਰੇ ਗੇੜ ਦੀਆਂ ਪੈਣਗੀਆਂ। ਮੋਰਬੀ ਸ਼ਹਿਰ ਦੀ ਮੱਛੂ ਨਦੀ ਉੱਤੇ ਪੁਲ ਟੁੱਟਣ ਅਤੇ ਡੇਢ ਸੌ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਇਸ ਮੌਕੇ ਚੋਣ-ਮੁੱਦਾ ਬਣੇਗੀ। ਇੱਕ-ਦੂਸਰੇ ਨੂੰ ਮਿਹਣੇ ਦਿੱਤੇ ਜਾਣਗੇ। ਲੋਕ ਕਦੀ ਆਪਣੇ ਰਾਜ ਵਿੱਚ ਪਿਛਲੇ ਸਤਾਈ ਸਾਲਾਂ ਤੋਂ ਰਾਜ ਕਰਦੀ ਪਾਰਟੀ ਦੇ ਆਗੂਆਂ, ਜਿਨ੍ਹਾਂ ਵਿੱਚ ਪ੍ਰਧਾਨ ਮੰਤਰੀ ਵੀ ਸ਼ਾਮਲ ਹਨ, ਦੇ ਮੂੰਹ ਤੋਂ ਇਹ ਸੁਣਿਆ ਕਰਨਗੇ ਕਿ ਉਨ੍ਹਾਂ ਨੇ ਮ੍ਰਿਤਕਾਂ ਦੇ ਵਾਰਸਾਂ ਲਈ ਆਹ ਕੁਝ ਕੀਤਾ ਹੈ ਤੇ ਕਦੀ ਵਿਰੋਧੀ ਧਿਰਾਂ ਵਿਚਲੇ ਆਗੂਆਂ ਤੋਂ ਸੁਣਿਆ ਕਰਨਗੇ ਕਿ ਕੱਖ ਕੀਤਾ ਹੀ ਨਹੀਂ। ਚਾਲੀ ਕੁ ਸਾਲ ਪਹਿਲਾਂ ਇੱਕ ਵਿਅੰਗਕਾਰ ਨੇ ਲਿਖਿਆ ਸੀ ਕਿ ਕਿਸੇ ਥਾਂ ਪੁਲ ਉੱਤੇ ਇੱਕੋ ਸਾਲ ਵਿੱਚ ਪੰਜਵਾਂ ਹਾਦਸਾ ਹੋਣ ਮਗਰੋਂ ਜਦੋਂ ਮ੍ਰਿਤਕਾਂ ਦੀ ਅੰਤਮ ਅਰਦਾਸ ਹੋਣੀ ਸੀ, ਮੰਤਰੀ ਜੀ ਓਥੇ ਪਹੁੰਚ ਗਏ। ਉਨ੍ਹਾਂ ਨੇ ਇਹ ਨਹੀਂ ਸੀ ਕਿਹਾ ਕਿ ਵਾਰ-ਵਾਰ ਹਾਦਸੇ ਦਾ ਕਾਰਨ ਬਣਨ ਵਾਲਾ ਇਹ ਪੁਲ ਢਾਹ ਕੇ ਨਵੇਂ ਸਿਰਿਉਂ ਠੀਕ ਡੀਜ਼ਾਈਨ ਵਾਲਾ ਬਣਾਵਾਂਗੇ, ਤਾਂ ਕਿ ਲੋਕ ਨਾ ਮਰਨ, ਸਗੋਂ ਇਹ ਗੱਲ ਕਹੀ ਸੀ ਕਿ ਸਾਡੀ ਸਰਕਾਰ ਨੇ ਇੱਕ ਵਿਸ਼ੇਸ਼ ਫੰਡ ਕਾਇਮ ਕਰਨ ਦਾ ਫੈਸਲਾ ਕੀਤਾ ਹੈ, ਜਿਹੜਾ ਇਸ ਪੁਲ ਉੱਤੇ ਮਾਰੇ ਜਾਣ ਵਾਲੇ ਲੋਕਾਂ ਦੇ ਵਾਰਸਾਂ ਲਈ ਹੋਵ-ੇਗਾ, ਤਾਂ ਕਿ ਅਗਲੀ ਵਾਰੀ ਕੋਈ ਬੰਦਾ ਮਰੇ ਤਾਂ ਮੁਆਵਜ਼ੇ ਲਈ ਦੇਰੀ ਨਾ ਹੋਵੇ। ਗੁਜਰਾਤ ਦੇ ਮੋਰਬੀ ਸ਼ਹਿਰ ਵਿੱਚ ਮੱਛੂ ਨਦੀ ਵਾਲੇ ਝੂਲਣੇ ਪੁਲ ਉੱਤੇ ਵਾਪਰੇ ਹਾਦਸੇ ਨੇ ਉਸ ਵਿਅੰਗ ਲੇਖਕ ਦਾ ਉਹ ਰਾਜਨੀਤੀ ਦੀ ਬੇਰਹਿਮੀ ਬਾਰੇ ਕੀਤਾ ਵਿਅੰਗ ਯਾਦ ਕਰਵਾ ਦਿੱਤਾ ਹੈ। ਜਿਹੜੀ ਲੀਹ ਉੱਤੇ ਭਾਰਤ ਦੀ ਰਾਜਨੀਤੀ ਪਈ ਹੈ ਅਤੇ ਪਈ ਰਹਿਣੀ ਜਾਪਦੀ ਹੈ, ਓਥੇ ਲੋਕਾਂ ਦਾ ਨਸੀਬ ਸੁਧਰ ਨਹੀਂ ਸਕਦਾ। ਸਰਕਾਰਾਂ ਬਦਲ ਜਾਂਦੀਆਂ ਹਨ, ਲੋਕ ਮਰਦੇ ਤੇ ਹਾਕਮ ਅੱਗੇ ਤੋਂ ਮੌਤਾਂ ਰੋਕਣ ਦੀ ਥਾਂ ਮ੍ਰਿਤਕਾਂ ਲਈ ਮੁਆਵਜ਼ੇ ਦਾ ਐਲਾਨ ਇੰਜ ਹੀ ਕਰਦੇ ਹਨ, ਜਿੱਦਾਂ ਉਹ ਬੱਸ ਏਨੇ ਕੰਮ ਲਈ ਹੀ ਉੱਚੀਆਂ ਕੁਰਸੀਆਂ ਤੱਕ ਪੁਚਾਏ ਗਏ ਹੋਣ। ਬਦਕਿਸਮਤੀ ਹੈ ਏਦਾਂ ਦੇ ਲੋਕਤੰਤਰ ਵਿੱਚ ਲੋਕਾਂ ਦੀ।

# (ਨਿਆਂ ਦਾ ਹੌਲੀ ਚਲਦਾ ਪਹੀਆ): ਕੀ ਨਿਆਂਪਾਲਿਕਾ ਲਈ ਛੁੱਟੀਆਂ ਦਾ ਸੱਭਿਆਚਾਰ ਬੰਦ ਕੀਤਾ ਜਾਣਾ ਚਾਹੀਦਾ ਹੈ?

ਮਨੋਰੰਜਨ ਦੀ ਧਾਰਨਾ ਬਸਤੀਵਾਦੀ ਨਿਯਮਾਂ ਤੋਂ ਉਪਜੀ ਹੈ। ਉਸ ਸਮੇਂ ਜੱਜ ਇੰਗਲੈਂਡ ਤੋਂ ਆਏ ਸਨ, ਜੋ ਭਾਰਤ ਨਾਲੋਂ ਠੰਢਾ ਸਥਾਨ ਸੀ ਅਤੇ ਭਾਰਤ ਦੀ ਗਰਮੀ ਉਨ੍ਹਾਂ ਲਈ ਅਸਹਿ ਸੀ। ਦੇਸ਼ ਵਿੱਚ ਅਦਾਲਤਾਂ ਅਤੇ ਸਕੂਲਾਂ ਨੂੰ ਛੱਡ ਕੇ ਕੋਈ ਵੀ ਸਰਕਾਰੀ ਅਦਾਰਾ ਅਜਿਹਾ ਨਹੀਂ ਹੈ ਜਿੱਥੇ ਛੁੱਟੀ ਹੁੰਦੀ ਹੈ। ਭਾਰਤੀ ਅਦਾਲਤਾਂ ਵਿੱਚ 3.1 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਭਾਰਤ ਕੋਲ ਨਿਆਂਇਕ ਸ਼ਕਤੀ ਨਾਕਾਫ਼ੀ ਹੈ (ਬ੍ਰਿਟੇਨ ਦੀ 100 ਦੇ ਮੁਕਾ-ਬਲੇ ਭਾਰਤ ਵਿੱਚ ਪ੍ਰਤੀ ਮਿਲੀਅਨ ਆਬਾਦੀ ਵਿੱਚ ਸਿਰਫ਼ 13 ਜੱਜ ਹਨ)। ਦੁਨੀਆ ਵਿੱਚ ਕਈ ਅਜਿਹੇ ਦੇਸ਼ ਹਨ ਜਿੱਥੇ ਅਦਾਲਤ ਵਿੱਚ ਛੁੱਟੀਆਂ ਨਹੀਂ ਹੁੰਦੀਆਂ। ਉਦਾਹਰਨ ਲਈ, ਫਰਾਂਸ ਅਤੇ ਯੂ.ਐਸ ਜੱਜਾਂ ਨੂੰ ਛੁੱਟੀ ਨਹੀਂ ਹੁੰਦੀ, ਪਰ ਉਹ ਅਦਾਲਤ ਦੇ ਕੰਮ ਨੂੰ ਪ੍ਰਭਾਵਿਤ ਕੀਤੇ ਬਿਨਾਂ ਛੁੱਟੀ ਲੈ ਸਕਦੇ ਹਨ। ਭਾਰਤ ਵਿੱਚ ਵੀ ਅਧੀਨ ਫੌਜਦਾਰੀ ਅਦਾਲਤਾਂ ਵਿੱਚ ਛੁੱਟੀ ਨਹੀਂ ਹੈ। ਪਰ ਅਧੀਨ ਸਿਵਲ ਅਦਾਲਤਾਂ, ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿੱਚ ਛੁੱਟੀ ਹੁੰਦੀ ਹੈ। ਫਿਰ ਇਨ੍ਹਾਂ ਛੁੱਟੀਆਂ ਦੀ ਕੀ ਲੋੜ ਹੈ?

-ਪ੍ਰਿਅੰਕਾ ਸੌਰਭ

ਸਾਲਾਂ ਦੌਰਾਨ, ਭਾਰਤੀ ਨਿਆਂ ਪ੍ਰਦਾਨ ਪ੍ਰਣਾਲੀ ਲੰਬਿਤ ਮਾਮਲਿਆਂ ਨਾਲ ਵੱਧਦੀ ਜਾ ਰਹੀ ਹੈ। ਨੈਸ਼ਨਲ ਜੁਡੀਸ਼ੀਅਲ ਡੇਟਾ ਗਰਿੱਡ ਦੇ ਤਾਜ਼ਾ ਅੰਕੜਿਆਂ ਅਨੁਸਾਰ, ਭਾਰਤ ਵਿੱਚ ਅਦਾਲਤਾਂ ਵਿੱਚ 2.74 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਨਿਆਂ ਦਾ ਪਹੀਆ ਕਿੰਨਾ ਹੌਲੀ ਚੱਲਦਾ ਹੈ, ਇਸਦੀ ਸਮੇਂ ਅਤੇ ਸਾਧਨਾਂ ਦੀ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਲੰਬਿਤ ਕੇਸਾਂ ਦੀ ਵਧਦੀ ਗਿਣਤੀ ਨੂੰ ਰੋਕਣ ਲਈ ਹੱਲਾਂ ਦੀ ਚਰਚਾ ਕਰਦੇ ਸਮੇਂ ਅਕਸਰ ਅਦਾਲਤੀ ਛੁੱਟੀ ਦਾ ਵਿਸ਼ਾ ਆਉਂਦਾ ਹੈ। ਛੁੱਟੀਆਂ ਨੂੰ ਪੂਰੀ ਤਰ੍ਹਾਂ ਘਟਾਉਣ, ਅਤੇ ਇੱਥੋਂ ਤੱਕ ਕਿ ਖ਼ਤਮ ਕਰਨ ਲਈ ਵੀ ਕਾਲਾਂ ਕੀਤੀਆਂ ਗਈਆਂ ਹਨ। ਹਾਲ ਹੀ ਵਿੱਚ, ਸੁਪਰੀਮ ਕੋਰਟ ਵਿੱਚ ਇੱਕ ਜਨਹਿਤ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਵਿੱਚ ਅਦਾਲਤਾਂ ਦੁਆਰਾ ਮਨਾਈਆਂ ਜਾਂਦੀਆਂ ਛੁੱਟੀਆਂ ਦੀ ਗਿਣਤੀ ਨੂੰ ਘਟਾਉਣ ਦੀ ਮੰਗ ਕੀਤੀ ਗਈ ਸੀ।

ਜਿਵੇਂ ਕਿ ਵਾਰ-ਵਾਰ ਕਿਹਾ ਜਾ ਰਿਹਾ ਹੈ, ਲੰਬਿਤ ਇੱਕ ਬਹੁਪੱਖੀ ਮੁੱਦਾ ਹੈ, ਜਿਸ ਦੇ ਹੱਲ ਲਈ ਵੱਡੀ ਗਿਣਤੀ ਵਿੱਚ ਜੁੜੇ ਮੁੱਦਿਆਂ ਵੱਲ ਧਿਆਨ ਦੇਣ ਦੀ ਲੋੜ ਹੈ। ਅਦਾਲਤੀ ਛੁੱਟੀਆਂ ਨੂੰ ਘਟਾਉਣ ਜਾਂ ਖ਼ਤਮ ਕਰਨ ਨਾਲ ਬਕਾਇਆ ਅੰਕੜਿਆਂ 'ਤੇ ਅਸਰ ਪੈ ਸਕਦਾ ਹੈ। ਤਾਂ, ਕੀ ਅਦਾਲਤਾਂ ਨੂੰ ਸੱਚਮੁੱਚ ਛੁੱਟੀਆਂ ਦੀ ਲੋੜ ਹੈ? ਕੀ ਬਕਾਇਆ ਦਰਾਂ ਨੂੰ ਘਟਾਉਣ ਲਈ ਅਦਾਲਤੀ ਛੁੱਟੀਆਂ ਦੀ ਗਿਣਤੀ ਘਟਾਈ ਜਾਣੀ ਚਾਹੀਦੀ ਹੈ? ਜੇ ਛੁੱਟੀਆਂ ਖ਼ਤਮ ਕਰ ਦਿੱਤੀਆਂ ਜਾਂਦੀਆਂ ਹਨ ਤਾਂ ਕੀ ਬਕਾਇਆ ਦਰਾਂ ਬਹੁਤ ਘੱਟ ਜਾਣਗੀਆਂ? ਜ਼ਿਆਦਾਤਰ ਹਾਈ ਕੋਰਟਾਂ ਇੱਕ ਸਾਲ ਵਿੱਚ ਔਸਤਨ 200 ਦਿਨਾਂ ਤੋਂ ਵੱਧ ਕੰਮ ਕਰਦੀਆਂ ਹਨ। ਇਸਦਾ ਮਤਲਬ ਹੈ ਕਿ ਅਦਾਲਤਾਂ ਛੁੱਟੀਆਂ, ਸ਼ਨੀਵਾਰ ਅਤੇ ਰਾਸ਼ਟਰੀ ਛੁੱਟੀਆਂ ਦੇ ਕਾਰਨ ਔਸਤਨ 160 ਦਿਨਾਂ ਦੀਆਂ ਛੁੱਟੀਆਂ ਦਾ ਆਨੰਦ ਮਾਣਦੀਆਂ ਹਨ। ਹਾਈ ਕੋਰਟਾਂ ਨਾਲੋਂ ਸੁਪਰੀਮ ਕੋਰਟ ਦੀਆਂ ਛੁੱਟੀਆਂ ਵੱਧ ਹਨ। ਇਹ ਨੰਬਰ, ਬੇਸ਼ੱਕ, ਛੁੱਟੀਆਂ ਵਾਲੇ ਬੈਂਚ ਦੀਆਂ ਮੀਟਿੰਗਾਂ ਨੂੰ ਛੱਡ ਕੇ ਹਨ।

ਉਪਰੋਕਤ ਤੋਂ ਸਬੂਤ, ਅਤੇ ਜਿਵੇਂ ਕਿ ਕਾਨੂੰਨੀ ਭਾਈਚਾਰੇ ਦੇ ਵੱਖ-ਵੱਖ ਮੈਂਬਰਾਂ ਦੁਆਰਾ ਦਰਸਾਇਆ ਗਿਆ ਹੈ, ਹਾਈ ਕੋਰਟਾਂ ਵਿੱਚ ਖਾਲੀ ਅਸਾਮੀਆਂ ਲੰਬਿਤ ਅੰਕੜਿਆਂ ਨੂੰ ਕਿਸੇ ਵੀ ਤਰ੍ਹਾਂ ਨਾਲ ਮਦਦ ਨਹੀਂ ਕਰ ਰਹੀਆਂ ਹਨ। ਇਸ ਸਥਿਤੀ ਲਈ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਜ਼ੰਮਿਵਾਰ ਹੈ, ਪਰ ਇਹ ਕਿਸੇ ਹੋਰ ਦਿਨ ਦੀ ਕਹਾਣੀ ਹੈ। 1958 ਦੇ ਕਨੂੰਨ ਵਿੱਚ ਕਿਹਾ ਗਿਆ ਹੈ ਕਿ ਛੁੱਟੀ ਦਾ ਮਤਲਬ ਇੱਕ ਸਾਲ ਦੇ ਦੌਰਾਨ ਅਜਿਹੇ ਸਮੇਂ ਹਨ ਜੋ ਰਾਸ਼ਟਰਪਤੀ ਦੀ ਪੂਰਵ ਪ੍ਰਵਾਨਗੀ ਨਾਲ ਅਨੁਸੂਚਿਤ ਜਾਤੀ ਨਿਯਮਾਂ ਦੁਆਰਾ ਨਿਰਧਾਰਤ ਕੀਤੇ ਜਾ ਸਕਦੇ ਹਨ। ਛੁੱਟੀ ਲਈ ਸੁਪਰੀਮ ਕੋਰਟ ਦੁਆਰਾ ਪਾਲਣਾ ਮੌਜੂਦਾ ਨਿਯਮ ਸੁਪਰੀਮ ਕੋਰਟ ਨਿਯਮ, 2013 ਹੈ ਅਤੇ ਭਾਰਤ ਦੇ ਚੀਫ਼ ਜਸਟਿਸ ਹਰ ਸਾਲ ਛੁੱਟੀ ਲਈ ਨੋਟੀਫਿਕੇਸ਼ਨ ਜਾਰੀ ਕਰਦੇ ਹਨ। ਮੌਜੂਦਾ ਸਮੇਂ ਵਿੱਚ, ਸੁਪਰੀਮ ਕੋਰਟ ਵਿੱਚ ਸਾਲ ਵਿੱਚ 193 ਕੰਮਕਾਜੀ ਦਿਨ ਹਨ, ਜਦੋਂ ਕਿ ਹਾਈ ਕੋਰਟਾਂ ਵਿੱਚ 210 ਦਿਨ ਹਨ।

ਕੀ ਉੱਚ ਨਿਆਂਪਾਲਿਕਾ ਲਈ ਛੁੱਟੀਆਂ ਦਾ ਸੱਭਿਆਚਾਰ ਬੰਦ ਕੀਤਾ ਜਾਣਾ ਚਾਹੀਦਾ ਹੈ? ਮਨੋਰੰਜਨ ਦੀ ਧਾਰਨਾ ਬਸਤੀਵਾਦੀ ਨਿਯਮਾਂ ਤੋਂ ਉਪਜੀ ਹੈ। ਉਸ ਸਮੇਂ ਜੱਜ ਇੰਗਲੈਂਡ ਤੋਂ ਆਏ ਸਨ, ਜੋ ਭਾਰਤ ਨਾਲੋਂ ਠੰਢਾ ਸਥਾਨ ਸੀ ਅਤੇ ਭਾਰਤ ਦੀ ਗਰਮੀ ਉਨ੍ਹਾਂ ਲਈ ਅਸਹਿ ਸੀ। ਦੇਸ਼ ਵਿੱਚ ਅਦਾਲਤਾਂ ਅਤੇ ਸਕੂਲਾਂ ਨੂੰ ਛੱਡ ਕੇ ਕੋਈ ਵੀ ਸਰਕਾਰੀ ਅਦਾਰਾ ਅਜਿਹਾ ਨਹੀਂ ਹੈ ਜਿੱਥੇ ਛੁੱਟੀ ਹੁੰਦੀ ਹੈ। ਭਾਰਤੀ ਅਦਾਲਤਾਂ ਵਿੱਚ 3.1 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਭਾਰਤ ਕੋਲ ਨਿਆਂਇਕ ਸ਼ਕਤੀ ਨਾਕਾਫ਼ੀ ਹੈ (ਬ੍ਰਿਟੇਨ ਦੀ 100 ਦੇ ਮੁਕਾ-ਬਲੇ ਭਾਰਤ ਵਿੱਚ ਪ੍ਰਤੀ ਮਿਲੀਅਨ ਆਬਾਦੀ ਵਿੱਚ ਸਿਰਫ਼ 13 ਜੱਜ ਹਨ)। ਦੁਨੀਆ ਵਿੱਚ ਕਈ ਅਜਿਹੇ ਦੇਸ਼ ਹਨ ਜਿੱਥੇ ਅਦਾਲਤ ਵਿੱਚ ਛੁੱਟੀਆਂ ਨਹੀਂ ਹੁੰਦੀਆਂ। ਉਦਾਹਰਨ ਲਈ, ਫਰਾਂਸ ਅਤੇ ਯੂ.ਐਸ ਜੱਜਾਂ ਨੂੰ ਛੁੱਟੀ ਨਹੀਂ ਹੁੰਦੀ, ਪਰ ਉਹ ਅਦਾਲਤ ਦੇ ਕੰਮ ਨੂੰ ਪ੍ਰਭਾਵਿਤ ਕੀਤੇ ਬਿਨਾਂ ਛੁੱਟੀ ਲੈ ਸਕਦੇ ਹਨ।

ਭਾਰਤ ਵਿੱਚ ਵੀ ਅਧੀਨ ਫੌਜਦਾਰੀ ਅਦਾਲਤਾਂ ਵਿੱਚ ਛੁੱਟੀ ਨਹੀਂ ਹੈ। ਪਰ ਅਧੀਨ ਸਿਵਲ ਅਦਾਲਤਾਂ, ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਿੱਚ ਛੁੱਟੀ ਹੁੰਦੀ ਹੈ। ਫਿਰ ਇਨ੍ਹਾਂ ਛੁੱਟੀਆਂ ਦੀ ਕੀ ਲੋੜ ਹੈ? ਜੱਜ ਰੋਜ਼ਾਨਾ ਦੇ ਆਧਾਰ 'ਤੇ ਬਹੁਤ ਜ਼ਿਆਦਾ ਬੋਝ ਹਨ ਅਤੇ ਉਹ ਬਹੁਤ ਲੰਬੇ ਸਮੇਂ ਲਈ ਕੰਮ ਕਰਦੇ ਹਨ। ਲੋੜੀਂਦੀ ਛੁੱਟੀ ਦੀ ਘਾਟ ਕਾਰਨ ਜੱਜਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਵੇਗਾ। ਬਹੁਤ ਸਾਰੇ ਜੱਜ ਲੰਬਿਤ ਫੈਸਲਿਆਂ ਨੂੰ ਲਿਖਣ ਲਈ ਲੰਬੇ ਅੰਤਰਾਲ ਦੀ ਵਰਤੋਂ ਕਰਦੇ ਹਨ ਅਤੇ ਖੋਜ ਨੂੰ ਵੀ ਫੜਦੇ ਹਨ, ਜੋ ਕਿ ਨਿਆਂ ਦੀ ਗੁਣਵੱਤਾ ਨੂੰ ਕਾਇਮ ਰੱਖਣ ਲਈ ਜੱਜਾਂ ਲਈ ਜ਼ਰੂਰੀ ਹੈ। ਉਨ੍ਹਾਂ ਨੂੰ ਪ੍ਰਸ਼ਾਸਨਿਕ ਕੰਮ ਵੀ ਕਰਨੇ ਪੈਂਦੇ ਹਨ ਜਿਵੇਂ ਕਿ ਨਿਆਂਪਾਲਿਕਾ ਦੀ ਨਿਗਰਾਨੀ ਅਤੇ ਜੱਜਾਂ ਦੀ ਨਿਯੁਕਤੀ।

ਜਾਂ ਛੁੱਟੀਆਂ ਦੀ ਗਿਣਤੀ ਘਟਾਉਣ ਦੀ ਬਜਾਏ, ਇਸ ਨੂੰ ਇਸ ਤਰ੍ਹਾਂ ਤੋੜੋ ਕਿ ਜੱਜ ਹੁਣ ਨਾਲੋਂ ਵੱਧ ਨਿਆਂਇਕ ਤੌਰ 'ਤੇ ਸਰਗਰਮ ਹੋ ਜਾਵੇ। ਹਾਈ ਕੋਰਟ ਅਜਿਹਾ ਕਰ ਸਕਦੀ ਹੈ ਜੇਕਰ 15 ਜੱਜ ਛੁੱਟੀ 'ਤੇ ਚਲੇ ਜਾਂਦੇ ਹਨ ਅਤੇ 45 ਹੋਰ ਕੰਮ ਕਰ ਸਕਦੇ ਹਨ। ਇਸ ਨਾਲ ਜੱਜਾਂ 'ਤੇ ਕੋਈ ਦਬਾਅ ਨਹੀਂ ਪਵੇਗਾ ਅਤੇ ਕਿਸੇ ਨੂੰ ਵੀ ਜ਼ਿਆਦਾ ਮਿਹਨਤ ਨਹੀਂ ਕਰਨੀ ਪਵੇਗੀ। ਕੀ ਮੁਸਲਮਾਨਾਂ ਨੂੰ ਦੀਵਾਲੀ ਦੀਆਂ ਛੁੱਟੀਆਂ ਦੇਣ ਦਾ ਕੋਈ ਮਤਲਬ ਹੈ? ਇਹ ਸਾਡੇ ਕ੍ਰਿਸਮਸ ਦੀਆਂ ਛੁੱਟੀਆਂ ਨਾਲ ਵੀ ਅਜਿਹਾ ਹੀ ਹੈ. ਇਹ ਮੰਨਣਾ ਬਿਲਕੁਲ ਗਲਤ ਹੈ ਕਿ ਬੰਬਈ ਹਾਈ ਕੋਰਟ ਦੇ ਸਾਰੇ 60 ਜੱਜ ਮਈ ਵਿੱਚ 30 ਦਿਨ ਆਰਾਮ ਕਰਨਾ ਚਾਹੁੰਦੇ ਹਨ। ਜੇਕਰ ਤੁਸੀਂ ਆਪਣੀ ਪਸੰਦ ਦਾ ਛੁੱਟੀਆਂ ਦਾ ਸਲਾਟ ਲੱਭਦੇ ਹੋ, ਤਾਂ ਤੁਸੀਂ ਗਰਮੀਆਂ, ਸਰਦੀਆਂ ਅਤੇ ਦੀਵਾਲੀ ਦੀਆਂ ਛੁੱਟੀਆਂ ਦੌਰਾਨ ਲਾਜ਼ਮੀ ਤੌਰ 'ਤੇ ਘਰ ਬੈਠਣ ਦੀਆਂ ਛੁੱਟੀਆਂ ਨਾਲੋਂ ਬਿਹਤਰ ਆਨੰਦ ਲਓਗੇ। ਬੰਬਈ ਹਾਈ ਕੋਰਟ ਵਿੱਚ 60 ਜੱਜ ਹਨ; ਉਨ੍ਹਾਂ ਵਿੱਚੋਂ 45 ਅਦਾਲਤੀ ਛੁੱਟੀਆਂ ਦੌਰਾਨ ਕੰਮ ਕਰਨ ਲਈ ਤਿਆਰ ਹੋਣਗੇ ਜੇਕਰ ਉਨ੍ਹਾਂ ਨੂੰ ਛੁੱਟੀ ਲੈਣ ਲਈ ਉਨ੍ਹਾਂ ਦੀ ਪਸੰਦ ਦੇ ਹੋਰ ਸਲਾਟ ਦਿੱਤੇ ਜਾਂਦੇ ਹਨ। ਉਦਾਹਰਨ ਲਈ, ਮੈਂ ਮਾਨਸੂਨ ਵਿੱਚ ਬਾਹਰ ਜਾਣਾ ਅਤੇ ਗਰਮੀਆਂ ਦਾ ਸਮਾਂ ਸ਼ਹਿਰ ਵਿੱਚ ਬਿਤਾਉਣਾ ਪਸੰਦ ਕਰਾਂਗਾ। ਇਸ ਦੀ ਬਜਾਏ, ਸਰਦੀਆਂ ਲਈ 15 ਦਿਨ, ਦੀਵਾਲੀ ਲਈ 15 ਦਿਨ ਅਤੇ 15 ਜਨਤਕ ਛੁੱਟੀਆਂ ਰੱਖੋ। ਜੱਜ ਨੂੰ ਇਹ ਚੁਣਨ ਦਿਓ ਕਿ ਬਾਕੀ ਰਹਿੰਦੇ 75 ਦਿਨ ਕਦੋਂ ਲੈਣੇ ਹਨ। ਇਸ ਦਾ ਫੈਸਲਾ ਹਾਈ ਕੋਰਟ ਦੀ ਪ੍ਰਬੰਧਕੀ ਕਮੇਟੀ ਲੈ ਸਕਦੀ ਹੈ। ਬਕਾਏ ਕਮੇਟੀ ਅਤੇ ਲਾਅ ਕਮਿਸ਼ਨ ਦੀ 230ਵੀਂ ਰਿਪੋਰਟ ਵਿੱਚ ਛੁੱਟੀ ਦੀ ਛੋਟੀ ਮਿਆਦ ਦੀ ਸਿਫ਼ਾਰਸ਼ ਕੀਤੀ ਗਈ ਹੈ। ਸਮੇਂ ਦੀ ਲੋੜ ਇੱਕ ਕੁਸ਼ਲ ਨਿਆਂਪਾਲਿਕਾ ਹੈ ਜੋ ਨਾ ਸਿਰਫ਼ ਨਾਗਰਿਕਾਂ ਦੇ ਹਿੱਤਾਂ ਦੀ ਸੇਵਾ ਕਰਨ ਲਈ ਵਚਨਬੱਧ ਹੈ, ਸਗੋਂ ਦੇਸ਼ ਦੀਆਂ ਲੋੜਾਂ ਮੁਤਾਬਕ ਆਪਣੇ ਅਮਲਾਂ ਨੂੰ ਸੋਧ ਕੇ ਇਸ ਵਚਨਬੱਧਤਾ ਦਾ ਸੰਚਾਰ ਵੀ ਕਰਦੀ ਹੈ। ਕੰਮ ਕਰਨ ਅਤੇ ਇਨਸਾਫ਼ ਕਰਨ ਦੀ ਤੀਬਰ ਇੱਛਾ ਹੋਣੀ ਚਾਹੀਦੀ ਹੈ। ਇਹ ਤੁਹਾਡੀ ਸਹੁੰ ਹੈ, ਅਤੇ ਆਪਣੀ ਸਹੁੰ ਨੂੰ ਪੂਰਾ ਕਰਨਾ ਤੁਹਾਡਾ ਫਰਜ਼ ਹੈ। ਗਲੈਮਰ, ਹਾਂ ਤੁਹਾਡੇ ਕੋਲ ਇਹ ਹੈ, ਪਰ ਤੁਸੀਂ ਇਸਦੇ ਲਈ ਨਿਰਣਾ ਨਹੀਂ ਕਰਦੇ. ਤੁਸੀਂ ਆਪਣੀ ਯੋਗਤਾ ਦਾ ਸਭ ਤੋਂ ਵਧੀਆ ਨਿਰਣਾ ਕਰਨ ਲਈ ਜੱਜ ਬਣ ਜਾਂਦੇ ਹੋ। ਜੇ ਤੁਹਾਡੀ ਜ਼ਮੀਰ ਸਾਫ਼ ਹੈ, ਤਾਂ ਇਹ ਛੁੱਟੀਆਂ ਅਤੇ ਚਿਹਰਾ ਮੁੱਲ ਤੁਹਾਨੂੰ ਪਰੇਸ਼ਾਨ ਨਹੀਂ ਕਰਨਗੇ। ਜੇਕਰ ਅਦਾਲਤਾਂ ਵਿੱਚ ਬਕਾਏ ਲਈ ਕਿਸੇ ਨੂੰ ਦੋਸ਼ੀ ਠਹਿਰਾਉਣਾ ਹੈ ਤਾਂ ਅਦਾਲਤਾਂ ਜ਼ੰਮਿਵਾਰ ਹਨ।

– ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿੱਚ
ਖੋਜ ਵਿਦਵਾਨ,
ਕਵੀ, ਸੁਤੰਤਰ ਪੱਤਰਕਾਰ ਅਤੇ
ਕਾਲਮਨਵੀਸ,
ਉੱਬਾ ਭਵਨ, ਆਰੀਆਨਗਰ, ਹਿਸਾਰ
(ਹਰਿਆਣਾ)-127045

# ਕਰ ਛੱਤਰੀ ਦੀ ਛਾਂ ਮੈਂ ਛਾਵੇਂ ਬਹਿੰਦੀ ਆਂ

-ਬਹਾਦਰ ਸਿੰਘ ਗੋਸਲ-

ਮਨੁੱਖੀ ਜੀਵਨ ਵਿੱਚ ਕੁਝ ਵਸਤਾਂ ਸਦੀਆਂ ਤੋਂ ਮਨੁੱਖ ਦਾ ਸਾਥ ਦਿੰਦੀਆਂ ਆਈਆਂ ਹਨ। ਭਾਵੇਂ ਇਹ ਗੱਲ ਠੀਕ ਹੈ ਕਿ ਰੋਟੀ, ਕੱਪੜਾ ਤੇ ਮਕਾਨ ਮਨੁੱਖਾਂ ਦੀਆਂ ਮੁੱਢਲੀਆਂ ਜ਼ਰੂਰਤਾਂ ਹਨ, ਪਰ ਕੁਝ ਵਸਤਾਂ ਦੀ ਜ਼ਰੂਰਤ ਮਨੁੱਖ ਨੂੰ ਕਿਸੇ ਵਿਸ਼ੇਸ਼ ਸਮੇਂ ਜਾਂ ਸੰਕਟ ਦੇ ਵਕਤ ਮਹਿਸੂਸ ਹੁੰਦੀ ਹੈ। ਅਜਿਹੀਆਂ ਵਸਤਾਂ ਬਹੁਤ ਛੋਟੀਆਂ ਹੋਣ ਕਾਰਨ ਭਾਵੇਂ ਹਰ ਰੋਜ਼ ਵਰਤੋਂ ਵਿੱਚ ਨਹੀਂ ਆਉਂਦੀਆਂ, ਪਰ ਉਸ ਦੀ ਮਹੱਤਤਾ ਸਮੇਂ ਅਨੁਸਾਰ ਹੁੰਦੀ ਹੈ।

ਪੁਰਾਣੇ ਬਜ਼ੁਰਗ ਜਦੋਂ ਕਿਤੇ ਬਾਹਰ ਯਾਤਰਾ ਆਦਿ ਉੱਤੇ ਜਾਂਦੇ ਤਾਂ ਉਹ ਆਪਣੇ ਨਾਲੇ ਸੋਟੀ, ਗੜਵੀ ਅਤੇ ਛੱਤਰੀ ਲੈ ਕੇ ਚੱਲਦੇ ਸਨ। ਸੋਟੀ ਕਈ ਤਰ੍ਹਾਂ ਮੁਸ਼ਕਲ ਸਮੇਂ ਵਿੱਚ ਉਨ੍ਹਾਂ ਦੀ ਮਦਦ ਕਰਦੀ ਤੇ ਗੜਵੀ ਪਾਣੀ ਆਦਿ ਦੀ ਵਰਤੋਂ ਦੇ ਕੰਮ ਆਉਂਦੀ। ਧੁੱਪ, ਮੀਂਹ ਤੋਂ ਬਚਣ ਲਈ ਉਹ ਆਪਣੇ ਨਾਲ ਛੱਤਰੀ ਵੀ ਲੈ ਲੈਂਦੇ। ਸਾਧਾਰਨ ਛੱਤਰੀ ਬਹੁਤ ਮਹਿੰਗੀ ਨਹੀਂ ਸੀ ਹੁੰਦੀ ਤੇ ਇਸੇ ਕਰ ਕੇ ਪੁਰਾਣੇ ਸਮਿਆਂ ਵਿੱਚ ਹਰ ਘਰ ਵਿੱਚ ਛੱਤਰੀ ਰੱਖੀ ਮਿਲਦੀ ਸੀ। ਜਦੋਂ ਇਸ ਦੀ ਲੋੜ ਨਾ ਹੁੰਦੀ ਤਾਂ ਘਰ ਵਿੱਚ ਕਿਸੇ ਕੋਨੇ ਕਿੱਲੇ ਨਾਲ ਟੰਗੀ ਰਹਿੰਦੀ, ਪਰ ਮੀਂਹ ਸਮੇਂ ਜਾਂ ਧੁੱਪ ਵਿੱਚ ਬਾਹਰ ਜਾਣ ਸਮੇਂ ਬਜ਼ੁਰਗ ਇਸ ਛੱਤਰੀ ਦੀ ਵਰਤੋ ਕਰਦੇ ਸਨ। ਲੋਹੇ ਦੀਆਂ ਕੁਝ ਤਾਰਾਂ, ਕਾਲੇ ਕੱਪੜੇ ਤੇ ਲੱਕੜ ਦੀ ਖੂੰਡੀ ਵਾਲੀ ਛੱਤਰੀ ਯਾਤਰੂਆਂ ਦੀ ਸਹਿਯੋਗੀ ਮਿੱਤਰ ਬਣ ਜਾਂਦੀ। ਜਿਉਂ ਜਿਉਂ ਸਮਾਂ ਬਦਲਦਾ ਗਿਆ, ਛੱਤਰੀ ਵੀ ਨਵੇਂ ਰੰਗ ਰੂਪ ਅਪਣਾਉਣ ਲੱਗੀ। ਫੈਸ਼ਨਾਂ ਦੀ ਬਦਲਦੀ ਦੁਨੀਆ ਵਿੱਚ ਇਸ ਕਾਲੀ ਛੱਤਰੀ ਨੂੰ ਰੰਗ ਚੜ੍ਹਨ ਲੱਗੇ। ਸ਼ਹਿਰਾਂ ਵਿੱਚ ਇਨ੍ਹਾਂ ਦੇ ਡਿਜ਼ਾਈਨਾਂ ਦੀ ਹੋੜ ਜਿਹੀ ਲੱਗ ਗਈ। ਸ਼ਹਿਰੀ ਮੁਟਿਆਰਾ ਧੁੱਪ ਵਿੱਚ ਕਦੇ ਛੱਤਰੀ ਤੋਂ ਬਿਨਾਂ ਬਾਹਰ ਨਹੀਂ ਨਿਕਲਦੀਆਂ। ਸ਼ਹਿਰਾਂ ਵਿੱਚ ਨੌਕਰੀ ਕਰਦੀਆਂ ਔਰਤਾਂ ਲਈ ਫੈਸ਼ਨਿਕ ਲੋੜ ਬਣ ਗਈ।

ਛੱਤਰੀ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਗਈ। ਪਤਾ ਨਹੀਂ ਕਿੰਨੇ ਗੀਤ, ਲੋਕ ਗੀਤ, ਕਵਿਤਾਵਾਂ, ਕਹਾਣੀਆਂ ਜਾਂ ਨਾਵਲਾਂ ਦਾ ਇਹ ਛੱਤਰੀ ਸ਼ਿੰਗਾਰ ਬਣ ਗਈ। ਜਦੋਂ ਕਿਸੇ ਭੈਣ ਨੂੰ ਆਪਣੇ ਭਰਾ ਦੀ ਯਾਦ ਆਉਂਦੀ ਹੈ ਤਾਂ ਉਹ ਕਹਿ ਉਠਦੀ ਹੈ :

ਓਹ ਵੀਰ ਮੇਰਾ ਕੁੜੀਓ,
ਹੱਥ ਛੱਤਰੀ
ਨਹਿਰ ਦੀ ਜਾਵੇ ਪਟੜੀ।

ਪੰਜਾਬੀ ਸਭਿਆਚਾਰ ਦੀ ਜਿੰਦ ਜਾਨ ਪੰਜਾਬੀ ਬੋਲੀਆਂ ਵਿਚ ਜਦੋਂ ਦਿਓਰ-ਭਰਜਾਈ ਦੇ ਰਿਸ਼ਤੇ ਦੀ ਗੱਲ ਛਿੜਦੀ ਹੈ ਤਾਂ ਛੱਤਰੀ ਵੀ ਆਪਣਾ ਨਿਵੇਕਲਾ ਜਿਹਾ ਰੋਲ ਅਦਾ ਕਰ ਜਾਂਦੀ ਹੈ। ਇੱਕ ਬੋਲੀ ਅਨੁਸਾਰ :

ਬਾਰੀਂ ਬਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਚਾਂਦੀ,
ਦਿਓਰਾ ਕਰ ਛੱਤਰੀ,
ਭਾਬੀ ਅੰਬ ਚੂਪਦੀ ਜਾਂਦੀ।

ਇਸੇ ਤਰ੍ਹਾਂ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਪੰਜਾਬ ਦੇ ਪੇਂਡੂ ਖੇਤਰ ਵਿੱਚ ਜਿਨ੍ਹਾਂ ਪੰਜਾਬੀ ਗੀਤਾਂ ਦੀ ਭਰਮਾਰ ਹੁੰਦੀ ਸੀ, ਉਨ੍ਹਾਂ ਵਿੱਚ ਕਿਸੇ ਪੱਖੋਂ ਛੱਤਰੀ ਦੀ ਗੱਲ ਜ਼ਰੂਰ ਕੀਤੀ ਜਾਂਦੀ ਸੀ। ਇਸ ਤਰ੍ਹਾਂ ਇੱਕ ਪੰਜਾਬੀ ਗਾਣਾ ਪੰਜਾਬੀਆਂ ਦੇ ਦਿਲਾਂ ਨੂੰ ਖੁਸ਼ ਕਰ ਗਿਆ ਸੀ ਤੇ ਪੰਜਾਬੀ ਸਭਿਆਚਾਰ ਵਿੱਚ ਬਹੁਤ ਹੀ ਮਿਠਾਸ ਘੋਲ ਗਿਆ ਸੀ, ਉਸ ਦੀਆਂ ਇਹ ਸਤਰਾਂ ਹਰ ਇੱਕ ਦੇ ਮਨ ਨੂੰ ਮੋਹ ਲੈਂਦੀਆਂ ਹਨ :

ਸੁਣ ਵੇ ਚੀਰੇ ਵਾਲਿਆ,
ਮੈਂ ਕਹਿਨੀ ਆਂ,
ਕਰ ਛੱਤਰੀ ਦੀ ਛਾਂ,
ਮੈਂ ਛਾਵੇਂ ਬਹਿੰਦੀ ਆਂ।

ਇਸ ਤਰ੍ਹਾਂ ਇਹ ਛੱਤਰੀ ਪੰਜਾਬੀਆਂ ਦੇ ਹਰ ਰੰਗ, ਦੁੱਖ, ਸੁੱਖ ਵਿੱਚ ਸਹਾਈ ਹੁੰਦੀ ਸੀ ਅਤੇ ਇਹ ਸਾਡੇ ਪੁਰਾਣੇ ਸਭਿਆਚਾਰਕ ਵਿਰਸੇ ਦੀ ਅਹਿਮ ਕੜੀ ਬਣੀ ਹੋਈ ਸੀ। ਪੰਜਾਬ ਦੇ ਪਿੰਡਾਂ ਵਿੱਚ ਵਿਆਹਾਂ ਵਿੱਚ ਵੀ ਛੱਤਰੀ ਨਹੀਂ ਸੀ ਭੁੱਲਦੀ। ਜਦੋਂ ਜੰਞ ਰੱਥਾਂ, ਗੱਡਿਆਂ ਤੇ ਊਠਾਂ, ਘੋੜਿਆਂ ਉੱਤੇ ਜਾਇਆ ਕਰਦੀ ਸੀ ਤਾਂ ਲਾੜੇ ਦੇ ਹੱਥ ਨੂੰ ਸ਼ਿੰਗਾਰ ਕੇ ਉਸ ਉਪਰ ਸ਼ਗਨਾਂ ਦੇ ਤੌਰ ਉੱਤੇ ਛੱਤਰੀ ਲਾਈ ਜਾਂਦੀ ਸੀ :

ਵਿਆਂਹਦੜ ਗੱਭਰੂ
ਰਥ ਵਿੱਚ ਬਹਿ ਗਿਆ,
ਉਪਰ ਛੱਤਰੀ ਲਾ ਕੇ,
ਵੀਰ ਉਹਦੇ ਚੜ੍ਹ ਗਏ ਊਠਾਂ ਉੱਤੇ,
ਪੈਰੀਂ ਝਾਂਜਰਾਂ ਪਾ ਕੇ,
ਚਾਚੇ, ਤਾਏ, ਮਾਮੇ, ਦੋਸਤ
ਜੰਞ ਚੜ੍ਹਗੀ ਹੁੰਮ ਹੁਮਾ ਕੇ,
ਭੰਗੜਾ ਖੂਬ ਪਿਆ,
ਜਦ ਜੰਞ ਢੁੱਕੀ ਦਰਵਾਜ਼ੇ।

ਅੱਜ ਮੈਂ ਜਿਸ ਛੱਤਰੀ ਦੀ ਗੱਲ ਦੱਸਣ ਲੱਗਾ ਹਾਂ, ਉਹ ਛੱਤਰੀ ਮੇਰੇ ਦਿਲ ਦਿਮਾਗ ਉੱਤੇ ਪਿਛਲੇ ਚਾਰ ਦਹਾਕਿਆਂ ਤੋਂ ਛਾਈ ਹੋਈ ਹੈ। ਗੱਲ ਓਦੋਂ ਦੀ ਹੈ, ਜਦੋਂ 1964 ਵਿੱਚ ਮੈਂ ਆਪਣੇ ਨਾਲ ਦੇ ਪਿੰਡ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ। ਸਤੰਬਰ ਮਹੀਨੇ ਸਕੂਲ ਵਿੱਚ ਪੇਪਰ ਚੱਲਦੇ ਸਨ ਤੇ ਇੱਕ ਦਿਨ ਛੁੱਟੀ ਛੇਤੀ ਹੋ ਗਈ, ਪਰ ਸਾਨੂੰ ਪਤਾ ਲੱਗਿਆ ਕਿ ਉਸ ਪਿੰਡ ਗਾਉਣ ਵਾਲੀ ਦਾ ਅਖਾੜਾ ਹੈ ਤਾਂ ਅਸੀਂ ਸਕੂਲ ਤੋਂ ਸਿੱਧੇ ਓਥੇ ਪਹੁੰਚ ਗਏ। ਉਥੇ ਲੋਕਾਂ ਦਾ ਭਾਰੀ ਇਕੱਠ ਸੀ ਤੇ ਅਸੀਂ ਵੀ ਇੱਕ ਕੋਨੇ ਵਿੱਚ ਜਾ ਖੜ੍ਹੇ ਹੋਏ। ਬੱਦਲ ਜਿਹੇ ਛਾਏ ਹੋਏ ਸਨ ਅਤੇ ਇਸ ਤਰ੍ਹਾਂ ਮੌਸਮ ਬੜਾ ਖੁਸ਼ਗਵਾਰ ਸੀ।

ਲੋਕ ਗਾਇਕ ਜੋੜੀ ਵੱਲੋਂ ਗਾਏ ਜਾ ਰਹੇ ਗੀਤਾਂ ਦਾ ਭਰਪੂਰ ਆਨੰਦ ਲੈ ਰਹੇ ਸਨ। ਗਾਇਕ ਜੋੜੀ ਨੇ ਚੰਗੇ ਗੀਤਾਂ ਨਾਲ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਸਭ ਦੇ ਮਨਾਂ ਨੂੰ ਵੱਸ ਕਰ ਲਿਆ। ਲੋਕ ਹਿੱਲਣ ਦਾ ਨਾਂਅ ਨਹੀਂ ਸਨ ਲੈਂਦੇ, ਪਰ ਅਚਾਨਕ ਬੱਦਲਾਂ ਵਿੱਚੋਂ ਬੂੰਦਾ-ਬਾਂਦੀ ਜਿਹੀ ਹੋਣ ਲੱਗੀ ਤੇ ਸਰੋਤਿਆਂ ਵਿੱਚ ਘੁਸਰ-ਮੁਸਰ ਜਿਹੀ ਦੇਖੀ ਜਾਣ ਲੱਗੀ, ਪਰ ਉਸ ਗਾਇਕ ਜੋੜੀ ਨੇ ਤੁਰੰਤ ਮੌਕਾ ਸੰਭਾਲਿਆ ਤੇ ਇਹ ਗੀਤ ਗਾਉਣਾ ਸ਼ੁਰੂ ਕਰ ਦਿੱਤਾ :

ਤਾਣ ਛੱਤਰੀ ਵੇ,
ਜਿਹੜੀ ਲੰਡਨੋਂ ਮੰਗਾਈ ਆ,
ਨਿੱਕੀ ਜਿਹੀ ਬੱਦਲੀ ਨੇ
ਕਿਣ-ਮਿਣ ਲਾਈ ਆ,
ਤਾਣ ਛੱਤਰੀ ਵੇ ਜਿਹੜੀ...

ਇੰਨੀ ਮਿੱਠੀ ਆਵਾਜ਼, ਮੌਕੇ ਦੀ ਨਜ਼ਾਕਤ ਅਤੇ ਗਾਉਣ ਦੀ ਕਲਾ ਨੇ ਜਿਵੇਂ ਲੋਕ ਕੀਲ ਹੀ ਦਿੱਤੇ ਹੋਣ, ਸਭ ਆਪੋ-ਆਪਣੀ ਥਾਂ ਉੱਤੇ ਕਿਣ-ਮਿਣ ਨੂੰ ਭੁੱਲ ਕੇ ਸ਼ਾਂਤ ਹੋ ਕੇ ਬੈਠ ਗਏ। ਅੱਜ ਵੀ ਜਦੋਂ ਕਦੇ ਮੈਨੂੰ ਮੀਂਹ ਵਿੱਚ ਬਾਹਰ ਜਾਣ ਦਾ ਮੌਕਾ ਮਿਲਦਾ ਹੈ ਤਾਂ ਮਨ ਆਪਣੇ ਆਪ ਇਹ ਗੀਤ ਗੁਣਗੁਣਾਉਣ ਲੱਗ ਜਾਂਦਾ ਹੈ ਤੇ ਅੱਖਾਂ ਸਾਹਮਣੇ ਆ ਜਾਂਦਾ ਹੈ ਪਿੰਡੇ ਦੇ ਉਹ ਅਖਾੜੇ ਦਾ ਦ੍ਰਿਸ਼ ਅਤੇ ਮੈਂ ਵੀ ਯਾਦ ਕਰਦਾ ਹਾਂ ਉਸ ਪਿਆਰੀ ਛੱਤਰੀ ਨੂੰ।

ਸ਼ਹਿਰਾਂ ਦੀਆਂ ਮੁਟਿਆਰਾਂ ਛੱਤਰੀਆਂ ਦੀਆਂ ਖਾਸ ਚਾਹਵਾਨ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਬਾਜ਼ਾਰਾਂ ਵਿੱਚ ਨਵੀਆਂ-ਨਵੀਆਂ ਕਿਸਮਾਂ ਦੀਆਂ ਛੱਤਰੀਆਂ ਆ ਰਹੀਆਂ ਹਨ। ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਮੁਟਿਆਰਾਂ ਆਪਣੇ ਹੁਸਨ ਨੂੰ ਧੁੱਪ ਤੋਂ ਬਚਾਉਣ ਲਈ ਸੁਰੱਖਿਆ ਕਵਚ ਦੇ ਤੌਰ ਉੱਤੇ ਛੱਤਰੀ ਲੈ ਕੇ ਚੱਲਦੀਆਂ ਹਨ। ਧੁੱਪ ਭਾਵੇਂ ਥੋੜ੍ਹੀ ਹੋਵੇ ਜਾਂ ਬਹੁਤੀ ਉਨ੍ਹਾਂ ਵੱਲੋਂ ਛੱਤਰੀ ਲੈਣਾ ਚੰਗਾ ਸਮਝਿਆ ਜਾਂਦਾ ਹੈ।

ਕਈ ਵਾਰ ਦਸੰਬਰ ਦੇ ਮਹੀਨੇ ਵਿੱਚ ਜਦ ਧੁੱਪ ਚਮਕਦੀ ਹੈ ਤਾਂ ਉਹ ਛੱਤਰੀ ਲੈਣ ਲਗਦੀਆਂ ਹਨ। ਅਜਿਹੀਆਂ ਮੁਟਿਆਰਾਂ ਨੂੰ ਦੇਖ ਕੇ ਤਾਂ ਕਿਸੇ ਨੇ ਲਿਖਿਆ ਹੋਵੇਗਾ।

ਮੇਰੀ ਜੁਗਨੀ ਐ ਇੱਕ ਨੰਬਰ ਦੀ,
ਧੁੱਪ ਸਹਿ ਨਾ ਸਕੇ ਦਸੰਬਰ ਦੀ।

ਇਸ ਤਰ੍ਹਾਂ ਦੀ ਛੱਤਰੀ ਦੇ ਗੁਣ ਦੇਖ ਕੇ ਪਿੰਡਾਂ ਵਿੱਚ ਕਬੂਤਰ ਪਾਲਣ ਦੇ ਸ਼ੌਕੀਨ ਬਹੁਤੇ ਨੌਜਵਾਨ ਆਪਣੇ ਘਰਾਂ ਦੀਆਂ ਕੋਠੀਆਂ ਤੇ ਕਬੂਤਰਾਂ ਦੇ ਬੈਠਣ ਲਈ ਛੱਤਰੀ ਲਵਾ ਲੈਂਦੇ ਹਨ ਤੇ ਕਬੂਤਰ ਅਜਿਹੇ ਆਦੀ ਹੋ ਜਾਂਦੇ ਹਨ ਕਿ ਲੰਬਾ ਸਮਾਂ ਦੂਰ-ਦੂਰ ਘੁੰਮ ਕੇ ਉਸ ਛੱਤਰੀ ਉੱਤੇ ਆ ਬੈਠਦੇ ਹਨ। ਇਸ ਤਰ੍ਹਾਂ ਬਹੁਤ ਸਾਰੇ ਚੀਨੇ ਕਬੂਤਰ ਉਸ ਛੱਤਰੀ ਉੱਤੇ ਆ ਬੈਠਦੇ ਰਹਿੰਦੇ ਹਨ ਅਤੇ ਉਨ੍ਹਾਂ ਨੌਜਵਾਨਾਂ ਦੇ ਪਾਲਤੂ ਬਣ ਜਾਂਦੇ ਹਨ ਤੇ ਉਹ ਵੀ ਉਨ੍ਹਾਂ ਦੇ ਪਿਆਰ ਵਿੱਚ ਬੱਝ ਜਾਂਦੇ ਹਨ। ਕਿੰਨੇ ਗੀਤ ਤੇ ਬੋਲੀਆਂ ਕੋਠੇ ਉੱਤੇ ਲੱਗੀ ਇਸ ਛੱਤਰੀ ਬਾਰੇ ਲਿਖੇ ਗਏ ਹਨ :

ਨੀ ਸੁਣ ਚੀਨੀ ਕਬੂਤਰੀਏ,
ਤੂੰ ਨਿੱਤ ਮੇਰੀ ਛੱਤਰੀ ਉੱਤੇ ਆ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਛੱਤਰੀ ਸਾਡੇ ਸਭਿਆਚਾਰਕ ਜੀਵਨ ਵਿੱਚ ਸ਼ਿੰਗਾਰ ਰਸ ਦਾ ਕਾਰਨ ਬਣਦੀ ਹੈ। ਬਹੁਤ ਛੋਟੀ ਵਸਤੂ ਹੋਣ ਦੇ ਬਾਵਜੂਦ ਇਹ ਸਾਡੇ ਸਮਾਜ ਦੀ ਅਤਿ ਮਹੱਤਵ ਪੂਰਨ ਲੋੜ ਬਣ ਚੁੱਕੀ ਹੈ। ਜਿਉਂ ਜਿਉਂ ਸਮਾਂ ਬਦਲਦਾ ਗਿਆ, ਛੱਤਰੀ ਵੀ ਨਵੇਂ ਰੰਗ ਰੂਪ ਅਪਣਾਉਣ ਲੱਗੀ। ਫੈਸ਼ਨਾਂ ਦੀ ਬਦਲਦੀ ਦੁਨੀਆ ਵਿੱਚ ਇਸ ਕਾਲੀ ਛੱਤਰੀ ਨੂੰ ਰੰਗ ਚੜ੍ਹਨ ਲੱਗੇ। ਸ਼ਹਿਰਾਂ ਵਿੱਚ ਇਨ੍ਹਾਂ ਛੱਤਰੀਆਂ ਦੇ ਡਿਜ਼ਾਈਨਾਂ ਦੀ ਹੋੜ ਹੀ ਲੱਗ ਗਈ। ਸ਼ਹਿਰੀ ਮੁਟਿਆਰਾਂ ਲਈ ਇਹ ਛੱਤਰੀ ਫੈਸ਼ਨ ਦਾ ਨਵਾਂ ਨਾਂ ਜੋੜਨ ਲੱਗ ਪਈ। ਇਹ ਮੁਟਿਆਰਾਂ ਧੁੱਪ ਵਿੱਚ ਕਦੇ ਛੱਤਰੀ ਤੋਂ ਬਿਨਾਂ ਬਾਹਰ ਨਾ ਨਿਕਲਦੀਆਂ। ਸ਼ਹਿਰਾਂ ਵਿੱਚ ਕੰਮ-ਕਾਜੀ ਜਾਂ ਨੌਕਰੀ ਕਰਦੀਆਂ ਔਰਤਾਂ ਲਈ ਇਹ ਫੈਸ਼ਨਿਕ ਲੋੜ ਬਣ ਗਈ। ਉਹ ਆਪਣੇ ਪਹਿਰਾਵੇ ਨਾਲ ਮੈਚ ਕਰਦੀਆਂ, ਰੰਗਦਾਰ ਛੱਤਰੀਆਂ ਖਰੀਦਦੀਆਂ ਦਿੱਸਦੀਆਂ। ਛੋਟੇ ਬੱਚਿਆਂ ਦੇ ਮਨ ਮੋਹਣ ਲਈ ਰੰਗਦਾਰ ਛੋਟੀਆਂ-ਛੋਟੀਆਂ ਛੱਤਰੀਆਂ ਤੋਂ ਦੁਕਾਨਦਾਰ ਖੂਬ ਲਾਭ ਕਮਾਉਣ ਲੱਗੇ। ਬੱਚੇ ਵੀ ਸੋਹਣੀ ਤੋਂ ਸੋਹਣੀ ਛੱਤਰੀ ਲੈਣ ਦੀ ਜ਼ਿੱਦ ਕਰਦੇ। ਇੱਥੋਂ ਤੱਕ ਕਿ ਬੱਚਿਆਂ ਲਈ ਇਹ ਛੱਤਰੀਆਂ ਤੋਹਫੇ ਦੇ ਰੂਪ ਲੈਣ ਲੱਗੀਆਂ। ਆਪਣੇ ਜਨਮ ਦਿਨਾਂ ਉੱਤੇ ਬੱਚੇ ਰੰਗ-ਬਰੰਗੀਆਂ ਛੱਤਰੀਆਂ ਲੈਣ ਦੀ ਮੰਗ ਕਰਦੇ ਹਨ।

ਸਾਡੇ ਦੇਸ਼ ਵਿੱਚ ਛੱਤਰੀ ਦੀ ਸਦੀਆਂ ਤੋਂ ਮਹੱਤਤਾ ਰਹੀ ਹੈ। ਇੱਥੋਂ ਤੱਕ ਕਿ ਇਸ ਨੂੰ ਸਜਾਵਟੀ ਰੂਪ ਦੇ ਕੇ ਸ਼ਾਨ ਦਾ ਪ੍ਰਤੀਕ ਬਣਾਇਆ ਜਾਂਦਾ ਰਿਹਾ ਹੈ। ਪੁਰਾਣੇ ਬਾਦਸ਼ਾਹ ਲੋਕ ਜਦੋਂ ਹਾਥੀਆਂ ਉੱਤੇ ਬਠ ਆਪਣੀ ਖ਼ਲਕਤ ਵਿੱਚ ਜਾਂਦੇ ਤਾਂ ਇਸ ਛੱਤਰੀ ਨੂੰ ਵੱਡਾ ਕਰ ਕੇ ਸਜਾ ਕੇ ਵੱਡਾ ਛੱਤਰ ਬਣਾਇਆ ਜਾਂਦਾ ਤੇ ਉਹ ਬਾਦਸ਼ਾਹ ਦੇ ਸਿਰ ਉਪਰ ਸ਼ਾਹੀ ਠਾਠ ਦਾ ਨਜ਼ਾਰਾ ਦੇਣ ਲਈ ਝੁਲਾਇਆ ਜਾਂਦਾ, ਪਰ ਗਰੀਬਾਂ ਕੋਲ ਉਹੀ ਕਾਲੀ ਕੱਪੜੇ ਵਾਲੀ ਹੱਥ ਖੂੰਡੀ ਵਾਲੀ ਛੱਤਰੀ ਹੀ ਹੁੰਦੀ ਸੀ। ਬਜ਼ੁਰਗ ਲੋਕ ਤਾਂ ਇਸ ਨੂੰ ਆਪਣੇ ਕੋਲ ਰੱਖ ਕੇ ਆਪਣੀ ਸ਼ਾਨ ਸਮਝਦੇ ਸਨ।



## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਸਬੰਧੀ ਰਾਜ ਭਵਨ ਵਿਖੇ ਕਰਵਾਏ ਸਮਾਗਮ ਵਿੱਚ ਮੁੱਖ ਮੰਤਰੀ ਨੇ ਕੀਤੀ ਸ਼ਿਰਕਤ

### ਰਾਜ ਵਿੱਚ ਸਾਂਤੀ, ਤਰੱਕੀ ਅਤੇ ਖੁਸਹਾਲੀ ਦੀ ਕੀਤੀ ਕਾਮਨਾ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀਰਵਾਰ ਨੂੰ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਾਰਿਆ ਭਾਈਚਾਰੇ ਅਤੇ ਫਿਰਕੂ ਸਦਭਾਵਨਾ ਦਾ ਸੰਕਲਪ ਸਮਕਾਲੀ ਪਦਾਰਥਵਾਦੀ ਸੰਸਾਰ ਵਿੱਚ ਸਭ ਤੋਂ ਵੱਧ ਪ੍ਰਸੰਗਿਕ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਨੂੰ ਸਮਰਪਿਤ ਸਮਾਗਮ ਦੌਰਾਨ ਪੰਜਾਬ ਰਾਜ ਭਵਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਕੀਦਤ ਭੇਟ ਕਰਨ ਮਗਰੋਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਸਹਿਬ ਜੀ ਮਹਾਨ ਅਧਿਆਤਮਿਕ ਆਗੂ ਸਨ, ਜਿਨ੍ਹਾਂ ਨੇ ਧਰਮ ਪ੍ਰਚਾਰ ਰਾਹੀਂ ਮਨੁੱਖਤਾ ਦੀ ਮੁਕਤੀ ਦਾ ਮਾਰਗ ਦਿਖਾਇਆ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦੀਆਂ ਸਦੀਵੀ ਸਿੱਖਿਆਵਾਂ ਅਜੋਕੇ ਪਦਾਰਥਵਾਦੀ ਸਮਾਜ ਵਿੱਚ ਪ੍ਰਸੰਗਿਕ ਹਨ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਨਵੇਂ ਵਿਚਾਰਾਂ ਅਤੇ ਉਦੇਸਾਂ ਨਾਲ ਪ੍ਰੇਰਿਤ ਕੀਤਾ ਅਤੇ ਪਾਖੰਡ, ਝੂਠ, ਦਿਖਾਵੇ ਅਤੇ ਜਾਤ-ਪਾਤ ਦੀਆਂ ਵਲਗਣਾਂ ਤੋਂ ਉੱਪਰ ਉੱਠਣ ਦਾ ਸੁਨੇਹਾ ਦਿੱਤਾ।

ਲੋਕਾਂ ਨੂੰ ਗੁਰੂ ਸਾਹਿਬ ਦੁਆਰਾ ਦਰਸਾਈ ਸੇਵਾ ਅਤੇ ਨਿਮਰਤਾ ਦੀ ਭਾਵਨਾ ਨੂੰ ਗ੍ਰਹਿਣ ਕਰਨ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਰਹਿਤ ਸਮਾਜ ਦੀ ਕਲਪਨਾ ਕੀਤੀ ਤਾਂ ਕਿ ਦੁੱਖਾਂ ਨਾਲ ਪਰੁੰਨੀ ਮਨੁੱਖਤਾ ਨੂੰ ਤਕਲੀਫਾਂ ਤੋਂ ਮੁਕਤ ਕਰਵਾਇਆ ਜਾ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਉਦਾਸੀਆਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਵਿਸਵ ਭਰ ਵਿੱਚ ਜਗਤ ਗੁਰੂ ਵਜੋਂ ਸਤਿਕਾਰਿਆ ਜਾਂਦਾ ਹੈ, ਨੇ ਭਾਈਚਾਰਕ ਸਾਂਝ ਅਤੇ ਫ਼ਿਰਕੂ ਸਦਭਾਵਨਾ ਦਾ ਪ੍ਰਚਾਰ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਜੁਲਮ, ਅਨਿਆਂ ਅਤੇ ਅੱਤਿਆਚਾਰ ਦਾ ਡਟ ਕੇ ਵਿਰੋਧ ਕੀਤਾ।

ਗੁਰਬਾਣੀ ਦੀ ਤੁਕ 'ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦਾ



ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਜੀ ਨੇ ਹਵਾ ਦੀ ਗੁਰੂ ਨਾਲ, ਪਾਣੀ ਦੀ ਪਿਤਾ ਨਾਲ ਅਤੇ ਧਰਤ ਦੀ ਮਾਤਾ ਨਾਲ ਤੁਲਨਾ ਕੀਤੀ। ਭਗਵੰਤ ਮਾਨ ਨੇ ਕਿਹਾ ਕਿ ਗੁਰੂ ਜੀ ਨੇ ਉਸ ਸਮੇਂ ਲੋਕਾਂ ਨੂੰ ਵਾਤਾਵਰਨ ਦੀ ਸੰਭਾਲ ਦਾ ਉਪਦੇਸ ਦਿੱਤਾ ਸੀ, ਜਦੋਂ ਇਸ ਦਾ ਪ੍ਰਦੂਸਣ ਕਿਤੇ ਵੀ ਨਹੀਂ ਸੀ, ਜਿਸ ਤੋਂ ਉਨ੍ਹਾਂ ਦੀ ਦੂਰਅੰਦੇਸ ਸੋਚ ਦਾ ਪਤਾ ਲੱਗਦਾ ਹੈ।

ਪ੍ਰਕਾਸ ਪੁਰਬ ਸਬੰਧੀ ਸਮਾਗਮ ਕਰਵਾਉਣ ਲਈ ਪੰਜਾਬ ਦੇ ਰਾਜਪਾਲ ਦੀ ਸਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਚੰਡੀਗੜ੍ਹ ਦੇ ਰਾਜਪਾਲ ਅਤੇ ਪ੍ਰਸਾਸਕ ਬਨਵਾਰੀ ਲਾਲ ਪੁਰੋਹਿਤ ਜੀ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਨੂੰ ਮਨਾਉਣ ਲਈ ਹਮੇਸਾ ਮੋਹਰੀ ਰਹੇ ਹਨ।

ਇਸ ਮੌਕੇ 'ਤੇ ਨਿੱਘੀ ਵਧਾਈ ਦਿੰਦੇ ਹੋਏ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚੱਲਣ 'ਤੇ ਜੋਰ ਦਿੱਤਾ। ਗੁਰੂ ਸਾਹਿਬ ਦੇ ਜੀਵਨ ਬਾਰੇ ਸੰਖੇਪ ਝਾਤ ਪਾਉਂਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਜਨਮ ਅਤੇ ਜੀਵਨ ਦੇ ਸੁਰੂਆਤੀ ਸਾਲ ਇਹ ਦਰਸਾਉਂਦੇ ਹਨ ਕਿ ਉਨ੍ਹਾਂ ਨੂੰ ਰੱਬੀ ਬਖਸ਼ਿਸ਼ ਸੀ।

## ਬੇਅਦਬੀ ਕੇਸ ਦੇ ਮੁਲਜ਼ਮ ਡੇਰਾ ਪ੍ਰੇਮੀ ਪ੍ਰਦੀਪ ਇੰਸਾਂ ਦਾ ਕਤਲ, ਮੁੱਖ ਮੰਤਰੀ ਵੱਲੋਂ ਸਿਵਲ ਅਤੇ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼



ਚੰਡੀਗੜ੍ਹ, 10 ਨਵੰਬਰ, (ਪੋਸਟ ਬਿਊਰੋ): ਬਰਗਾੜੀ ਬੇਅਦਬੀ ਕੇਸ ਅਤੇ ਬੁਰਜ ਜਵਾਹਰ ਸਿੰਘ ਵਾਲਾ ਤੋਂ ਪਾਵਨ ਸਰੂਪ ਚੋਰੀ ਹੋਣ ਦੇ ਮਾਮਲੇ 'ਚ ਨਾਮਜ਼ਦ ਕਥਿਤ ਮੁਲਜ਼ਮ, ਡੇਰਾ ਪ੍ਰੇਮੀ ਪ੍ਰਦੀਪ ਇੰਸਾਂ ਨੂੰ ਫਰੀਦਕੋਟ 'ਚ ਗੋਲੀਆਂ ਮਾਰ ਕੇ ਹਲਾਕ ਕਰ ਦੇਣ ਦੀ ਖ਼ਬਰ ਸਾਹਮਣੇ ਆਈ ਹੈ। ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਪੰਜ ਅਣਪਛਾਤੇ ਹਮਲਾਵਰਾਂ ਵੱਲੋਂ ਚਲਾਈਆਂ ਗੋਲੀਆਂ ਕਾਰਨ ਪ੍ਰਦੀਪ ਇੰਸਾਂ ਦਾ ਗੰਨਮੈਨ ਤੇ ਕੁਝ ਨਾਲ ਦੇ ਦੁਕਾਨਦਾਰ ਵੀ ਜ਼ਖ਼ਮੀ ਹੋਣ ਦੀ ਜਾਣਕਾਰੀ ਮਿਲੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਪ੍ਰੇਮੀ ਪ੍ਰਦੀਪ ਦਾ ਨਾਂ ਐਫ.ਆਈ.ਆਰ. ਨੰਬਰ 63 'ਚ ਮੁਲਜ਼ਮ ਵਜੋਂ ਸ਼ਾਮਿਲ ਸੀ।ਪ੍ਰਦੀਪ ਅੱਜ ਸਵੇਰੇ ਆਪਣੀ ਦੁਕਾਨ ਖੋਲ੍ਹ ਰਿਹਾ ਸੀ ਤੇ ਇਸੇ ਦੌਰਾਨ ਪੰਜ ਅਣਪਛਾਤੇ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਉਸ ਦੇ ਗੰਨਮੈਨ ਤੇ ਨਾਲ ਦੇ ਇਕ ਦੁਕਾਨਦਾਰ ਦੇ ਜ਼ਖ਼ਮੀ ਹੋਣ ਦੀ ਸੂਚਨਾ ਵੀ ਹੈ।

ਡੇਰਾ ਸੱਚਾ ਸੌਦਾ ਸਿਰਸਾ ਦੇ ਪ੍ਰੇਮੀ ਪ੍ਰਦੀਪ ਇੰਸਾ ਦਾ ਅੱਜ ਗੋਲੀ ਮਾਰ ਕੇ ਕਤਲ ਕੀਤੇ ਜਾਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕਿਸੇ ਨੂੰ ਸ਼ਾਂਤੀ ਭੰਗ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ, 'ਪੰਜਾਬ ਇੱਕ ਅਮਨ ਪਸੰਦ ਸੂਬਾ ਹੈ ਇੱਥੇ ਲੋਕਾਂ ਦਾ ਆਪਸੀ ਭਾਈਚਾਰਾ ਬਹੁਤ ਮਜ਼ਬੂਤ ਹੈ। ਕਿਸੇ ਨੂੰ ਵੀ ਪੰਜਾਬ ਦੀ ਸ਼ਾਂਤੀ ਭੰਗ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ। ਸੂਬੇ ਦੀ ਅਮਨ-ਸ਼ਾਂਤੀ ਕਾਇਮ ਰੱਖਣ ਲਈ ਸਿਵਲ ਅਤੇ ਪੁਲਿਸ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

## ਵਿਜੀਲੈਂਸ ਬਿਊਰੋ ਵੱਲੋਂ 10 ਹਜ਼ਾਰ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਸਰਪੰਚ ਵਿਰੁੱਧ ਰਿਸ਼ਵਤਖੋਰੀ ਦਾ ਮਾਮਲਾ ਦਰਜ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੁਲਿਸ ਕਰਮਚਾਰੀਆਂ ਦੇ ਨਾਮ 'ਤੇ ਰਿਸ਼ਵਤ ਲੈਣ ਦੇ ਦੋਸ਼ ਹੇਠ ਸਰਪੰਚ ਹਰਜੀਤ ਸਿੰਘ ਗੁੱਲੂ, ਪਿੰਡ ਮੱਟਰਾਂ, ਐਸ.ਏ.ਐਸ.ਨਗਰ ਵਿਰੁੱਧ ਰਿਸ਼ਵਤਖੋਰੀ ਦਾ ਮਾਮਲਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸਰਪੰਚ ਵਿਰੁੱਧ ਥਾਣਾ ਡੇਰਾਬੱਸੀ ਦੇ ਪਿੰਡ ਬਰੌਲੀ ਦੀ ਵਸਨੀਕ ਸਰਬਜੀਤ ਕੌਰ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ 'ਤੇ ਦਰਜ ਕਰਵਾਈ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਇਹ ਮਾਮਲਾ ਦਰਜ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਅਤੇ ਇਸ ਸਬੰਧੀ ਪੇਸ਼ ਸਬੂਤਾਂ ਦੀ ਜਾਂਚ ਦੌਰਾਨ ਪਤਾ ਲੱਗਾ ਕਿ ਉਕਤ ਸਰਪੰਚ ਨੇ ਸ਼ਿਕਾਇਤਕਰਤਾ ਤੋਂ ਐਸ.ਏ.ਐਸ. ਨਗਰ ਦੇ ਸੋਹਾਣਾ ਪੁਲਿਸ ਥਾਣੇ ਵਿੱਚ ਪੜਤਾਲ ਅਧੀਨ ਇੱਕ ਸ਼ਿਕਾਇਤ ਦੇ ਮਾਮਲੇ 'ਚ ਇਨਸਾਫ਼ ਦਿਵਾਉਣ ਲਈ ਇੱਕ ਪੁਲਿਸ ਕਰਮਚਾਰੀ ਨੂੰ 10,000 ਰੁਪਏ ਰਿਸ਼ਵਤ ਵਜੋਂ ਦੇਣ ਵਾਸਤੇ ਲਏ ਹਨ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੜਤਾਲ ਦੌਰਾਨ ਦੋਸ਼ ਸਹੀ ਪਾਏ ਗਏ ਅਤੇ ਉਕਤ ਸਰਪੰਚ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਅਧੀਨ ਐਫ.ਆਈ.ਆਰ ਨੰ. 23 ਮਿਤੀ 09-11-2022 ਨੂੰ ਵਿਜੀਲੈਂਸ ਬਿਊਰੋ ਉਡਣ ਦਸਤਾ-1, ਪੁਲਿਸ ਥਾਣਾ, ਐਸ.ਏ.ਐਸ.ਨਗਰ ਵਿਖੇ ਭ੍ਰਿਸ਼ਟਾਚਾਰ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਸੀ।

## ਅੰਤਰ ਜ਼ਿਲ੍ਹਾ ਸਕੂਲ ਖੇਡਾਂ ਲਈ ਜਾਰੀ ਕੀਤਾ ਕੈਲੰਡਰ: ਹਰਜੋਤ ਬੈਂਸ

### 37 ਖੇਡਾਂ ਅਤੇ ਅਥਲੈਟਿਕਸ ਦੇ ਈਵੈਂਟਾਂ ਲਈ 23 ਜ਼ਿਲ੍ਹਿਆਂ ਵਿੱਚ ਨਵੰਬਰ-ਦਸੰਬਰ ਮਹੀਨੇ ਹੋਣਗੇ ਮੁਕਾਬਲੇ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਸਕੂਲ ਸਿੱਖਿਆ ਵਿਭਾਗ ਦੀ ਸਪੋਰਟਸ ਬ੍ਰਾਂਚ ਵੱਲੋਂ ਸੈਸ਼ਨ 2022-23 ਦੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਅੱਜ ਇੱਥੇ ਪੰਜਾਬ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵਲੋਂ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਵਿਭਾਗ ਵਲੋਂ ਪ੍ਰਾਇਮਰੀ, ਮਿਡਲ ਅਤੇ ਸੀਨੀਅਰ ਸੈਕੰਡਰੀ ਪੱਧਰ ਦੀਆਂ ਖੇਡਾਂ ਨੂੰ ਅੰਡਰ 14,17 ਅਤੇ 19 ਸਾਲ ਵਰਗ ਵਿੱਚ ਆਯੋਜਿਤ ਕਰਵਾਉਣ ਸੰਬੰਧੀ ਹਦਾਇਤਾਂ ਵੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਜਾਰੀ ਕੀਤੀਆਂ ਗਈਆਂ ਹਨ। ਜਿਹੜੇ ਜ਼ਿਲ੍ਹੇ ਵਿੱਚ ਸੰਬੰਧਿਤ ਖੇਡ ਦਾ ਆਯੋਜਨ ਕੀਤਾ ਜਾਣਾ ਹੈ ਉਸ ਜ਼ਿਲ੍ਹੇ ਵੱਲੋਂ ਖਿਡਾਰੀਆਂ ਅਤੇ ਉਹਨਾਂ ਨਾਲ ਆਏ ਅਧਿਆਪਕ ਸਟਾਫ਼, ਡਿਊਟੀ 'ਤੇ ਆਏ ਅਫ਼ਸਰਾਂ/ਕਰਮਚਾਰੀਆਂ ਲਈ ਰਿਹਾਇਸ਼, ਖਾਣੇ ਅਤੇ ਖੇਡਾਂ ਦੇ ਸਥਾਨ ਦਾ ਪ੍ਰਬੰਧ ਮੇਜ਼ਬਾਨ ਜ਼ਿਲ੍ਹੇ ਵੱਲੋਂ ਹੀ ਕੀਤਾ ਜਾਵੇਗਾ। ਖਿਡਾਰੀਆਂ ਨੂੰ ਸਵੇਰ ਦੀ ਚਾਹ, ਬ੍ਰੇਕਫਾਸਟ ਅਤੇ ਡਿਨਰ ਨਿਰਧਾਰਿਤ ਮੀਨੂੰ ਅਨੁਸਾਰ ਰਿਹਾਇਸ਼ ਵਾਲੀ ਥਾਂ ਜਾਂ ਖੇਡ ਸਥਾਨ ਦੇ ਨੇੜੇ ਹੀ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ। ਖਿਡਾਰੀਆਂ ਲਈ ਲੰਚ ਅਤੇ ਦੁਪਹਿਰ ਦੀ ਚਾਹ ਖੇਡ ਵਾਲੇ ਸਥਾਨ 'ਤੇ ਹੀ ਉਪਲਬਧ ਕਰਵਾਈ ਜਾਵੇਗੀ। ਇਸਤੋਂ ਇਲਾਵਾ ਖੇਡਾਂ ਦੇ ਸੁਚਾਰੂ ਸੰਚਾਲਨ ਲਈ ਵੀ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ।

ਬੈਂਸ ਨੇ ਦੱਸਿਆ ਕਿ ਇਸ ਵਾਰ ਨਵੰਬਰ-ਦਸੰਬਰ ਮਹੀਨੇ ਦੌਰਾਨ ਪੰਜਾਬ ਰਾਜ ਦੇ 23 ਜ਼ਿਲ੍ਹਿਆਂ ਵਿੱਚ 37 ਖੇਡਾਂ ਅਤੇ ਅਥਲੈਟਿਕਸ ਦੇ ਮੁਕਾਬਲੇ ਹੋਣਗੇ।

ਜਿਨ੍ਹਾਂ ਖੇਡਾਂ ਦੇ ਮੁਕਾਬਲੇ ਕਰਵਾਏ ਜਾ ਰਹੇ ਹਨ ਉਨ੍ਹਾਂ ਵਿਚ ਕਿੱਕ ਬਾਕਸਿੰਗ, ਰੋਲਰ ਸਕੇਟਿੰਗ/ਹਾਕੀ, ਕਬੱਡੀ ਨੈਸ਼ਨਲ ਸਟਾਇਲ, ਸਰਕਲ ਕਬੱਡੀ,ਖੋ-ਖੋ, ਵਾਲੀਬਾਲ,ਫੈਂਸਿੰਗ, ਕੁਸ਼ਤੀਆਂ, ਸ਼ਤਰੰਜ, ਬਾਲ ਸ਼ੂਟਿੰਗ,ਬਾਕਸਿੰਗ, ਕਰਾਟੇ, ਰੱਸਾ ਕਸੀ,ਸਾਫ਼ਟਬਾਲ, ਬਾਸਕਟਬਾਲ, ਹੈਂਡਬਾਲ, ਕ੍ਰਿਕਟ, ਵਾਲੀਬਾਲ, ਨੈੱਟਬਾਲ, ਗੱਤਕਾ, ਸ਼ੂਟਿੰਗ, ਕੈਰਮ, ਆਰਚਰੀ,ਲਾਅਨ ਟੈਨਿਸ, ਟਰੈਕ ਸਾਇਕਲਿੰਗ, ਰੋਡ ਸਾਇਕਲਿੰਗ, ਬੈਡਮਿੰਟਨ, ਫੁੱਟਬਾਲ, ਜ਼ਿਮਨਾਸਟਿਕ, ਟੇਬਲ ਟੈਨਿਸ, ਜੁਡੋ, ਵੇਟ ਲਿਫ਼ਟਿੰਗ, ਪਾਵਰ ਲਿਫਟਿੰਗ, ਤੈਰਾਕੀ, ਲੰਗੋਰੀ ਅਤੇ ਯੋਗ ਤੋਂ ਇਲਾਵਾ ਐਥਲੈਟਿਕਸ ਦੇ ਮੁਕਾਬਲੇ ਕਰਵਾਏ ਜਾਣਗੇ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਵਿਚ ਹਰਜਿੰਦਰ ਸਿੰਘ ਧਾਮੀ ਦੀ ਜਿੱਤ, ਬੀਬੀ ਜਗੀਰ ਕੌਰ ਹਾਰੀ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਈ ਅੱਜ ਚੋਣ ਵਿੱਚ ਹਰਜਿੰਦਰ ਸਿੰਘ ਧਾਮੀ ਚੋਣ ਜਿੱਤ ਗਏ ਹਨ। ਐੱਸ.ਜੀ.ਪੀ.ਸੀ. ਦੀਆਂ ਚੋਣਾਂ ਵਿੱਚ ਹਰਜਿੰਦਰ ਸਿੰਘ ਧਾਮੀ ਨੂੰ 104 ਵੋਟਾਂ ਪਈਆਂ, ਜਦੋਂਕਿ ਬੀਬੀ ਜਗੀਰ ਕੌਰ ਨੂੰ 42 ਵੋਟਾਂ ਪਈਆਂ। ਜਗੀਰ ਕੌਰ ਐੱਸ.ਜੀ.ਪੀ.ਸੀ. ਚੋਣਾਂ ਵਿੱਚ ਹਰਜਿੰਦਰ ਸਿੰਘ ਧਾਮੀ ਅਤੇ ਬੀਬੀ ਜਗੀਰ ਕੌਰ ਵਿੱਚ ਮੁਕਾਬਲਾ ਸੀ। ਇਸ ਮੌਕੇ ਬੀਬੀ ਜਗੀਰ ਕੌਰ ਨੇ ਹਰਜਿੰਦਰ ਸਿੰਘ ਧਾਮੀ ਨੂੰ ਜਿੱਤ ਦੀ ਵਧਾਈ ਦਿੱਤੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਮੈਂ



ਪੰਥ ਲਈ ਕੰਮ ਕਰਦੀ ਰਹਾਂਗੀ। ਉਨ੍ਹਾਂ ਕਿਹਾ ਕਿ ਮੈਂ ਧੱਕੇ ਦੇ ਬਾਵਜੂਦ 42 ਵੋਟਾਂ ਲੈ ਗਈ।

ਇਸ ਦੌਰਾਨ ਹੋਰ ਅਹੁਦਿਆਂ ਲਈ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਿਆਮਪੁਰੀ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਫਤਿਹਗੜ੍ਹ ਸਾਹਿਬ, ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਚੁਣੇ ਗਏ ਹਨ।

## ਪੰਜਾਬ ਸੜ ਰਿਹਾ ਹੈ ਪਰ ਨੀਰੋ ਗੁਜਰਾਤ ਅਤੇ ਹਿਮਾਚਲ ਵਿੱਚ ਬਾਂਸੁਰੀ ਵਜਾ ਰਿਹਾ ਹੈ : ਜਾਖੜ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਸਾਬਕਾ ਸਾਂਸਦ ਅਤੇ ਸੀਨੀਅਰ ਭਾਜਪਾ ਆਗੂ ਸੁਨੀਲ ਜਾਖੜ ਨੇ ਅੱਜ ਕੋਟਕਪੁਰਾ ਵਿਖੇ ਇਕ ਡੇਅਰੀ ਦੀ ਦੁਕਾਨ ਬਾਹਰ ਪ੍ਰਦੀਪ ਸ਼ਰਮਾ ਦੇ ਪੰਜ ਹਥਿਆਰਬੰਦ ਲੋਕਾਂ ਵੱਲੋਂ ਪੁਲਸ ਗਾਰਡ ਦੀ ਮੌਜੂਦਗੀ ਵਿੱਚ ਕੀਤੇ ਕਤਲ ਨੂੰ ਮੰਦਭਾਗਾ ਅਤੇ ਖਤਰੇ ਦੀ ਘੰਟੀ ਕਰਾਰ ਦਿੰਦੇ ਹੋਏ ਕਿਹਾ ਕਿ ਅੰਮ੍ਰਿਸਰ ਵਿਖੇ ਸ਼ਿਵਸੇਨਾ ਆਗੂ ਸੁਧੀਰ ਸੂਰੀ ਦਾ ਸੁਰੱਖਿਆ ਘੇਰੇ ਦੇ ਬਾਵਜੂਦ ਕਤਲ ਹੋਣ ਤੋਂ ਬਾਅਦ ਕੋਟਕਪੂਰਾ ਕਾਂਡ ਨੇ ਪੰਜਾਬ ਵਿੱਚ ਕਾਨੂੰਨ ਪ੍ਰਬੰਧ ਬਾਰੇ ਸਵਾਲ ਖੜੇ ਕਰ ਦਿੱਤੇ ਹਨ . ਮੁੱਖਮੰਤਰੀ ਭਗਵੰਤ ਸਿੰਘ ਮਾਨ ਕੋਲ ਗ੍ਰਹਿ ਵਿਭਾਗ ਵੀ ਹੈ ਲੇਕਿਨ ਉਹ ਅਮਨ ਪਸੰਦ ਲੋਕਾਂ ਨੂੰ ਹਿਲਾ ਦੇਣ ਵਾਲੀਆਂ ਅਜਿਹੀਆਂ ਘਟਨਾਵਾਂ ਦੇ ਬਾਵਜੂਦ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਨੂੰ ਤਰਜੀਹ ਦੇ ਕੇ ਉਸ ਕਹਾਵਤ ਨੂੰ ਸਾਰਥਕ ਬਣਾ ਰਹੇ ਹਨ ਜਿਸ ਵਿੱਚ ਕਿਹਾ ਜਾਂਦਾ ਹੈ ਕਿ ਜਦ ਰੋਮ ਜਲ ਰਿਹਾ ਸੀ ਤਾਂ ਨੀਰੋ ਜੰਗਲ ਵਿੱਚ ਬੈਠਾ ਬਾਂਸੁਰੀ ਵਜਾ ਰਿਹਾ ਸੀ।

## ਮੁੱਖ ਚੋਣ ਅਧਿਕਾਰੀ ਨੇ ਚੋਣਾਂ ਵਿੱਚ ਭਾਗ ਲੈਣ ਦਾ ਸੁਨੇਹਾ ਦੇਣ ਲਈ 200 ਸਾਈਕਲ ਸਵਾਰਾਂ ਦੀ ਕੀਤੀ ਅਗਵਾਈ

### -ਐੱਸ.ਐੱਸ.ਆਰ.-2023 ਦੀ ਸ਼ੁਰੂਆਤ ਕਰਨ ਲਈ ਐਸ.ਏ.ਐਸ. ਨਗਰ ਵਿਖੇ ਸੂਬਾ ਪੱਧਰੀ ਸਮਾਗਮ ਕਰਵਾਇਆ

### -ਇਹ ਵਿਸ਼ੇਸ਼ ਸੋਧ 9 ਨਵੰਬਰ, 2022 ਤੋਂ ਸ਼ੁਰੂ ਹੋ ਕੇ 8 ਦਸੰਬਰ ਨੂੰ ਹੋਵੇਗੀ ਸਮਾਪਤ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਵੋਟਰ ਸੂਚੀ-ਸਪੈਸ਼ਲ ਸਮਰੀ ਰੀਵੀਜ਼ਨ (ਐਸ.ਐਸ.ਆਰ.)-2023 ਵਿੱਚ ਸੋਧ ਕਰਨ ਵਾਸਤੇ ਵਿਆਪਕ ਮੁਹਿੰਮ ਦੀ ਸ਼ੁਰੂਆਤ ਕਰਨ ਲਈ ਅੱਜ ਐਸ.ਏ.ਐਸ.ਨਗਰ ਵਿਖੇ "ਪੈਡਲ ਫਾਰ ਪਾਰਟੀਸੀਪੇਟਿਵ ਇਲੈਕਸ਼ਨਜ਼"ਦੇ ਬੈਨਰ ਹੇਠ ਸਾਈਕਲੋਥੌਨ ਦੇ ਆਯੋਜਨ ਉਪਰੰਤ ਸੂਬਾ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਚੋਣਾਂ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਉਹਨਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ।

ਯਾਦਵਿੰਦਰਾ ਪਬਲਿਕ ਸਕੂਲ ਨੇੜਿਓਂ ਨੇਚਰ ਪਾਰਕ ਤੋਂ ਘੱਟੋ-ਘੱਟ 200 ਸਾਈਕਲ ਸਵਾਰਾਂ ਦੀ ਅਗਵਾਈ ਕਰਦਿਆਂ, ਮੁੱਖ ਚੋਣ ਅਫ਼ਸਰ (ਸੀ.ਈ.ਓ.) ਪੰਜਾਬ ਡਾ. ਐਸ. ਕਰੁਣਾ ਰਾਜੂ ਨੇ 3ਬੀ-1 ਮੋਹਾਲੀ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਜਿੱਥੇ ਸੂਬਾ ਪੱਧਰੀ ਸਮਾਗਮ ਦਾ ਆਯੋਜਨ ਕੀਤਾ ਗਿਆ ਸੀ, ਤੱਕ ਯਾਤਰਾ ਕੀਤੀ। ਇਸ ਮੌਕੇ ਵਧੀਕ ਸੀ.ਈ.ਓ. ਬੀ ਸ੍ਰੀਨਿਵਾਸਨ ਅਤੇ ਐਸ.ਏ.ਐਸ. ਨਗਰ ਦੇ ਡਿਪਟੀ



ਕਮਿਸ਼ਨਰ ਅਮਿਤ ਤਲਵਾਰ ਨੇ ਵੀ ਸਾਈਕਲੋਥੌਨ ਵਿੱਚ ਸ਼ਮੂਲੀਅਤ ਕੀਤੀ। ਮੋਹਾਲੀ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਅਤੇ ਐਨ.ਐਸ.ਐਸ. ਵਲੰਟੀਅਰਾਂ ਸਮੇਤ ਸਾਈਕਲ ਸਵਾਰਾਂ ਨੇ "ਪੈਡਲ ਫਾਰ ਪਾਰਟੀਸੀਪੇਟਿਵ ਇਲੈਕਸ਼ਨਜ਼"ਦਾ ਸੁਨੇਹਾ ਦੇਣ ਲਈ ਸਾਈਕਲੋਥੌਨ ਵਿੱਚ ਭਾਗ ਲਿਆ।

ਜ਼ਿਕਰਯੋਗ ਹੈ ਕਿ ਮਜ਼ਬੂਤ ਲੋਕਤੰਤਰ ਦੇ ਹਿੱਤ ਵਿੱਚ, ਚੋਣਾਂ ਨੂੰ ਯਕੀਨੀ ਬਣਾਉਣ ਅਤੇ ਵੋਟਰ ਸੂਚੀ ਵਿੱਚ ਸੁਧਾਰ ਕਰਨ ਲਈ ਵੋਟਰ ਸੂਚੀ ਦੀ ਸਲਾਨਾ ਸੋਧ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤਾ ਜਾਣ ਵਾਲਾ ਮਹੱਤਵਪੂਰਨ ਅਭਿਆਸ ਹੈ। ਇਹ ਵਿਸ਼ੇਸ਼ ਸੋਧ 9 ਨਵੰਬਰ, 2022 ਤੋਂ ਸ਼ੁਰੂ ਹੋ ਕੇ 8 ਦਸੰਬਰ, 2022 ਨੂੰ ਸਮਾਪਤ ਹੋਵੇਗੀ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਰਾਜੂ ਨੇ ਕਿਹਾ ਕਿ ਭਾਰਤੀ ਚੋਣ ਕਮਿਸ਼ਨ 'ਕੋਈ ਵੀ ਵੋਟਰ ਪਿੱਛੇ ਨਾ ਰਹਿ ਜਾਵੇ' ਸਬੰਧੀ ਆਪਣੇ ਯਤਨਾਂ ਨੂੰ ਯਕੀਨੀ ਬਣਾਉਂਦਿਆਂ ਔਰਤਾਂ, ਅਪਾਹਜ ਵਿਅਕਤੀਆਂ, ਸਮਾਜ ਦੇ ਸੀਮਾਂਤ ਮੈਂਬਰਾਂ, ਪੇਂਡੂ ਅਤੇ ਸ਼ਹਿਰੀ ਵੋਟਰਾਂ ਸਮੇਤ ਸਮਾਜ ਦੇ ਸਾਰੇ ਵਰਗਾਂ ਤੱਕ ਪਹੁੰਚ ਬਣਾਉਂਦਾ ਹੈ।

ਉਨਾਂ ਕਿਹਾ ਕਿ ਵੱਧ ਤੋਂ ਵੱਧ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ ਕਿਉਂਕਿ ਨੌਜਵਾਨ ਦੇਸ਼ ਦਾ ਭਵਿੱਖ ਹਨ।

ਇਸ ਤੋਂ ਪਹਿਲਾਂ ਸੀ.ਈ.ਓ ਨੇ ਸਕੂਲ ਦੇ ਦੋ ਬੂਥਾਂ ਦਾ ਨਿਰੀਖਣ ਵੀ ਕੀਤਾ ਅਤੇ ਵਿਸ਼ੇਸ਼ ਸੁਧਾਈ ਸਬੰਧੀ ਬੀ.ਐਲ.ਓਜ਼ ਨਾਲ ਗੱਲਬਾਤ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਵੋਟਰ ਸਬੰਧੀ ਸਹੁੰ ਚੁੱਕੀ ਅਤੇ ਨੌਜਵਾਨਾਂ ਨੂੰ ਚੋਣ ਪ੍ਰਕਿਰਿਆ ਵਿੱਚ ਭਾਗ ਲੈਣ ਦਾ ਸੁਨੇਹਾ ਦਿੰਦਿਆਂ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਵੀ ਕੀਤੀਆਂ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਸਿੱਖ ਧਰਮ ਦੇ ਪ੍ਰੋਗਰਾਮ 'ਚ ਕਮਲਨਾਥ ਦੀ ਮੌਜੂਦਗੀ ਦਾ ਵਿਰੋਧ, ਇੰਦੌਰ ਸਟੇਡੀਅਮ 'ਚ ਦੁੱਧ-ਪਾਣੀ ਦਾ ਕਰਵਾਇਆ ਗਿਆ ਅਭਿਸ਼ੇਕ




ਇੰਦੌਰ, 10 ਨਵੰਬਰ (ਪੋਸਟ ਬਿਊਰੋ)- ਗੁਰੂ ਨਾਨਕ ਜਯੰਤੀ ਮੌਕੇ ਇੰਦੌਰ ਦੇ ਖਾਲਸਾ ਸਟੇਡੀਅਮ ਵਿੱਚ ਹੋਏ ਪ੍ਰਕਾਸ਼ ਪੁਰਬ ਸਮਾਗਮ ਨੂੰ ਲੈ ਕੇ ਸਿਆਸਤ ਸ਼ੁਰੂ ਹੋ ਗਈ ਹੈ। ਦਰਅਸਲ, ਪ੍ਰਸਿੱਧ ਕੀਰਤਨਕਾਰ ਮਨਪ੍ਰੀਤ ਕਾਨਪੁਰੀਆ ਨੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਕਮਲ ਨਾਥ ਨੂੰ ਖਾਲਸਾ ਸਟੇਡੀਅਮ ਵਿੱਚ ਸੱਦੇ ਜਾਣ ਦਾ ਵਿਰੋਧ ਕੀਤਾ ਸੀ। ਜਿਸ 'ਤੇ ਅੱਜ ਸਿੱਖ ਸਮਾਜ ਦੀਆਂ ਸੰਗਤਾਂ ਵੱਲੋਂ ਖਾਲਸਾ ਸਟੇਡੀਅਮ ਦੀ ਪਵਿੱਤਰ ਧਰਤੀ ਨੂੰ ਦੁੱਧ ਅਤੇ ਅੰਮ੍ਰਿਤਸਰ ਦੇ ਪਵਿੱਤਰ ਜਲ ਨਾਲ ਅਭਿਸ਼ੇਕ ਕਰਵਾਇਆ। ਅਸਲ ਵਿੱਚ 1984 ਦੇ ਦੰਗਿਆਂ ਵਿੱਚ ਸ਼ਾਮਲ ਕਮਲ ਨਾਥ ਨੂੰ ਲੈ ਕੇ ਸਿੱਖ ਸਮਾਜ ਵਿੱਚ ਪਹਿਲਾਂ ਹੀ ਗੁੱਸਾ ਹੈ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਖ਼ਾਲਸਾ ਸਾਜਨਾ ਦਿਵਸ ਮੌਕੇ ਕਮਲ ਨਾਥ ਦੀ ਆਮਦ ਨੇ ਅੱਗ ਵਿਚ ਤੇਲ ਪਾਉਣ ਦਾ ਕੰਮ ਕੀਤਾ। ਮੰਗਲਵਾਰ ਨੂੰ ਸਿੱਖ ਭਾਈਚਾਰੇ ਦੇ ਲੋਕਾਂ ਵੱਲੋਂ ਕਮਲ ਨਾਥ ਦੇ ਪੋਸਟਰ ਲਗਾ ਕੇ ਨੈਵਰ ਫੌਰਗੈਟ 1984 ਦੇ ਬੈਨਰ ਲਗਾ ਕੇ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਕਮਲ ਨਾਥ ਦੀ ਫਾਂਸੀ ਦੇ ਨਾਅਰੇ ਲਗਾਏ ਗਏ। ਸਿੱਖ ਸਮਾਜ ਦੇ ਲੋਕਾਂ ਦਾ ਕਹਿਣਾ ਹੈ ਕਿ ਕੁਝ ਲੋਕਾਂ ਕਾਰਨ ਸਾਡੇ ਧਾਰਮਿਕ ਕੀਰਤਨਕਾਰ ਮਨਪ੍ਰੀਤ ਕਾਨਪੁਰ ਜਾਂ ਹੁਣ ਇੰਦੌਰ ਨਾ ਆਉਣ ਬਾਰੇ ਕਹਿ ਗਏ ਸਨ।

ਜਿਸ 'ਤੇ ਉਨ੍ਹਾਂ ਚੈਨਲ ਰਾਹੀਂ ਅਪੀਲ ਕੀਤੀ ਹੈ ਕਿ 2 ਵਿਅਕਤੀਆਂ ਦੀ ਇਸ ਹਰਕਤ ਨੂੰ ਇੰਦੌਰ ਦੇ ਸਮੁੱਚੇ ਸਿੱਖ ਸਮਾਜ ਨਾਲ ਜੋੜ ਕੇ ਨਾ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਇਹ ਆਯੋਜਨ ਨਹੀਂ ਸਾਡਾ ਦੁੱਖ ਹੈ। ਜਨਰਲ ਸਕੱਤਰ ਜਸਬੀਰ ਸਿੰਘ ਗਾਂਧੀ ਰਾਜਾ ਦੇ ਨਾਲ-ਨਾਲ ਹਲਕਾ ਇੰਚਾਰਜ ਦਾਨਵੀਰ ਸਿੰਘ ਛਾਬੜਾ ਵੱਲੋਂ ਕੀਤੀ ਗਈ ਇਸ ਕਾਰਵਾਈ ਨੇ ਸਮਾਜ ਵਿੱਚ ਰੋਸ ਪੈਦਾ ਕਰ ਦਿੱਤਾ ਹੈ। ਨੌਜਵਾਨਾਂ ਤੋਂ ਲੈ ਕੇ ਬੁੱਢਿਆਂ ਤੱਕ ਬਹੁਤ ਸਾਰੇ ਘਰਾਂ ਵਿੱਚ ਖਾਣਾ ਵੀ ਤਿਆਰ ਨਹੀਂ ਹੁੰਦਾ। ਇੰਨਾ ਗੁੱਸਾ ਹੈ ਕਿ ਇੰਦੌਰ ਸ਼ਹਿਰ ਦਾ ਸਿੱਖ ਸਮਾਜ ਉਨ੍ਹਾਂ ਨੂੰ ਜੇਲ੍ਹ ਦੀਆਂ ਸਲਾਖਾਂ ਵਿੱਚ ਦੇਖਣਾ ਚਾਹੁੰਦਾ ਸੀ, ਜਿਸ ਕਾਰਨ ਕਈ ਪੀੜ੍ਹੀਆਂ ਇਸ ਸਜ਼ਾ ਨੂੰ ਲੈ ਕੇ ਬਰਬਾਦ ਹੋ ਗਈਆਂ ਸਨ, ਜਿਸ ਲਈ ਦੁਨੀਆ ਭਰ ਦੇ ਗੁਰਧਾਮਾਂ ਵਿੱਚ ਸ਼ਰਧਾ ਹੈ। 1984 ਦੀ ਘਟਨਾ ਵਾਲੇ ਦਿਨ ਘਰਾਂ ਵਿੱਚ ਖਾਣਾ ਨਹੀਂ ਬਣਦਾ। ਅੱਜ ਉਸ ਵਿਅਕਤੀ ਪੌਣੇ ਘੰਟੇ ਲਈ ਸਤਿਕਾਰਿਆ ਗਿਆ ਸੀ।

ਉਨ੍ਹਾਂ ਕਿਹਾ ਕਿ 1984 ਦੇ ਦੰਗਿਆਂ ਦੌਰਾਨ ਕੰਮ ਕਰਨ ਵਾਲੇ ਕਮਲ ਨਾਥ ਵਰਗੇ ਵਿਅਕਤੀ ਦਾ ਇਸ ਮੰਚ ਤੋਂ ਸਵਾਗਤ ਕਰਨਾ ਗਲਤ ਹੈ।

# ਬਾੜਮੇਰ ਵਿੱਚ ਅਣਪਛਾਤੇ ਲੋਕਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਕੁਚਲਣ ਦੀ ਕੀਤੀ ਕੋਸ਼ਿਸ਼

* ਵਿਰੋਧ ਪ੍ਰਦਰਸ਼ਨ ਵਿਚ ਲਗਾਈ ਅੱਗ ਤੇ ਕੀਤੀ ਹਿੰਸਾ



ਜੈਪੁਰ, 10 ਨਵੰਬਰ (ਪੋਸਟ ਬਿਊਰੋ)- ਬਾੜਮੇਰ ਜ਼ਿਲੇ ਦੀ ਰਿਫਾਇਨਰੀ ਵਿਚ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਧਰਨੇ ਪ੍ਰਦਰਸ਼ਨ ਦੌਰਾਨ ਮੰਗ ਪੱਤਰ ਦੇਣ ਜਾ ਰਹੇ ਲੋਕਾਂ ਨੂੰ ਗੱਡੀਆਂ 'ਤੇ ਚੜ੍ਹਾ ਕੇ ਕੁਚਲਣ ਦੀ ਕੋਸ਼ਿਸ਼ ਕੀਤੀ ਗਈ। ਕੁਝ ਵਾਹਨਾਂ ਨੂੰ ਟੱਕਰ ਮਾਰ ਕੇ ਨੁਕਸਾਨ ਵੀ ਕੀਤਾ ਗਿਆ। ਘਟਨਾ ਤੋਂ ਬਾਅਦ ਦੋਵਾਂ ਧਿਰਾਂ ਵਿਚਾਲੇ ਝਗੜਾ ਵਧ ਗਿਆ। ਝਗੜਾ ਇੰਨਾ ਵਧ ਗਿਆ ਕਿ ਦੋਵਾਂ ਪਾਸਿਆਂ ਤੋਂ ਪੱਥਰਬਾਜ਼ੀ ਹੋਈ ਅਤੇ ਇਸ ਤੋਂ ਬਾਅਦ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ। ਮਾਮਲੇ ਨੂੰ ਦੇਖਦਿਆਂ ਬਲੋਤਰਾ ਪਚਪਦਰਾ ਥਾਣੇ ਦੇ ਏਐਸਪੀ, ਡੀਐਸਪੀ ਸਮੇਤ ਹੋਰ ਅਧਿਕਾਰੀ ਵੀ ਮੌਕੇ 'ਤੇ ਪੁੱਜੇ ਅਤੇ ਭੀੜ ਨੂੰ ਹਟਾ ਕੇ ਮਾਮਲਾ ਸ਼ਾਂਤ ਕੀਤਾ।

ਦਰਅਸਲ ਰਿਫਾਇਨਰੀ ਵਿੱਚ ਵਾਹਨ ਲਗਾਉਣ ਅਤੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਮੰਗ ਨੂੰ ਲੈ ਕੇ ਪਿਛਲੇ ਕਈ ਦਿਨਾਂ ਤੋਂ ਧਰਨਾ ਦਿੱਤਾ ਜਾ ਰਿਹਾ ਸੀ ਅਤੇ ਅੱਜ ਇੱਕ ਧਿਰ ਨੂੰ ਮੰਗ ਪੱਤਰ ਦੇਣ ਲਈ ਪਹੁੰਚਿਆ, ਜਿਸ ਦੌਰਾਨ ਦੂਸਰਾ ਪੱਖ ਵੀ ਉੱਥੇ ਪਹੁੰਚ ਗਿਆ ਅਤੇ ਉਨ੍ਹਾਂ ਨੇ ਇਕ ਪਾਸੇ ਡਰਾਉਣ ਲਈ ਵਾਹਨਾਂ ਨੂੰ ਭਜਾਉਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਦੋਵਾਂ ਧਿਰਾਂ ਵਿਚ ਤਕਰਾਰ ਹੋ ਗਈ ਅਤੇ ਝਗੜੇ ਤੋਂ ਬਾਅਦ ਪਥਰਾਅ ਵੀ ਹੋਇਆ ਅਤੇ 2 ਵਾਹਨਾਂ ਨੂੰ ਅੱਗ ਲਗਾ ਦਿੱਤੀ ਗਈ, ਜਿਸ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਅਤੇ ਪ੍ਰਸ਼ਾਸਨ ਨੇ ਦਖਲ ਦੇ ਕੇ ਸ਼ਾਂਤ ਕਰਵਾਇਆ। ਮਾਮਲਾ ਫਿਲਹਾਲ ਅਮਨ-ਕਾਨੂੰਨ ਦੇ ਮੱਦੇਨਜ਼ਰ ਭਾਰੀ ਪੁਲਸ ਫੋਰਸ ਮੌਕੇ 'ਤੇ ਤਾਇਨਾਤ ਕੀਤੀ ਗਈ ਹੈ ਅਤੇ ਪੁਲਸ ਦੇ ਉੱਚ ਅਧਿਕਾਰੀਆਂ ਨੇ ਮੌਕੇ 'ਤੇ ਹੀ ਕਮਰ ਕਸ ਲਈ ਹੈ।

## ਮਨੀ ਲਾਂਡਰਿੰਗ ਮਾਮਲੇ 'ਚ ਤਿੰਨ ਮਹੀਨੇ ਬਾਅਦ ਸੰਜੇ ਰਾਉਤ ਨੂੰ ਮਿਲੀ ਜ਼ਮਾਨਤ



ਮੁੰਬਈ, 10 ਨਵੰਬਰ (ਪੋਸਟ ਬਿਊਰੋ)- ਸ਼ਿਵ ਸੈਨਾ ਨੇਤਾ ਸੰਜੇ ਰਾਊਤ ਮਨੀ ਲਾਂਡਰਿੰਗ ਮਾਮਲੇ 'ਚ ਅਦਾਲਤ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਜੇਲ ਤੋਂ ਬਾਹਰ ਆ ਗਏ ਹਨ। ਉਸ ਨੂੰ ਅੱਜ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਸੰਜੇ ਰਾਉਤ, ਜਿਸ ਨੂੰ ਈਡੀ ਨੇ 1 ਅਗਸਤ ਨੂੰ ਗ੍ਰਿਫਤਾਰ ਕੀਤਾ ਸੀ, ਨੂੰ ਤਿੰਨ ਮਹੀਨਿਆਂ ਬਾਅਦ ਜ਼ਮਾਨਤ ਮਿਲ ਗਈ ਸੀ। ਸੰਜੇ ਰਾਊਤ ਨੂੰ 2 ਲੱਖ ਦੇ ਬੇਲ ਬੌਂਡ 'ਤੇ ਜ਼ਮਾਨਤ ਮਿਲ ਗਈ ਸੀ। ਈ.ਡੀ. ਵਲੋਂ ਫੈਸਲੇ 'ਤੇ ਰੋਕ ਦੀ ਮੰਗ ਕੀਤੀ ਗਈ ਸੀ। ਪਰ ਅਦਾਲਤ ਨੇ ਇਸ ਮੰਗ ਨੂੰ ਰੱਦ ਕਰ ਦਿੱਤਾ। ਈਡੀ ਨੇ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਪੀਲ ਕਰਨ ਲਈ ਸਮਾਂ ਮੰਗਿਆ ਸੀ। ਜਿਸ ਨੂੰ ਅਦਾਲਤ ਨੇ ਸਵੀਕਾਰ ਨਹੀਂ ਕੀਤਾ। ਅਦਾਲਤ ਨੇ ਸ਼ਿਵ ਸੈਨਾ ਆਗੂ ਦੀ ਗ੍ਰਿਫ਼ਤਾਰੀ ਲਈ ਵੀ ਏਜੰਸੀ ਨੂੰ ਫਟਕਾਰ ਲਗਾਈ ਹੈ।

ਗੌਰਤਲਬ ਹੈ ਕਿ ਜਿਵੇਂ ਹੀ ਅਦਾਲਤ ਨੇ ਸੰਜੇ ਰਾਉਤ ਨੂੰ ਜ਼ਮਾਨਤ ਦਾ ਐਲਾਨ ਕੀਤਾ, ਉਨ੍ਹਾਂ ਦੇ ਸਮਰਥਕਾਂ ਨੇ ਤਾੜੀਆਂ ਵਜਾਈਆਂ। ਅਦਾਲਤ ਨੇ 21 ਅਕਤੂਬਰ ਨੂੰ ਜ਼ਮਾਨਤ ਪਟੀਸ਼ਨ 'ਤੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਜੇਲ੍ਹ ਤੋਂ ਬਾਹਰ ਆਉਣ 'ਤੇ ਸੰਜੇ ਰਾਊਤ ਦਾ ਵਰਕਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਸੰਜੇ ਰਾਉਤ ਦਾ ਘਰ ਪਹੁੰਚਣ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। ਉੱਥੇ ਇੱਕ ਸੁਚੱਜੇ ਢੰਗ ਨਾਲ ਮੰਚ ਬਣਾਇਆ ਗਿਆ ਸੀ ਅਤੇ ਬੈਨਰ 'ਤੇ ਸੱਤਿਆਮੇਵ ਜਯਤੇ ਲਿਖਿਆ ਹੋਇਆ ਸੀ। ਉੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਿਵ ਸੈਨਿਕ ਮੌਜੂਦ ਸਨ ਅਤੇ ਪਟਾਕੇ ਚਲਾ ਕੇ ਜਸ਼ਨ ਮਨਾਏ ਗਏ। ਇਸ ਮੌਕੇ ਸੰਜੇ ਰਾਉਤ ਨੇ ਬੋਲਦਿਆਂ ਕਿਹਾ ਕਿ 100 ਦਿਨਾਂ ਬਾਅਦ ਵੀ ਸਾਰਿਆਂ ਨੇ ਮੈਨੂੰ ਯਾਦ ਕੀਤਾ, ਇਸ ਲਈ ਮੈਂ ਸਾਰਿਆਂ ਦਾ ਧੰਨਵਾਦੀ ਹਾਂ।

## ਐਮਐਸਪੀ ਗਾਰੰਟੀ ਕਿਸਾਨ ਮੋਰਚਾ ਨੇ ਕਾਨੂੰਨ ਬਣਾਉਣ ਲਈ ਦੇਸ਼ ਵਿਆਪੀ ਅੰਦੋਲਨ ਦਾ ਕੀਤਾ ਐਲਾਨ



ਪੂਰਨ ਸਿੰਘ ਪਾਂਧੀ, ਬਰੈਂਪਟਨ, ਕਨੇਡਾ

ਜਨਮ ਤੇ ਮਾਤਾ ਪਿਤਾ:-ਨੌਵੇਂ ਪਾਤਸ਼ਾਹ ਗੁਰੂ ਤੇਗਬਹਾਦਰ ਸਾਹਿਬ ਦਾ ਜਨਮ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਦੇ ਘਰ ਇੱਕ ਅਪ੍ਰੈਲ ਸੰਨ 1621 ਨੂੰ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਚ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਮਹਿਲ (ਪਤਨੀਆਂ) ਸਨ:- ਮਾਤਾ ਦਮੋਦਰੀ ਜੀ, ਮਾਤਾ ਮਹਾਂ ਦੇਵੀ ਜੀ ਅਤੇ ਮਾਤਾ ਨਾਨਕੀ ਜੀ। ਮਾਤਾ ਨਾਨਕੀ ਜੀ ਦੇ ਪੰਜ ਪੁੱਤਰ ਤੇ ਇੱਕ ਪੁੱਤਰੀ ਸੀ: ਬਾਬਾ ਗੁਰਦਿੱਤਾ ਜੀ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ, ਗੁਰੂਤੇਗ਼ ਬਹਾਦਰ ਸਾਹਿਬ ਅਤੇ ਬੀਬੀ ਵੀਰੋ ਜੀ। ਤੇਗ਼ ਬਹਾਦਰ ਸਾਹਿਬ ਸੱਭ ਤੋਂ ਛੋਟੇ ਸਨ।

ਸ਼ਾਦੀ ਤੇ ਸੰਤਾਨ:-ਗੁਰੂ ਤੇਗ ਬਹਾਦਰ ਜੀ ਦੀ 13 ਸਾਲ ਦੀ ਉਮਰ ਵਿਚ, ਕਰਤਾਰਪੁਰ (ਜਾਲੰਧਰ) ਦੇ ਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ, ਮਾਰਚ 1632 ਵਿਚ ਸ਼ਾਦੀ ਹੋਈ। ਸ਼ਾਦੀ ਤੋਂ 34 ਸਾਲ ਪਿੱਛੋਂ 22 ਦਸੰਬਰ 1666 ਨੂੰ ਇੱਕਲੋਤੀ ਸੰਤਾਨ ਗੁਰੂ ਗੋਬਿੰਦ ਸਿੰਘ ਦਾ ਪਟਨੇ (ਬਿਹਾਰ) ਵਿਚ ਜਨਮ ਹੋਇਆ। ਗੁਰੂ ਗੋਬਿੰਦ ਸਿੰਘ ਦਾ ਮੁੱਢਲਾ ਨਾਂ ਗੋਬਿੰਦ ਰਾਇ ਸੀ।

ਤਿਆਗ ਮੱਲ:- ਗੁਰੂ ਜੀ ਬਚਪਨ ਤੋਂ ਹੀ ਇਕਾਂਤ ਵਿਚ ਰਹਿਣ ਦੀ ਰੁਚੀ ਦੇ ਮਾਲਕ ਸਨ। ਉਨ੍ਹਾਂ ਦੀ ਰੁਚੀ ਤੇ ਬਿਰਤੀ ਭਗਤੀ ਭਾਵ ਤੇ ਤਿਆਗ ਵਾਲੀ ਸੀ। ਦੁਨਿਆਵੀ ਪੂੰਜੀਵਾਦੀ ਤੇ ਭੋਗਵਾਦੀ ਸੰਸਾਰ ਤੋਂ ਅਸਲੋਂ ਨਿਰ- ਲੇਪ ਸਨ। ਇਸੇ ਕਾਰਣ ਆਪ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ। ਤੇਰਾਂ ਸਾਲ ਦੀ ਉਮਰ ਵਿਚ, ਕਰਤਾਰਪੁਰ ਦੀ ਜੰਗ ਵਿਚ ਤੇਗ਼ ਦੇ ਅਦੁੱਤੀ ਜੌਹਰ ਦਿਖਾਉਣ ਕਰ ਕੇ ਪਿਤਾ ਗੁਰੂ ਨੇ ਆਪ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ਼ ਬਹਾਦਰ ਰੱਖ ਦਿੱਤਾ।

ਬਕਾਲੇ:-ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ 3 ਮਾਰਚ 1644 ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾਉਣ ਪਿੱਛੋਂ, ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਤੇ ਧਰਮ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ। ਇਸ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ ਗੱਦੀ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਪੁੱਤਰ) ਹਰਿਰਾਇ ਜੀ ਨੂੰ ਸੌਂਪ ਦਿੱਤੀ। ਭਾਣਾ ਇਹ ਵਰਤਿਆ ਕਿ ਸੱਤਵੇਂ ਗੁਰੂ ਹਰਿਰਾਇ ਜੀ 6 ਅਕਤੂਬਰ 1661 ਨੂੰ 31 ਵਰ੍ਹੇ ਦੀ ਭਰ ਜਵਾਨ ਉਮਰ ਵਿਚ ਅਕਾਲ ਚਲਾਣਾ ਕਰ ਗਏ ਅਤੇ ਗੁਰ-ਗੱਦੀ ਆਪਣੇ ਪੁੱਤਰ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਗਏ। ਉਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ ਕੇਵਲ ਪੰਜ ਸਾਲ ਸੀ। 30 ਮਾਰਚ 1664 ਨੂੰ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ 7 ਸਾਲ ਉਮਰ ਵਿਚ ਚੇਚਕ ਦੀ ਬਿਮਾਰੀ ਨਾਲ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਸਮੇ ਇੱਕ ਸੰਕੇਤੀ ਬਚਨ ਆਖ ਗਏ ਸਨ: "ਬਾਬਾ ਬਕਾਲੇ" ਜਿਸ ਦਾ ਭਾਵ ਸੀ ਕਿ ਅਸਲੀ ਗੁਰ ਗੱਦੀ ਦਾ ਵਾਰਸ ਬਾਬਾ ਬਕਾਲੇ ਹੈ।

ਗੁਰ ਗੱਦੀ ਦੇ ਦਾਹਵੇਦਾਰਾਂ ਨੇ "ਬਾਬਾ ਬਕਾਲੇ" ਸ਼ਬਦ ਦੇ ਆਪੋ ਆਪਣੇ ਢੰਗ ਨਾਲ਼ ਅਰਥ ਜੋੜ ਲਏ। ਇਸ ਤਰ੍ਹਾਂ ਚੁਸਤ ਚਲਾਕ ਤੇ ਲਾਲਚੀ ਲੋਕਾਂ ਵਿਚ ਗੁਰ-ਗੱਦੀ 'ਤੇ ਕਬਜ਼ਾ ਕਰਨ ਦੀਆਂ ਦੌੜਾਂ ਲੱਗ ਗਈਆਂ। ਚਾਹਵਾਨ ਪਾਖੰਡੀਆਂ ਨੇ ਬਕਾਲੇ ਜਾ ਡੇਰੇ ਲਾਏ। ਗੱਦੀਦਾਰਾਂ ਦੀ ਗਿਣਤੀ 22 ਤੱਕ ਪਹੁੰਚ ਗਈ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ 22 ਮੰਜੀਆਂ ਨਾਲ਼ ਜਾਣਿਆਂ ਜਾਂਦਾ ਹੈ। ਲਾਹੌਰ ਤੇ ਅੰਮ੍ਰਿਤਸਰ ਦੇ ਸੋਢੀ ਪ੍ਰਿਥੀ ਚੰਦ ਆਦਿ ਜੁੰਡਲੀ ਦੀਆਂ ਚੁਸਤੀਆਂ ਚਲਾਕੀਆਂ ਦੇਖ ਕੇ ਭਾਈ ਗੁਰਦਾਸ ਇੰਨ੍ਹਾਂ ਨੂੰ 'ਮੀਣੇ' ਅਥਵਾ ਮੀਸਣੇ (ਕਪਟੀ) ਹੋਣ ਦਾ ਖਿਤਾਬ ਦਿੰਦਾ ਹੈ। ਪ੍ਰਿਥੀ ਚੰਦ ਅਤੇ ਸੂਰਜ ਮੱਲ ਦੀ ਸੰਤਾਨ ਧੀਰ-ਮੱਲੀਏ ਗੱਦੀ 'ਤੇ ਵਧੇਰੇ ਹੱਕ ਰੱਖਦੇ ਸਨ। ਇੰਨ੍ਹਾ ਮੀਣਿਆਂ ਵਿਚੋਂ ਵੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਧੀਰ ਮੱਲ ਗੱਦੀ ਦਾ ਸਭ ਤੋਂ ਵੱਧੇਰੇ ਦਾਹਵੇਦਾਰ ਸੀ। 22 ਮੰਜੀਆਂ ਵਿਚ ਇਸ ਦੀ ਸੱਭ ਤੋਂ ਪ੍ਰਭਾਵਸ਼ਾਲੀ ਮੰਜੀ ਸੀ। ਇਸ ਦੇ ਕਈ ਕਾਰਣ ਸਨ:ਇਹ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਤੇ ਮਾਤਾ ਅਨੰਤੀ ਦਾ ਪੁੱਤਰ ਸੀ। ਚੁਸਤ ਚਲਾਕ ਸੀ। ਇਸ ਕੋਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕਬਜ਼ਾ ਸੀ ਅਤੇ ਇਸ ਨੂੰ ਮਸੰਦਾਂ ਦੀ ਹਮਾਇਤ ਪ੍ਰਾਪਤ ਸੀ। ਆਪਣੇ ਰਾਹ ਦੀ ਰੁਕਾਵਟ ਸਮਝਦਿਆਂ ਇਸ ਨੇ ਗੁਰੂ ਤੇਗ਼ ਬਹਾਦਰ ਨੂੰ ਕਤਲ ਕਰਨ ਵੀ ਸਕੀਮ ਬਣਾਈ। ਇਸ ਨੇ ਆਪਣੇ ਭਰੋਸੇਯੋਗ ਸਾਥੀ ਸ਼ੀਹੇਂ ਮਸੰਦ ਤੋਂ ਗੁਰੂ ਜੀ ਉੱਪਰ ਗੋਲੀ ਚਲਵਾਈ ਪਰ ਗੁਰੂ ਜੀ ਬਚ ਗਏ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸਮੁੱਚੀ ਜੀਵਨ ਸ਼ੈਲੀ ਵਿਚੋਂ ਸਬਰ, ਸੁਕਰ, ਸੰਤੋਖ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਗੁਰ-ਗੱਦੀ ਹਾਸਲ ਕਰਨ ਲਈ ਉਨ੍ਹਾਂ ਕੋਈ ਜੋੜ-ਤੋੜ ਨਹੀਂ ਕੀਤਾ। ਨਾ ਹੀ ਅਜਿਹੀ ਕੋਈ ਇੱਛਾ ਜ਼ਾਹਰ ਕੀਤੀ ਅਤੇ ਨਾ ਹੀ ਕੋਈ ਯਤਨ ਕੀਤਾ।

ਪਰ ਧੀਰ ਮੱਲ ਦੀਆਂ ਅਜਿਹੀਆਂ ਕਰੂਰ ਨੀਤੀਆਂ ਕਾਰਣ ਗੁਰੂ ਜੀ ਦੇ ਸ਼ਰਧਾਲੂਆਂ ਵਿਚ ਗੁੱਸਾ ਸੀ। ਜਿਸ ਕਾਰਣ ਕੁਝ ਸਿੱਖਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ ਅਤੇ ਉਸ ਦਾ ਮਾਲ ਅਸਬਾਬ ਲੁੱਟ ਲਿਆਏ ਪਰ ਧੀਰਜਵਾਨ ਗੁਰੂ ਜੀ ਨੇ ਉਸ ਦਾ ਉਹ ਸਾਰਾ ਮਾਲ- ਮੱਤਾ ਵਾਪਸ ਕਰ ਦਿੱਤਾ। ਉਸ ਦੇ ਕਬਜ਼ੇ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਮੋੜ ਦਿੱਤੀ। ਪਾਖੰਡੀਆਂ ਨੇ ਬਕਾਲੇ ਆਪੋ ਆਪਣੀਆਂ ਦੁਕਾਨਾ ਸਜਾ ਲਈਆਂ। ਪੂਜਾ ਕਰਾਉਣ ਲੱਗ ਪਏ। ਅਸਲੀ ਗੁਰੂ ਦਾ ਪਤਾ ਨਾ ਲੱਗੇ। ਸ਼ਰਧਾਲੂਆਂ ਵਿਚ ਭਾਰੀ ਦੁਬਿਧਾ। ਫਿਰ ਇਕ ਘਟਨਾ ਨੇ ਸਾਰਾ ਅਸਮਾਨ ਸਾਫ਼ ਕਰ ਦਿੱਤਾ। ਪ੍ਰਸਿੱਧ ਵਪਾਰੀ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ, ਪਰ ਇੱਥੇ ਹੋਰ ਦਾ ਹੋਰ ਜਲੌਅ ਦੇਖ ਕੇ ਉਹ ਡਾਹਡਾ ਪਰੇਸ਼ਾਨ ਹੋਇਆ। ਪਰੰਤੂ ਛੇਤੀ ਹੀ ਇਕ ਘਟਨਾ ਵਿਚ ਆਪਣੀ ਤੇਜ਼ ਬੁੱਧੀ ਦੁਆਰਾ ਉਸ ਨੇ ਕੱਚੇ ਗੁਰੂਆਂ ਦੀ ਭੀੜ ਵਿਚੋਂ ਸੱਚੇ ਗੁਰੂ ਦੀ ਪਰਖ਼, ਨਿਰਖ਼ ਅਤੇ ਪਹਿਚਾਣ ਕਰ ਲਈ ਅਤੇ ਉਸ ਨੇ ਕੋਠੇ 'ਤੇ ਚੜ੍ਹ ਕੇ ਢੰਡੋਰਾ ਫੇਰ ਦਿਤਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ...!" ਜਿਸ ਦਾ ਭਾਵ ਸੀ ਅਸਲੀ ਗੁਰੂ ਲੱਭ ਗਿਆ ਹੈ। ਸੰਗਤਾਂ ਨੂੰ ਨਿਸਚਾ ਹੋ ਗਿਆ ਕਿ ਅਸਲ ਗੁਰੂ ਤਾਂ ਗੁਰ-ਗੱਦੀ ਦੇ ਲੋਭ ਲਾਲਚ ਤੋਂ ਨਿਰਲੇਪ, ਭਗਤੀ ਵਿਚ ਮਘਨ, ਚੁੱਪ-ਚਾਪ ਆਪਣੇ ਨਾਨਕੇ ਘਰ ਬੈਠਾ ਹੈ। ਇਸ ਤਰ੍ਹਾਂ ਸ਼ਰਧਾਲੂ ਸੰਗਤਾਂ ਦੇ ਹੜ੍ਹ ਨੇ 11 ਅਗਸਤ 1664 ਵਿਚ 44 ਸਾਲ ਦੀ ਆਯੂ ਵਿਚ ਆਪ ਨੂੰ ਗੁਰ ਗੱਦੀ ਦੀ ਜ਼ੁੰਮੇਵਾਰੀ ਸੌਂਪ ਦਿੱਤੀ। ਬਾਕੀ ਆਪਣੀਆਂ ਕੂੜ ਦੀਆਂ ਦੁਕਾਨਾਂ ਸਮੇਟ ਕੇ ਚਲਦੇ ਬਣੇ।

ਧਾਰਮਿਕ ਸਥਾਨਾਂ ਦੀ ਯਾਤਰਾ ਕਰਦਿਆਂ 16 ਨਵੰਬਰ 1665 ਵਿਚ ਆਪ ਜੀ ਕੀਰਤਪੁਰ ਤੋਂ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਗਏ ਪਰ ਲੋਭੀ ਲਾਲਚੀ ਪੁਜਾਰੀਆਂ ਨੇ ਸਮਝਿਆ ਕਿ ਉਹ ਇਸ ਹਰਿਮੰਦਰ 'ਤੇ ਕਬਜ਼ਾ ਕਰਨ ਲਈ ਆਏ ਹਨ। ਇਸ ਲਈ ਉਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਅਤੇ ਗੁਰੂ ਜੀ ਨੂੰ ਅੰਦਰ ਨਾ ਜਾਣ ਦਿੱਤਾ। ਸ਼ਾਂਤੀ ਦੇ ਪੁੰਜ ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਦੇ ਰੁੱਖੇ ਤੇ ਕੋਝੇ ਵਰਤਾਵੇ ਨੂੰ ਅਣਗੌਲਿਆ ਕਰ ਦਿੱਤਾ ਅਤੇ ਬਾਹਰ ਇੱਕ ਥੜ੍ਹੇ 'ਤੇ ਸਬਰ, ਸੰਤੋਖ ਤੇ ਸ਼ਾਂਤੀ ਨਾਲ਼ ਰਾਤ ਕੱਟੀ, ਦਰਸ਼ਨ ਕੀਤੇ ਬਗੈਰ ਵਾਪਸ ਆਆਏ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀਆਂ ਲੰਮੀਆਂ ਉਦਾਸੀਆਂ (ਯਾਤਰਾਵਾਂ) ਪਿੱਛੋਂ ਧਰਮ ਦੇ ਪ੍ਰਚਾਰ ਲਈ ਗੁਰ-ਗੱਦੀ ਦੀ ਨੌਵੀਂ ਜੋਤ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹੀ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਲੰਮੀਆਂ ਯਾਤਰਾਵਾਂ ਕੀਤੀਆਂ। ਮਾਝਾ, ਮਾਲਵਾ, ਦੁਆਬਾ ਤੇ ਬਾਂਗਰ ਆਦਿ ਤੋਂ ਇਲਾਵਾ ਕੁਰੂਕਸ਼ੇਤਰ, ਬਨਾਰਸ ਤੇ ਗਯਾ ਆਦਿ ਥਾਵਾਂ ਤੋਂ ਹੁੰਦੇ ਹੋਏ ਬਿਹਾਰ ਵਿਚ ਪਟਨੇ ਪਹੁੰਚੇ। ਆਪਣੇ ਪਰਿਵਾਰ ਨੂੰ ਇੱਥੇ ਪਟਨੇ ਛੱਡ ਕੇ, ਆਪ ਜੀ ਨੇ ਢਾਕਾ, ਬੰਗਾਲ, ਅਸਾਮ ਵੱਲ ਯਾਤਰਾ ਕੀਤੀ। ਵਹਿਮਾਂ ਭਰਮਾਂ ਵਿਚ ਫਸੀ ਤੇ ਕੁਰਾਹੇ ਪਈ ਲੁਕਾਈ ਨੂੰ ਸੱਚ ਦੇ ਮਾਰਗ 'ਤੇ ਚੱਲਣ,ਧਰਮ ਦੀ ਕਿਰਤ ਕਰਨ, ਸੰਗਤ ਤੇ ਪੰਗਤ ਦੇ ਸਿਧਾਂਤ ਅਨੁਸਾਰ ਵੰਡ ਕੇ ਛਕਣ ਦਾ ਸਿੱਖੀ ਸਿਧਾਂਤ ਦਾ ਸੁਨੇਹਾਂ ਦਿੱਤਾ।ਪੀਣ ਵਾਲੇ ਪਾਣੀ ਕਿੱਲਤ ਦੂਰ ਕਰਨ ਲਈ ਖੂਹ ਤੇ ਤਲਾਬ ਬਣਵਾਏ। ਚੰਗੀ ਨਸਲ ਦੀਆਂ ਗਊਆਂ ਤੇ ਪਸ਼ੂ ਰੱਖਣ ਲਈ ਪ੍ਰੇਰਨਾ ਕੀਤੀ ਅਤੇ ਇਸ ਲਈ ਲੋੜ ਅਨੁਸਾਰ ਆਰਥਕ ਸਹਾਇਤਾ ਵੀ ਕਰਦੇ ਰਹੇ।

ਆਪ ਨੇ ਜਾਤ ਪਾਤ, ਊਚ ਨੀਚ ਤੇ ਛੂਤ ਛਾਤ ਤੇ ਵਹਿਮਾ ਭਰਮਾ ਦਾ ਤਿਆਗ ਕਰਨ, ਪਰਸਪਰ ਆਪਸੀ ਪਿਆਰ ਤੇ ਭਰਾਤਰੀ ਭਾਵ ਨਾਲ ਰਹਿਣ ਦਾ ਉਪਦੇਸ਼ ਕੀਤਾ। ਇਸਤ੍ਰੀ ਜਾਤੀ ਦਾ ਸਨਮਾਨ ਤੇ ਸਤਿਕਾਰ ਕਰਨ, ਰੂਹਾਨੀ ਗਿਆਨ ਦੇ ਧਾਰਨੀ ਬਣਨ, ਮਿਹਨਤ ਤੇ ਸੱਚੀ ਸੁੱਚੀ ਕਿਰਤ ਕਰਨ, ਜੀਵਨ ਸੰਘਰਸ਼ ਵਿਚ ਅਣਖ ਤੇ ਅਜ਼ਾਦੀ ਨਾਲ਼ ਰਹਿਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ। ਸਮਾਜ ਦੇ ਨਿਮਾਣੇ, ਨਿਤਾਣੇ ਤੇ ਕਮਜ਼ੋਰ ਸਮਝੇ ਜਾਂਦੇ ਵਰਗਾਂ ਵਿਚ ਅਣਖ, ਅਜ਼ਾਦੀ ਤੇ ਰੜਕ ਨਾਲ਼ ਜਵਨ ਜਿਓਣ ਦੇ ਬੀਜ ਬੀਜੇ। ਗੁਰੂ ਜੀ ਦੀਆਂ ਸਿਖਿਆਵਾਂ ਦਾ ਲੋਕਾਂ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ ਅਤੇ ਉਨ੍ਹਾ ਦੇ ਵਿਚਾਰ ਤੇ ਇਰਾਦੇ ਦ੍ਰਿੜ੍ਹ ਤੇ ਪਰਪੱਕ ਹੁੰਦੇ ਗਏ।

ਅਨੰਦਪੁਰ ਦੀ ਸਥਾਪਨਾ:-ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ, ਸਤਲੁਜ ਦੇ ਕਿਨ- 'ਾਰੇ, ਕੁਦਰਤ ਦੀ ਗੋਦ ਵਿਚ, ਪਿੰਡ ਮਾਖੋਵਾਲ, ਮਟੌਰ ਤੇ ਲੋਧੀਪੁਰ ਦੀ ਜ਼ਮੀਨ ਬਿਲਾਸਪੁਰ ਦੇ ਕਹਿਲੂਰ ਰਾਜੇ ਦਲੀਪ ਚੰਦ ਤੋਂ 2200 ਰੁਪਏ ਵਿਚ ਖਰੀਦੀ। ਮਾਖੋਵਾਲ ਭੂਤਾਂ-ਪ੍ਰੇਤਾਂ ਦਾ ਪਿੰਡ ਸਮਝਿਆ ਜਾਂਦਾ ਸੀ। ਡਰਦੇ ਲੋਕ ਉੱਥੇ ਜਾਂਦੇ ਨਹੀਂ ਸਨ। ਪਰ ਗੁਰੂ ਸਾਹਿਬ ਨੇ ਇਹ ਖਰੀਦ ਲਿਆ ਤੇ ਆਬਾਦ ਕਰ ਲਿਆ, ਵਹਿਮ ਭਰਮ ਦੂਰ ਹੋ ਗਏ। ਸਤਲੁਜ ਨਦੀ ਦੇ ਕਿਨਾਰੇ ਅਤੇ ਪਹਾੜੀਆਂ ਵਿਚ ਘਿਰੀ ਇਕਾਂਤ ਤੇ ਇਕਾਗਰਤਾ ਲਈ ਅਤੇ ਜੰਗੀ ਦ੍ਰਿਸ਼ਟੀਕੋਨ ਤੋਂ ਇਹ ਜਗਾਹ ਬਹੁਤ ਢੁਕਵੀਂ ਸੀ। 19 ਜੂਨ 1665 ਨੂੰ ਇਸ ਨਗਰ ਦੀ ਨੀਹ ਰੱਖੀ ਗਈ। ਗੁਰੂ ਤੇਗ਼ ਬਹਾਦਰ ਜੀ ਨੇ ਇਸ ਦਾ ਨਾਂ ਛੇਵੇਂ ਗੁਰੂ ਜੀ ਦੇ ਮਹਿਲ (ਸੁਪਤਨੀ) ਮਾਤਾ ਨਾਨਕੀ ਦੇ ਨਾਂ 'ਤੇ "ਚੱਕ ਨਾਨਕੀ" ਰੱਖਿਆ। 1689 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਨਾਂ ਚੱਕ ਨਾਨਕੀ ਤੋਂ ਬਦਲ ਕੇ "ਅਨੰਦਪੁਰ" ਰੱਖਿਆ। ਇਸ ਪਿੱਛੋਂ ਦਸਮੇਸ਼ ਪਿਤਾ ਨੇ ਇਸ ਦਾ ਹੋਰ ਵਿਸਥਾਰ ਕੀਤਾ। ਇਸ ਵਿਚ ਪੰਜ ਕਿਲੇ (ਲੋਹਗੜ੍ਹ, ਹੋਲਗੜ੍ਹ, ਫਤਿਹਗੜ੍ਹ, ਅਨੰਦਗੜ੍ਹ, ਕੇਸਗੜ੍ਹ) ਤਿਆਰ ਕੀਤੇ। ਅੰਮ੍ਰਿਤ ਛਕਾਉਣ ਦੀ ਰਸਮ ਵੀ ਇੱਥੋਂ ਹੀ ਅਰੰਭ ਕੀਤੀ। ਇਸ ਨੂੰ ਖਾਲਸੇ ਦੀ ਜਨਮ-ਭੂਮੀ ਆਖਿਆ ਜਾਂਦਾ ਹੈ। ਸਿੱਖਾਂ ਦੇ ਪੰਜ ਤਖਤਾਂ (ਅਕਾਲ ਤਖਤ ਸਾਹਿਬ, ਪਟਨਾ ਸਾਹਿਬ, ਕੇਸਗੜ੍ਹ ਸਾਹਿਬ, ਹਜ਼ੂਰ ਸਾਹਿਬ, ਦਮਦਮਾ ਸਾਹਿਬ) ਵਿਚੋਂ ਇਸ ਨੂੰ ਇਕ 'ਤਖਤ' ਹੋਣ ਦਾ ਰੁਤਬਾ ਪ੍ਰਾਪਤ ਹੈ। ਇਸ ਤਖਤ ਦਾ ਨਾਂ "ਤਖਤ ਸ੍ਰੀ ਕੇਸਗੜ੍ਹ ਸਾਹਿਬ" ਹੈ। ਗੁਰੂ ਗੋਬਿੰਦ ਸਿੰਘ ਜੀ 27 ਸਾਲ ਅਨੰਦਪੁਰ ਰਹੇ।



ਸ਼ਹਾਦਤ:- ਕਸ਼ਮੀਰੀ ਪੰਡਤਾਂ ਦੀ ਫਰਿਆਦ ਉੱਤੇ ਅਤੇ ਔਰੰਗਜ਼ੇਬ ਦੇ ਜ਼ੁਲਮ ਤੇ ਤਸ਼ੱਦਦ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਆਪ ਥਾਂ-ਥਾਂ ਪ੍ਰਚਾਰ ਕਰਦੇ ਦਿੱਲੀ ਵੱਲ ਚੱਲ ਪਏ। ਪਰ ਰਸਤੇ ਵਿਚ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੂੰ ਇੱਕ ਲੋਹੇ ਦੇ ਪਿੰਜਰੇ ਵਿਚ ਭਿਆਨਕ ਤਸੀਹੇ ਦਿੱਤੇ ਜਾਂਦੇ ਰਹੇ। ਗੁਰੂ ਜੀ ਨੂੰ ਆਪਣੇ ਧਰਮ ਕਰਮ ਤੋਂ ਡੇਗਣ ਤੇ ਡਰਾਉਣ ਲਈ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਭਾਈ ਦਿਆਲ ਦਾਸ ਨੂੰ ਉੱਬਲਦੀ ਦੇਗ ਵਿਚ ਸਾੜਿਆ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿਚ ਬੰਨ੍ਹ ਕੇ ਸਾੜਿਆ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ਼ ਚੀਰਿਆ ਗਿਆ। ਪਰ ਗੁਰੂ ਜੀ ਪਰਬਤ ਵਾਂਗ ਅਟੱਲ, ਅਡੋਲ ਤੇ ਅਡਿੱਗ ਰਹੇ। ਅੰਤ ਸਰਕਾਰੀ ਸੂਬੇਦਾਰ ਤੇ ਸ਼ਾਹੀ ਕਾਜ਼ੀ ਵਲੋਂ ਤਿੰਨ ਸ਼ਰਤਾਂ ਰੱਖੀਆਂ: ਕੋਈ ਕਰਾਮਾਤ ਦਿਖਾਓ ਜਾਂ ਮੁਸਲਮਾਨ ਬਣ ਜਾਓ, ਨਹੀਂ ਤਾਂ ਮੌਤ ਲਈ ਤਿਆਰ ਹੋ ਜਾਓ। ਗੁਰੂ ਜੀ ਨੇ ਆਖਰੀ ਸ਼ਰਤ ਪਰਵਾਨ ਕਰ ਲਈ। ਅੰਤ 11 ਨਵੰਬਰ 1675 ਨੂੰ ਔਰੰਗਜ਼ੇਬ ਦੀ ਤੁਅਸਬੀ ਹਕੂਮਤ ਨੇ ਗੁਰੂ ਜੀ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ।

ਗੁਰੂ ਜੀ ਦੀ ਇਹ ਅਦੁੱਤੀ ਸ਼ਹਾਦਤ ਸੀ; ਜਿਸ ਦੇ ਧੜ ਦਾ ਕਿਸੇ ਹੋਰ ਥਾਂ ਅਤੇ ਸੀਸ ਦਾ ਕਿਸੇ ਹੋਰ ਥਾਂ ਸਸਕਾਰ ਕੀਤਾ ਗਿਆ ਹੋਵੇ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ; ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ। ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰਾ ਨੇ ਦਿੱਲੀ ਆਪਣੇ ਘਰ ਵਿਚ ਕੀਤਾ। ਦਿੱਲੀ ਵਿਚ ਸ਼ਹੀਦੀ ਅਸਥਾਨ ਦਾ ਨਾਂ ਗੁਰਦੁਆਰਾ ਸੀਸਗੰਜ ਹੈ ਅਤੇ ਸਸਕਾਰ ਵਾਲੇ ਅਸਥਾਨ ਦਾ ਨਾਂ ਗੁਰਦੁਆਰਾ ਰਕਾਬ ਗੰਜ ਹੈ

ਤੇਗ ਬਹਾਦਰ ਕੇ ਚਲਤ ਭਇਓ ਜਗਤ ਮੇ ਸ਼ੋਕ।
ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਸੁਰ ਲੋਕ।

ਗੁਰੂ ਜੀ ਦੀ ਬਾਣੀ, ਸਿੱਖਿਆ ਤੇ ਸਿਧਾਂਤ: ਗੁਰੂ ਜੀ ਦੀ ਕੁਲ ਆਯੂ 54 ਸਾਲ, 7 ਮਹੀਨੇ, 11 ਦਿਨ ਸੀ ਅਤੇ ਆਪ ਜੀ 11 ਸਾਲ, 2 ਮਹੀਨੇ, 11 ਦਿਨ ਗੁਰ-ਗੱਦੀ 'ਤੇ ਬਿਰਾਜਮਾਨ ਹੋਏ। ਵੱਖ-ਵੱਖ ਸਮੇ 'ਤੇ ਸਿੱਖ ਸੰਗਤ ਲਈ 22 ਹੁਕਮਨਾਮੇ ਜਾਰੀ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ 15 ਰਾਗਾਂ (ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਤੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ) ਵਿਚ ਹੈ। ਸਾਰੀ ਬਾਣੀ ਵਿਚ 69 ਸ਼ਬਦ ਤੇ 57 ਸਲੋਕ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਤਿਆਗ, ਵਿਰਾਗ,ਸਦਾਚਾਰ,ਅਣਖ ਤੇ ਗੌਰਵਤਾ ਦਾ ਉਪਦੇਸ਼ ਹੈ।

ਸਿੱਖ ਮੱਤ ਦੇ ਕੇਂਦਰੀ ਦ੍ਰਿਸ਼ਟੀ ਕੋਣ ਵਿਚ ਸੱਤ ਤੇ ਅਸੱਤ, ਸਥਿਰ ਤੇ ਅਸਥਿਰ, ਸਦੀਵੀ ਤੇ ਸੰਸਾਰਕ ਸੱਚਾਈ ਤੇ ਬੁਰਿਆਈ ਦਾ ਅੰਤਰ ਦਰਸਾਇਆ ਗਿਆ ਹੈ। ਇਸੇ ਅਧਾਰ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਜੀਵਨ ਦੀਆਂ ਖੁਸ਼ੀਆਂ ਗਮੀਆਂ, ਦੁੱਖ ਸੁਖ, ਮਾਨ ਅਪਮਾਨ ਅਤੇ ਨਿੰਦਾ ਤੇ ਉਸਤਤ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਮਿਲਦਾ ਹੈ। ਗੁਰੂ ਜੀ ਦੀ ਬਾਣੀ ਦੀ ਮੁੱਖ ਤੌਰ 'ਤੇ ਪ੍ਰਧਾਨ ਸੁਰ ਭਗਤੀ ਭਾਵਨਾ ਵਾਲੀ ਹੈ, ਉਸ ਵਿਚ ਰੱਬੀ ਰਜ਼ਾ ਵਿਚ ਰਹਿਣ, ਭਗਤੀ ਭਾਵਨਾ ਦਾ ਤੇ ਨਿਮਰਤਾ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ

ਆਪਣੀ ਬਾਣੀ ਵਿਚ ਗੁਰੂ ਜੀ ਨੇ ਮਨੁੱਖ ਤੇ ਆਤਮਾ ਲਈ ਬਹੁਤ ਖੂਬਸੂਰਤ ਤਸ਼ਬੀਹਾਂ ਵਰਤੀਆਂ ਹਨ। ਜਿਵੇਂ:- ਮਨੁੱਖੀ ਲਾਲਸਾ ਨੂੰ ਮੱਛੀ ਦਾ ਜਾਲ, ਜੀਵਨ ਇੱਕ ਪਾਣੀ ਦਾ ਬੁਲਬੁਲਾ, ਜ਼ਿੰਦਗੀ ਦੇ ਭੋਗ ਮੋਖ ਤੇ ਸੁਖ ਸੁਆਦ ਬੱਦਲ ਦੀ ਛਾਇਆ ਸਮਾਨ, ਵਹਿਮ ਤੇ ਭਰਮ ਵਿਚ ਸੁੱਤਾ ਮਨੁੱਖ, ਰੂਹ ਦੀ ਉਡਾਰੀ ਹੰਸ-ਉਡਾਰੀ ਆਦਿ। ਸਾਰੀ ਬਾਣੀ ਵਿਚ ਪਰਚਲਤ ਸਮਾਜ ਵਿਚ ਵਰਤੀ ਜਾਂਦੀ ਭਾਸ਼ਾ ਵਿਚ ਹੈ; ਜੋ ਸਿੱਧੀ, ਸਾਦੀ, ਸੰਖੇਪ ਤੇ ਸਭ ਦੀ ਸਮਝ ਵਿਚ ਆਉਣ ਵਾਲੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਕਲਣ ਤੋਂ ਕੋਈ ਸੌ ਸਾਲ ਪਿੱਛੋਂ ਦਸਵੇਂ ਸਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ। ਆਪ ਜੀ ਦੀ ਸਮੁੱਚੀ ਬਾਣੀ ਵਿਚੋਂ ਤਿਆਗ, ਵੈਰਾਗ, ਸੰਜਮ ਤੇ ਸੰਤੋਖੀ ਜੀਵਨ ਜਿਓਣ ਦੀ ਸੇਧ ਤੇ ਸਿੱਖਿਆ ਮਿਲਦੀ ਹੈ। ਫਿਰ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਸਲੋਕ, ਜਿਨ੍ਹਾਂ ਨੂੰ ਭੋਗ ਦੇ ਸਲੋਕ ਆਖਿਆ ਜਾਂਦਾ ਹੈ, ਜੋ ਗਿਣਤੀ ਵਿਚ 57 ਸਲੋਕ ਹਨ, ਉਨ੍ਹਾਂ ਵਿਚ ਗੁਰੂ ਜੀ ਦੀ ਜੀਵਨ ਫਿਲਾਸਫੀ, ਸਿਖਿਆ ਤੇ ਸਿਧਾਂਤ ਦਾ ਤੱਤਸਾਰ ਜਾਂ ਨਿਚੋੜ ਆਖਿਆ ਜਾ ਸਕਦਾ ਹੈ। ਸਭ ਤੋਂ ਮਹਾਨ ਤੇ ਪ੍ਰਭਾਵਸ਼ਾਲੀ ਫਿਲਾਸਫੀ ਇਨ੍ਹਾਂ ਸਲੋਕਾਂ ਵਿਚੋਂ ਮਿਲਦੀ ਹੈ:-

*ਉਸਤਤਿ ਨਿੰਦਿਆ ਨਾਹਿ ਜਿਹਿ, ਕੰਚਨ ਲੋਹ ਸਮਾਨਿ।*
*ਕਹੁ ਨਾਨਕ ਸੁਨ ਰੇ ਮਨਾ, ਮੁਕਤਿ ਤਾਹਿ ਤੈ ਜਾਨਿ।।*
*ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।*
*ਕਹੁ ਨਾਨਕ ਸੁਣ ਰੇ ਮਨਾ ਗਿਆਨੀ ਤਾਹਿ ਬਖਾਨ।।*

# ਪੰਜਾਬ ਸਰਕਾਰ ਨੇ ਸਕੂਲਾਂ ਵਿਚ ਹੋਰ ਜ਼ਿਆਦਾ ਸੁਧਾਰ ਲਿਆਉਣ ਲਈ ਜਾਰੀ ਕੀਤੀ ਕਰੋੜਾਂ ਦੀ ਗ੍ਰਾਂਟ

## ਪੰਜਾਬ ਦੇ ਸਕੂਲਾਂ ਵਿੱਚ ਵੱਖ-ਵੱਖ ਵਿਕਾਸ ਕਾਰਜਾਂ ਲਈ ਖਰਚ ਕੀਤੇ ਜਾਣਗੇ 23 ਕਰੋੜ



ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਮੁਹਈਆ ਕਰਵਾਉਣ ਦੇ ਮਕਸਦ ਨਾਲ ਲਗਭਗ 23 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ ਜਿਸ ਵਿਚੋ ਵਾਧੂ ਕਲਾਸਰੂਮ, ਪਖਾਨਿਆਂ, ਲਾਇਬ੍ਰੇਰੀਆਂ ਅਤੇ ਆਰਟ ਐਂਡ ਕਰਾਫ਼ਟ ਕਮਰਿਆਂ ਦੀ ਉਸਾਰੀ ਲਈ 12 ਕਰੋੜ 65 ਲੱਖ 25 ਹਜ਼ਾਰ ਦੀ ਨਵੀਂ ਗ੍ਰਾਂਟ ਜਾਰੀ ਕੀਤੀ ਗਈ ਹੈ ਜਦਕਿ ਪਹਿਲਾਂ ਚਲ ਰਹੇ ਕਾਰਜਾਂ ਨੂੰ ਵੀ ਜਾਰੀ ਰੱਖਣ ਲਈ 10 ਕਰੋੜ 34 ਲੱਖ 73 ਹਜ਼ਾਰ 221 ਰੁਪਏ ਦੀ ਵਾਧੂ ਗ੍ਰਾਂਟ ਵੀ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਸਰਕਾਰੀ ਸਕੂਲਾਂ ਵਿੱਚ ਚਾਲੂ ਸਾਲ ਦੌਰਾਨ ਵਾਧੂ ਕਮਰਿਆਂ ਦੀ ਉਸਾਰੀ, ਲੜਕੇ ਅਤੇ ਲੜਕੀਆਂ ਦੇ ਪਖਾਨਿਆਂ ਅਤੇ ਸਕੂਲ ਦੀ ਮੇਜਰ ਰਿਪੇਅਰ ਲਈ 12 ਕਰੋੜ 65 ਲੱਖ 25 ਹਜਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਜਿਸ ਵਿਚੋ ਜ਼ਿਲ੍ਹਾ ਅੰਮ੍ਰਿਤਸਰ ਨੂੰ 81,81,400 ਰੁਪਏ, ਬਰਨਾਲਾ ਨੂੰ 44,09,500 ਰੁਪਏ, ਬਠਿੰਡਾ ਨੂੰ 30,18,000 ਰੁਪਏ, ਫਰੀਦਕੋਟ ਨੂੰ 24,68,000 ਫਤਿਹਗੜ੍ਹ ਸਾਹਿਬ ਨੂੰ 8,44,000 ਰੁਪਏ, ਫ਼ਾਜ਼ਿਲਕਾ ਨੂੰ 1,35,21,700 ਰੁਪਏ, ਫ਼ਿਰੋਜ਼ਪੁਰ ਨੂੰ 1,21,14,300 ਰੁਪਏ, ਗੁਰਦਾਸਪੁਰ ਨੂੰ 67,20,000 ਰੁਪਏ, ਹੁਸ਼ਿਆਰਪੁਰ ਨੂੰ 43,00,300 ਰੁਪਏ, ਜਲੰਧਰ ਨੂੰ 58,03,000 ਰੁਪਏ, ਕਪੂਰਥਲਾ ਨੂੰ 86,76,000 ਰੁਪਏ, ਲੁਧਿਆਣਾ ਨੂੰ 64,60,000 ਰੁਪਏ, ਮਾਲੇਰਕੋਟਲਾ ਨੂੰ 24,92,700 ਰੁਪਏ, ਮਾਨਸਾ ਨੂੰ 18,80,000 ਰੁਪਏ, ਮੋਗਾ ਨੂੰ 31,67,100 ਰੁਪਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ 65,23,000 ਰੁਪਏ, ਸ੍ਰੀ ਮੁਕਤਸਰ ਸਾਹਿਬ ਨੂੰ 27,50,000 ਰੁਪਏ, ਸ਼ਹੀਦ ਭਗਤ ਸਿੰਘ ਨਗਰ ਨੂੰ 4,20,000 ਰੁਪਏ, ਪਠਾਨਕੋਟ ਨੂੰ 25,34,400 ਰੁਪਏ, ਪਟਿਆਲਾ ਨੂੰ 74,62,000 ਰੁਪਏ, ਰੂਪਨਗਰ ਨੂੰ 17,40,000 ਰੁਪਏ, ਸੰਗਰੂਰ ਨੂੰ 79,24,200 ਰੁਪਏ ਅਤੇ ਤਰਨਤਾਰਨ ਨੂੰ 1,31,15,400 ਰੁਪਏ ਨਵੀਂ ਗ੍ਰਾਂਟ ਤਹਿਤ ਜਾਰੀ ਕੀਤੇ ਗਏ ਹਨ।

ਇਸਦੇ ਨਾਲ ਹੀ ਵੱਖ-ਵੱਖ ਸਕੂਲਾਂ ਵਿੱਚ ਪਹਿਲਾਂ ਚਲ ਰਹੇ ਕੰਮਾਂ ਲਈ ਵੀ 10 ਕਰੋੜ 34 ਲੱਖ 73 ਹਜ਼ਾਰ 221 ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਜਿਸ ਨਾਲ ਸਕੂਲਾਂ ਵਿੱਚ ਚਲ ਰਹੇ ਕੰਮਾਂ ਨੂੰ ਨੇਪਰੇ ਚੜ੍ਹਾਇਆ ਜਾ ਸਕੇਗਾ। ਇਸ ਤਹਿਤ ਅੰਮ੍ਰਿਤਸਰ ਨੂੰ 73,87,865 ਰੁਪਏ, ਬਰਨਾਲਾ ਨੂੰ 10,35,766 ਰੁਪਏ, ਬਠਿੰਡਾ ਨੂੰ 4,46,000 ਰੁਪਏ, ਫਰੀਦਕੋਟ ਨੂੰ 92,57,000 ਫਤਿਹਗੜ੍ਹ ਸਾਹਿਬ ਨੂੰ 27,57,766 ਰੁਪਏ, ਫ਼ਾਜ਼ਿਲਕਾ ਨੂੰ 16,77,266 ਰੁਪਏ, ਫ਼ਿਰੋਜ਼ਪੁਰ ਨੂੰ 1,12,04,163 ਰੁਪਏ, ਗੁਰਦਾਸਪੁਰ ਨੂੰ 1,12,91,928 ਰੁਪਏ, ਹੁਸ਼ਿਆਰਪੁਰ ਨੂੰ 38,12,865 ਰੁਪਏ, ਜਲੰਧਰ ਨੂੰ 64,72,014 ਰੁਪਏ, ਕਪੂਰਥਲਾ ਨੂੰ 37,14,732 ਰੁਪਏ, ਲੁਧਿਆਣਾ ਨੂੰ 86,23,098 ਰੁਪਏ, ਮਾਲੇਰਕੋਟਲਾ ਨੂੰ 7,02,000 ਰੁਪਏ, ਮਾਨਸਾ ਨੂੰ 29,57,266 ਰੁਪਏ, ਮੋਗਾ ਨੂੰ 40,15,000 ਰੁਪਏ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ 78,000 ਰੁਪਏ, ਸ੍ਰੀ ਮੁਕਤਸਰ ਸਾਹਿਬ ਨੂੰ 9,85,433 ਰੁਪਏ, ਸ਼ਹੀਦ ਭਗਤ ਸਿੰਘ ਨਗਰ ਨੂੰ 9,57,433 ਰੁਪਏ, ਪਠਾਨਕੋਟ ਨੂੰ 27,58,266 ਰੁਪਏ, ਪਟਿਆਲਾ ਨੂੰ 89,84,098 ਰੁਪਏ, ਰੂਪਨਗਰ ਨੂੰ 74,29,464 ਰੁਪਏ, ਸੰਗਰੂਰ ਨੂੰ 64,99,798 ਰੁਪਏ ਅਤੇ ਤਰਨਤਾਰਨ ਨੂੰ 4,26,000 ਰੁਪਏ ਗ੍ਰਾਂਟ ਤਹਿਤ ਜਾਰੀ ਕੀਤੇ ਗਏ ਹਨ। ਬੈਂਸ ਨੇ ਕਿਹਾ ਕਿ ਸਾਡੀ ਸਰਕਾਰ ਲਈ ਸਿੱਖਿਆ ਤਰਜੀਹੀ ਖੇਤਰ ਹੈ। ਜਿਸ ਸਦਕੇ ਸਕੂਲਾਂ ਵਿਚ ਬੁਨਿਆਦੀ ਢਾਂਚੇ ਨੂੰ ਪੂਰੀ ਤਰ੍ਹਾਂ ਸਥਾਪਿਤ ਕਰਨ ਲਈ ਲਗਾਤਾਰ ਗ੍ਰਾਂਟਾ ਜਾਰੀ ਕੀਤੀਆਂ ਜਾ ਰਹੀਆਂ ਹਨ।

# ਪੰਜਾਬ 2025 ਤੱਕ ਟੀਬੀ ਮੁਕਤ ਹੋਵੇਗਾ : ਜੌੜਾਮਾਜਰਾ

## ਵਿਭਾਗ ਵੱਲੋਂ ਸਾਲ 2022-23 ਵਿੱਚ 70,000 ਮਰੀਜ਼ਾਂ ਦੀ ਪਛਾਣ ਅਤੇ ਇਲਾਜ ਦਾ ਟੀਚਾ



ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): 2025 ਤੱਕ ਟੀਬੀ ਦੇ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਕਿਹਾ ਕਿ ਪੰਜਾਬ ਦੇ ਅੱਠ ਜ਼ਿਲਿਆਂ ਨੂੰ ਪਹਿਲਾਂ ਹੀ ਬ੍ਰਾਂਜ ਕੈਟਾਗਰੀ ਦੀ ਸਰਟੀਫਿਕੇਸ਼ਨ ਮਿਲ ਚੁੱਕੀ ਹੈ ਅਤੇ ਵਿਭਾਗ ਨੇ ਆਉਣ ਵਾਲੇ ਸਾਲ ਵਿੱਚ ਪੰਜ ਹੋਰ ਜ਼ਿਲੇ ਸਿਲਵਰ ਕੈਟਾਗਰੀ ਅਤੇ ਤਿੰਨ ਜ਼ਿਲਿਆਂ ਨੂੰ ਬ੍ਰਾਂਜ ਕੈਟਾਗਰੀ ਵਿੱਚ ਲਿਆਉਣ ਦਾ ਟੀਚਾ ਮਿੱਥਿਆ ਹੈ।

ਇਹ ਪ੍ਰਗਟਾਵਾ ਕਰਦਿਆਂ ਸਿਹਤ ਮੰਤਰੀ ਨੇ ਦੱਸਿਆ ਕਿ ਸਾਲ 2022-23 ਲਈ ਵਿਭਾਗ ਨੇ 70,000 ਮਰੀਜ਼ਾਂ ਦੀ ਪਛਾਣ ਕਰਕੇ ਇਲਾਜ ਦਾ ਟੀਚਾ ਮਿੱਥਿਆ ਹੈ। ਉਨਾਂ ਦੱਸਿਆ ਕਿ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਟੀਬੀ ਦੇ ਨਵੇਂ ਕੇਸਾਂ ਵਿੱਚ 80 ਫੀਸਦੀ ਤੋਂ ਵੱਧ ਕਮੀ ਲਿਆ ਕੇ ਟੀਬੀ ਦੇ ਖਾਤਮੇ ਦੇ ਉਦੇਸ਼ ਨਾਲ ਮਗਸੀਪਾ ਚੰਡੀਗੜ ਵਿਖੇ ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਹੈ। ਉਨਾਂ ਕਿਹਾ ਕਿ ਇਸ ਵਰਕਸ਼ਾਪ ਦਾ ਆਯੋਜਨ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲੇ ਅਤੇ ਰਾਸ਼ਟਰੀ ਟੀਬੀ ਐਲੀਮੀਨੇਸ਼ਨ ਪ੍ਰੋਗਰਾਮ (ਐਨਟੀਈਪੀ) ਦੁਆਰਾ ਭਾਈਵਾਲਾਂ, ਪ੍ਰਾਈਵੇਟ ਸੈਕਟਰ, ਮਰੀਜ਼ਾਂ ਅਤੇ ਕਮਿਊਨਟੀਜ਼ ਨਾਲ ਸਰਗਰਮੀ ਨਾਲ ਸਹਿਯੋਗ ਜ਼ਰੀਏ ਟੀਬੀ ਦੇ ਵੱਧ ਤੋਂ ਵੱਧ ਕੇਸਾਂ ਦਾ ਪਤਾ ਲਗਾਉਣ, ਜਾਂਚ ਅਤੇ ਇਲਾਜ ਲਈ ਦੇਸ਼ ਵਿਆਪੀ ਯਤਨਾਂ ਦੇ ਹਿੱਸੇ ਵਜੋਂ ਕੀਤਾ ਗਿਆ ਹੈ।

ਸ. ਜੌੜਾਮਾਜਰਾ ਨੇ ਅੱਗੇ ਦੱਸਿਆ ਕਿ ਵਿਭਾਗ ਵੱਲੋਂ ਹਾਲ ਹੀ ਵਿੱਚ ਸੂਬੇ ਦੇ 40 ਦੇ ਕਰੀਬ ਵਪਾਰਕ ਘਰਾਣਿਆਂ ਦੀ ਸੂਬਾ ਪੱਧਰੀ ਮੀਟਿੰਗ ਕਰਕੇ ਉਨਾਂ ਨੂੰ ਆਪਣੇ ਆਪ ਨੂੰ ਨਿਕਸ਼ੈ ਮਿੱਤਰ ਵਜੋਂ ਦਰਜ ਕਰਨ ਦੀ ਅਪੀਲ ਕੀਤੀ ਗਈ ਹੈ। ਉਨਾਂ ਡੀ.ਟੀ.ਓਜ਼ ਨੂੰ ਹਦਾਇਤ ਕੀਤੀ ਕਿ ਉਹ ਉਨਾਂ ਨਾਲ ਸੰਪਰਕ ਕਰਨ ਅਤੇ ਇਸ ਨੂੰ ਅਗਲੇ ਪੱਧਰ ਤੱਕ ਲੈ ਜਾਣ। ਉਨਾਂ ਨੇ ਦੁਹਰਾਇਆ ਕਿ ਟੀਬੀ ਦੇ ਖਾਤਮੇ ਦਾ ਟੀਚਾ ਭਾਵੇਂ ਵੱਡਾ ਅਤੇ ਔਖਾ ਜਾਪਦਾ ਹੈ ਪਰ ਸਮੂਹਿਕ ਯਤਨਾਂ ਨਾਲ ਇਸ ਨੂੰ ਹਾਸਲ ਕੀਤਾ ਜਾਵੇਗਾ।

ਵਰਕਸ਼ਾਪ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਡਾਇਰੈਕਟਰ ਨੈਸ਼ਨਲ ਹੈਲਥ ਮਿਸ਼ਨ ਅਭਿਨਵ ਤ੍ਰਿਖਾ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਰਾਜ ਅਤੇ ਜ਼ਿਲਾ ਸਿਹਤ ਅਧਿਕਾਰੀਆਂ, ਆਈ.ਏ.ਪੀ.ਐੱਸ.ਐੱਮ. ਦੇ ਫੈਕਲਟੀ ਮੈਂਬਰ ਕਮ ਨੋਡਲ ਅਫਸਰਾਂ ਨੇ ਹਿੱਸਾ ਲਿਆ। ਉਨਾਂ ਦੱਸਿਆ ਕਿ ਇਸ ਵਰਕਸ਼ਾਪ ਦੌਰਾਨ ਅਧਿਕਾਰੀਆਂ ਨੂੰ ਟੀ.ਬੀ ਦੇ ਖਾਤਮੇ ਦੇ ਮਿੱਥੇ ਟੀਚੇ ਨੂੰ ਨਿਰਧਾਰਤ ਸਮਾਂ ਸੀਮਾ ਅੰਦਰ ਪ੍ਰਾਪਤ ਕਰਨ ਲਈ ਮਿਲ ਕੇ ਕੰਮ ਕਰਨ ਦੇ ਨਿਰਦੇਸ਼ ਦਿੱਤੇ ਗਏ ਅਤੇ ਟੀ.ਬੀ. ਦੇ ਕੇਸਾਂ ਵਿੱਚ ਵਿੱਚ ਕਮੀ ਲਿਆਉਣ ਲਈ ਯਤਨ ਕਰਨ ਵਾਸਤੇ ਅੱਠ ਜ਼ਿਲਿਆਂ ਫਤਹਿਗੜ ਸਾਹਿਬ, ਸ਼ਹੀਦ ਭਗਤ ਸਿੰਘ ਨਗਰ ਕਪੂਰਥਲਾ, ਫਰੀਦਕੋਟ, ਫਿਰੋਜ਼ਪੁਰ, ਮੋਗਾ, ਰੂਪਨਗਰ ਅਤੇ ਤਰਨ ਤਾਰਨ ਦੇ ਸਿਹਤ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਉਨਾਂ ਕਿਹਾ ਕਿ ਵਿਭਾਗ ਨੇ ਐਨਟੀਈਪੀ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਲਈ ਭਾਗੀਦਾਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਇਲਾਵਾ ਜ਼ਿਲਾ ਟੀਬੀ ਅਧਿਕਾਰੀਆਂ ਨੂੰ ਉਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਦਾ ਭਰੋਸਾ ਦਿੱਤਾ ਹੈ।

ਐਨਟੀਈਪੀ ਬਾਰੇ ਵੇਰਵੇ ਦਿੰਦਿਆਂ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਰਣਜੀਤ ਸਿੰਘ ਘੋਤੜਾ ਨੇ ਦੱਸਿਆ ਕਿ ਇਹ ਪ੍ਰੋਗਰਾਮ ਜਨਤਕ ਖੇਤਰ ਦੇ ਨਾਲ-ਨਾਲ ਨਿੱਜੀ ਖੇਤਰ ਵਿੱਚ ਟੀਬੀ ਦੇ ਸਾਰੇ ਨੋਟੀਫਾਇਡ ਮਰੀਜ਼ਾਂ ਨੂੰ ਮੁਫਤ ਜਾਂਚ ਸੇਵਾਵਾਂ ਅਤੇ ਮੁਫਤ ਇਲਾਜ ਪ੍ਰਦਾਨ ਕਰਦਾ ਹੈ। ਉਨਾਂ ਕਿਹਾ ਕਿ ਇਹ ਪ੍ਰੋਗਰਾਮ ਡੀਬੀਟੀ ਰਾਹੀਂ ਨਿਕਸ਼ੈ ਪੋਸ਼ਣ ਯੋਜਨਾ ਦੇ ਤਹਿਤ ਪੋਸ਼ਣ ਸਬੰਧੀ ਸਹਾਇਤਾ ਲਈ ਸਾਰੇ ਮਰੀਜ਼ਾਂ ਨੂੰ ਪ੍ਰਤੀ ਮਹੀਨਾ 500 ਰੁਪਏ ਵੀ ਪ੍ਰਦਾਨ ਕਰਦਾ ਹੈ।

## 20 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵਲੋਂ ਰਜਿਸਟਰੀ ਕਲਰਕ ਗ੍ਰਿਫਤਾਰ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਤਹਿਸੀਲ ਦਫ਼ਤਰ ਜ਼ੀਰਕਪੁਰ, ਐਸ.ਏ.ਐਸ. ਨਗਰ ਵਿਖੇ ਤਾਇਨਾਤ ਰਜਿਸਟਰੀ ਕਲਰਕ ਗੁਰਮੀਤ ਕੌਰ ਨੂੰ ਰਿਸ਼ਵਤ ਦੇ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਮਾਮਲਾ ਥਾਣਾ ਡੇਰਾਬੱਸੀ ਦੇ ਪਿੰਡ ਅੱਡਾ ਝੁੰਗੀਆਂ ਦੇ ਹਰਸਿਮਰਨ ਸਿੰਘ ਵੱਲੋਂ ਮੁੱਖ ਮੰਤਰੀ ਦੀ ਭ੍ਰਿਸ਼ਟਾਚਾਰ ਵਿਰੋਧੀ ਹੈਲਪਲਾਈਨ ’ਤੇ ਉਕਤ ਮਹਿਲਾ ਕਲਰਕ ਖ਼ਿਲਾਫ਼ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ ’ਤੇ ਪੜਤਾਲ ਉਪਰੰਤ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸ਼ਕਾਇਤ ਅਤੇ ਇਸ ਸਬੰਧੀ ਸਬੂਤਾਂ ਦੀ ਪੜਤਾਲ ਦੌਰਾਨ ਪਤਾ ਲੱਗਾ ਕਿ ਰਜਿਸਟਰੀ ਕਲਰਕ ਨੇ ਸ਼ਕਿ-ਾਇਤਕਰਤਾ ਪਾਸੋਂ ਆਪਣਾ ਖੁਦਮੁਖਤਿਆਰਨਾਮਾ ਦਰਜ ਕਰਵਾਉਣ ਬਦਲੇ 20,000 ਰੁਪਏ ਲਏ ਹਨ। ਉਹਨਾਂ ਦੱਸਿਆ ਕਿ ਪੜਤਾਲ ਦੌਰਾਨ ਦੋਸ਼ ਸਹੀ ਪਾਏ ਗਏ ਅਤੇ ਉਕਤ ਮਹਿਲਾ ਮਾਲ ਅਧਿਕਾਰੀ ਖਿਲਾਫ ਵਿਜੀਲੈਂਸ ਬਿਓਰੋ ਦੇ ਉਡਣ ਦਸਤਾ-1, ਐਸ.ਏ.ਐਸ.ਨਗਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## Change of Name

**I, Parmjit Kaur Bhathal,** R/O V.P.O Hardaspur, District Kapurthala, Tehsil Phagwara, Punjab, India, Current living at **19 Paddington Rd. Brampton, ON, L6P 2E3 Canada,** have changed my name to **Paramjit Kaur Bhathal.** Henceforth, I shall be known as **Paramjit Kaur Bhathal** for all purposes.













## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5’11” ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ ’ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।


ਫੋਨ ਨੰਬਰ 917837596119
647-760-2769

## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **‘PR’** ਲਈ ਮੱਦਦ ਕੀਤੀ ਜਾਵੇਗੀ। Location ‘Winnipeg, MB’ ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**




## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2” ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com










## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਟੀ20 ਵਿਸ਼ਵ ਕੱਪ ਦੇ ਸੈਮੀਫਾਈਨਲ ਵਿਚ ਇੰਗਲੈਂਡ ਨੇ ਭਾਰਤ ਨੂੰ ਹਰਾਇਆ

ਨਵੀਂ ਦਿੱਲੀ, 10 ਨਵੰਬਰ (ਪੋਸਟ ਬਿਊਰੋ): ਭਾਰਤ ਅਤੇ ਇੰਗਲੈਂਡ ਵਿਚਾਲੇ ਟੀ-20 ਵਿਸ਼ਵ ਕੱਪ 2022 ਦਾ ਦੂਜਾ ਸੈਮੀਫਾਈਨਲ ਮੈਚ ਐਡੀਲੇਡ ਵਿਚ ਖੇਡਿਆ ਗਿਆ। ਮੈਚ 'ਚ ਇੰਗਲੈਂਡ ਨੇ ਭਾਰਤ ਨੂੰ 10 ਵਿਕਟਾਂ ਨਾਲ ਹਰਾ ਦਿੱਤਾ ਹੈ। ਇੰਗਲੈਂਡ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਭਾਰਤ ਨੇ ਨਿਰਧਾਰਤ 20 ਓਵਰਾਂ 'ਚ 6 ਵਿਕਟਾਂ ਦੇ ਨੁਕਸਾਨ 'ਤੇ 168 ਦੌੜਾਂ ਬਣਾਈਆਂ। ਇਸ ਤਰ੍ਹਾਂ ਭਾਰਤ ਨੇ ਇੰਗਲੈਂਡ ਨੂੰ ਜਿੱਤ ਲਈ 169 ਦੌੜਾਂ ਦਾ ਟੀਚਾ ਦਿੱਤਾ। ਟੀਚੇ ਦਾ ਪਿੱਛਾ ਕਰਦੇ ਹੋਏ ਇੰਗਲੈਂਡ ਨੇ ਬਿਨਾ ਕੋਈ ਵਿਕਟ ਗੁਆਏ 16 ਓਵਰਾਂ 'ਚ 170 ਦੌੜਾਂ ਬਣਾਈਆਂ ਤੇ 10 ਵਿਕਟਾਂ ਨਾਲ ਮੈਚ ਜਿੱਤ ਲਿਆ। ਇੰਗਲੈਂਡ ਵਲੋਂ ਜੋਸ ਬਟਲਰ ਨੇ 80 ਦੌੜਾਂ ਤੇ ਐਲੇਕਸ ਹੇਲਸ ਵਲੋਂ 86 ਦੌੜਾਂ ਦੀ ਬਦੌਲਤ ਭਾਰਤ ਨੂੰ ਹਰਾਉਣ 'ਚ ਅਹਿਮ ਭੂਮਿਕਾ ਨਿਭਾਈ। ਇਸ ਤਰ੍ਹਾਂ ਇੰਗਲੈਂਡ ਹੁਣ ਟੀ20 ਵਿਸ਼ਵ ਕੱਪ ਦੇ ਫਾਈਨਲ 'ਚ ਪੁੱਜ ਗਿਆ ਹੈ ਤੇ ਭਾਰਤ ਦਾ ਇਸ ਵਿਸ਼ਵ ਕੱਪ 'ਚ ਸਫਰ ਖਤਮ ਹੋ ਗਿਆ ਹੈ।

ਭਾਰਤ ਨੂੰ ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਹਾਰ ਦਾ ਸਾਹਮਣਾ ਕਰਨਾ ਪਿਆ। ਇੰਗਲੈਂਡ ਨੇ ਵੀਰਵਾਰ ਨੂੰ ਸੈਮੀਫਾਈਨਲ 'ਚ ਭਾਰਤ ਨੂੰ 10 ਵਿਕਟਾਂ ਨਾਲ ਹਰਾ ਦਿੱਤਾ। ਰੋਹਿਤ ਸ਼ਰਮਾ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਵਧੀਆ ਸਕੋਰ ਬਣਾਇਆ। ਵਿਰਾਟ ਕੋਹਲੀ ਅਤੇ ਹਾਰਦਿਕ ਪੰਡਯਾ ਨੇ ਅਰਧ ਸੈਂਕੜੇ ਖੇਡੇ। ਪਰ ਇਸ ਤੋਂ ਬਾਅਦ ਇੰਝ ਲੱਗਾ ਜਿਵੇਂ ਮੈਦਾਨ 'ਤੇ ਤੂਫਾਨ ਆ ਗਿਆ ਹੋਵੇ। ਇੰਗਲਿਸ਼ ਸਲਾਮੀ ਬੱਲੇਬਾਜ਼ ਜੋਸ ਬਟਲਰ ਅਤੇ ਐਲੇਕਸ ਹੇਲਸ ਦੀ ਹਮਲਾਵਰ ਬੱਲੇਬਾਜ਼ੀ ਦੇ ਸਾਹਮਣੇ ਭਾਰਤੀ ਤੇਜ਼ ਗੇਂਦਬਾਜ਼ ਇਸ ਤਰ੍ਹਾਂ ਖਿੰਡਰ ਗਏ, ਜਿਵੇਂ ਹਵਾ ਮਹਿਲ ਹੋਵੇ। ਹੁਣ ਵਿਸ਼ਵ ਕੱਪ ਦਾ ਫਾਈਨਲ ਐਤਵਾਰ ਨੂੰ ਹੋਵੇ-ਗਾ, ਜਿਸ 'ਚ ਇੰਗਲੈਂਡ ਦਾ ਸਾਹਮਣਾ ਪਾਕਿਸਤਾਨ ਨਾਲ ਹੋਵੇਗਾ।




ਇੰਗਲੈਂਡ ਦੇ ਕਪਤਾਨ ਜੋਸ ਬਟਲਰ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਇੰਗਲਿਸ਼ ਗੇਂਦਬਾਜ਼ਾਂ ਨੇ ਆਪਣੇ ਕਪਤਾਨ ਦੇ ਫੈਸਲੇ ਨੂੰ ਸਹੀ ਸਾਬਤ ਕਰਦੇ ਹੋਏ ਸ਼ੁਰੂ ਤੋਂ ਹੀ ਭਾਰਤੀ ਬੱਲੇਬਾਜ਼ਾਂ 'ਤੇ ਦਬਾਅ ਬਣਾਇਆ। ਸ਼ੁਰੂਆਤ 'ਚ ਭਾਰਤੀ ਬੱਲੇਬਾਜ਼ਾਂ ਨੇ ਕਿੰਨੀ ਹੌਲੀ ਬੱਲੇਬਾਜ਼ੀ ਕੀਤੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਟੀਮ ਦੇ ਸਕੋਰ ਨੂੰ 100 ਤੱਕ ਪਹੁੰਚਣ 'ਚ 15 ਓਵਰ ਲੱਗੇ। ਭਾਰਤ ਨੇ ਆਖਰੀ 5 ਓਵਰਾਂ ਵਿੱਚ 68 ਦੌੜਾਂ ਬਣਾਈਆਂ। ਇਸ ਤਰ੍ਹਾਂ ਭਾਰਤ ਦੇ 168/6 ਦੇ ਜਵਾਬ ਵਿੱਚ ਇੰਗਲੈਂਡ ਨੂੰ 169 ਦੌੜਾਂ ਦੀ ਚੁਣੌਤੀ ਮਿਲੀ।

ਭਾਰਤੀ ਓਪਨਰ ਬੱਲੇਬਾਜ਼ ਕੇਐੱਲ ਰਾਹੁਲ 5 ਦੌੜਾਂ ਬਣਾ ਕੇ ਆਊਟ ਹੋ ਗਏ। ਕਪਤਾਨ ਰੋਹਿਤ ਨੇ 28 ਗੇਂਦਾਂ 'ਤੇ 27 ਦੌੜਾਂ ਦੀ ਸੁਸਤ ਪਾਰੀ ਖੇਡੀ। ਸੂਰਿਆਕੁਮਾਰ ਦਾ ਜਾਦੂ ਸੈਮੀਫਾਈਨਲ 'ਚ ਵੀ ਨਹੀਂ ਚੱਲ ਸਕਿਆ। ਉਹ 10 ਗੇਂਦਾਂ ਵਿੱਚ 14 ਦੌੜਾਂ ਬਣਾ ਕੇ ਆਊਟ ਹੋ ਗਏ।

ਭਾਰਤ ਨੇ 12ਵੇਂ ਓਵਰ 'ਚ 75 ਦੌੜਾਂ 'ਤੇ ਤੀਜਾ ਵਿਕਟ ਗੁਆ ਦਿੱਤਾ। ਇਸ ਤੋਂ ਬਾਅਦ ਵਿਰਾਟ ਕੋਹਲੀ ਅਤੇ ਹਾਰਦਿਕ ਪੰਡਯਾ ਨੇ 61 ਦੌੜਾਂ ਦੀ ਸਾਂਝੇਦਾਰੀ ਕਰਕੇ ਟੀਮ ਨੂੰ ਸੰਭਾਲਿਆ। ਵਿਰਾਟ 40 ਗੇਂਦਾਂ 'ਤੇ 50 ਦੌੜਾਂ ਬਣਾ ਕੇ ਆਊਟ ਹੋ ਗਏ। ਪੰਡਯਾ ਨੇ 33 ਗੇਂਦਾਂ 'ਤੇ 63 ਦੌੜਾਂ ਬਣਾਈਆਂ ਅਤੇ ਪਾਰੀ ਦੀ ਆਖਰੀ ਗੇਂਦ 'ਤੇ ਆਊਟ ਹੋ ਗਏ। ਰਿਸ਼ਭ ਪੰਤ 4 ਗੇਂਦਾਂ 'ਚ 6 ਦੌੜਾਂ ਹੀ ਬਣਾ ਸਕੇ।




ਕ੍ਰਿਸ ਜਾਰਡਨ ਨੇ ਭਾਰਤੀ ਟੀਮ ਦੀ ਹਾਲਤ ਖਰਾਬ ਕਰਨ 'ਚ ਅਹਿਮ ਭੂਮਿਕਾ ਨਿਭਾਈ। ਉਸ ਨੇ 4 ਓਵਰਾਂ 'ਚ 43 ਦੌੜਾਂ ਦੇ ਕੇ 3 ਵਿਕਟਾਂ ਲਈਆਂ। ਉਸ ਨੇ ਰੋਹਿਤ ਸ਼ਰਮਾ, ਵਿਰਾਟ ਕੋਹਲੀ ਅਤੇ ਹਾਰਦਿਕ ਪੰਡਯਾ ਦੀਆਂ ਵਿਕਟਾਂ ਲਈਆਂ। ਕ੍ਰਿਸ ਵੋਕਸ ਅਤੇ ਆਦਿਲ ਰਾਸ਼ਿਦ ਨੂੰ ਵੀ ਇਕ-ਇਕ ਵਿਕਟ ਮਿਲੀ।


169 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਇੰਗਲੈਂਡ ਨੇ ਸ਼ਾਨਦਾਰ ਸ਼ੁਰੂਆਤ ਕੀਤੀ। ਕੈਪਟਨ ਅਤੇ ਓਪਨਰ ਬੱਲੇਬਾਜ਼ ਜੋਸ ਬਟਲਰ ਅਤੇ ਐਲੇਕਸ ਹੇਲਸ ਨੇ ਪਾਵਰਪਲੇ 'ਚ ਬਿਨਾਂ ਕੋਈ ਵਿਕਟ ਗੁਆਏ 63 ਦੌੜਾਂ ਬਣਾਈਆਂ, ਪਰ ਇਹ ਟ੍ਰੇਲਰ ਸੀ। ਇੰਗਲਿਸ਼ ਓਪਨਰ ਜੋੜੀ ਨੇ ਭਾਰਤੀ ਗੇਂਦਬਾਜ਼ਾਂ ਨੂੰ ਇਸ ਤਰ੍ਹਾਂ ਕੁੱਟਿਆ ਕਿ ਉਹ ਸ਼ਾਇਦ ਹੀ ਭੁੱਲ ਸਕਣ।

ਜੋਸ ਬਟਲਰ ਅਤੇ ਐਲੇਕਸ ਹੇਲਸ ਨੇ ਇੰਗਲੈਂਡ ਨੂੰ 10 ਵਿਕਟਾਂ ਨਾਲ ਜਿੱਤ ਦਿਵਾਉਣ ਵਿੱਚ ਮਦਦ ਕੀਤੀ। ਇੰਗਲੈਂਡ ਨੇ ਇਹ ਮੈਚ 16 ਓਵਰਾਂ ਵਿੱਚ ਜਿੱਤ ਲਿਆ। ਐਲੇਕਸ ਹੇਲਸ ਨੇ 47 ਗੇਂਦਾਂ 'ਤੇ 86 ਦੌੜਾਂ ਬਣਾਈਆਂ ਅਤੇ ਬਟਲਰ 49 ਗੇਂਦਾਂ 'ਤੇ 80 ਦੌੜਾਂ ਬਣਾ ਕੇ ਨਾਬਾਦ ਰਹੇ। ਕੋਈ ਵੀ ਭਾਰਤੀ ਗੇਂਦਬਾਜ਼ ਵਿਕਟ ਨਹੀਂ ਲੈ ਸਕਿਆ।

## ਟੀ-20 ਕ੍ਰਿਕਟ 'ਚ 4 ਹਜ਼ਾਰ ਦੌੜਾਂ ਪੂਰੀਆ ਕਰਨ ਵਾਲੇ ਵਾਲੇ ਕੋਹਲੀ ਪਹਿਲੇ ਬੱਲੇਬਾਜ਼ ਬਣੇ

ਐਡੀਲੇਡ : ਭਾਰਤ ਦੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ ਵੀਰਵਾਰ ਨੂੰ ਇੱਥੇ ਇੰਗਲੈਂਡ ਖ਼ਿਲਾਫ਼ ਟੀ-20 ਵਿਸ਼ਵ ਕੱਪ ਸੈਮੀਫਾਈਨਲ ਦੌਰਾਨ ਟੀ-20 ਅੰਤਰਰਾਸ਼ਟਰੀ ਕ੍ਰਿਕਟ ਵਿੱਚ 4,000 ਦੌੜਾਂ ਪੂਰੀਆਂ ਕਰਨ ਵਾਲੇ ਦੁਨੀਆ ਦੇ ਪਹਿਲੇ ਬੱਲੇਬਾਜ਼ ਬਣ ਗਏ ਹਨ। ਇਸ ਮੈਚ ਤੋਂ ਪਹਿਲਾਂ ਕੋਹਲੀ ਨੂੰ 4,000 ਦੌੜਾਂ ਦੇ ਅੰਕੜੇ ਨੂੰ ਛੂਹਣ ਲਈ 42 ਦੌੜਾਂ ਦੀ ਲੋੜ ਸੀ। ਉਨ੍ਹਾਂ ਨੇ ਸੈਮੀਫਾਈਨਲ ਵਿੱਚ 40 ਗੇਂਦਾਂ ਵਿੱਚ 4 ਚੌਕਿਆਂ ਅਤੇ 1 ਛੱਕੇ ਦੀ ਮਦਦ ਨਾਲ 50 ਦੌੜਾਂ ਬਣਾਈਆਂ।

ਕੋਹਲੀ ਨੇ ਭਾਰਤੀ ਪਾਰੀ ਦੇ 15ਵੇਂ ਓਵਰ ਵਿੱਚ ਆਫ ਸਪਿਨਰ ਲਿਆਮ ਲਿਵਿੰਗਸਟੋਨ ਦੀ ਗੇਂਦ ਉੱਤੇ ਚੌਕੇ ਨਾਲ ਟੀ-20 ਅੰਤਰਰਾਸ਼ਟਰੀ ਕ੍ਰਿਕਟ ਵਿੱਚ 4,000 ਦੌੜਾਂ ਦਾ ਅੰਕੜਾ ਪਾਰ ਕੀਤਾ। ਕੋਹਲੀ ਦੇ ਨਾਮ ਹੁਣ ਟੀ-20 ਅੰਤਰਰਾਸ਼ਟਰੀ ਕ੍ਰਿਕਟ ਵਿੱਚ 115 ਮੈਚਾਂ ਵਿੱਚ 52.73 ਦੀ ਔਸਤ ਨਾਲ 4008 ਦੌੜਾਂ ਦਰਜ ਹਨ, ਜਿਸ ਵਿੱਚ ਇੱਕ ਸੈਂਕੜਾ ਅਤੇ 37 ਅਰਧ ਸੈਂਕੜੇ ਸ਼ਾਮਲ ਹਨ। ਸਭ ਤੋਂ ਵੱਧ ਦੌੜਾਂ ਬਣਾਉਣ ਵਾਲਿਆਂ ਦੀ ਸੂਚੀ ਵਿਚ ਭਾਰਤੀ ਕਪਤਾਨ ਰੋਹਿਤ ਸ਼ਰਮਾ ਦੂਜੇ ਨੰਬਰ 'ਤੇ ਹਨ, ਜਿਨ੍ਹਾਂ ਨੇ 148 ਮੈਚਾਂ ਵਿਚ 31.32 ਦੀ ਔਸਤ ਨਾਲ 3853 ਦੌੜਾਂ ਬਣਾਈਆਂ ਹਨ। ਉਨ੍ਹਾਂ ਦੇ ਨਾਂ 4 ਸੈਂਕੜੇ ਅਤੇ 29 ਅਰਧ ਸੈਂਕੜੇ ਹਨ।






ਇੰਗਲੈਂਡ ਤੋਂ ਸ਼ਰਮਨਾਕ ਹਾਰ ਮਗਰੋਂ ਡਗਆਊਟ ਵਿਚ ਰੋਂਦੇ ਦਿਸੇ ਰੋਹਿਤ ਸ਼ਰਮਾ! ਟੀ-20 ਵਿਸ਼ਵ ਕੱਪ ਦੇ ਸੈਮੀਫਾਈਨਲ ਵਿਚ ਇੰਗਲੈਂਡ ਤੋਂ ਹਾਰਨ ਤੋਂ ਬਾਅਦ ਭਾਰਤੀ ਕਪਤਾਨ ਰੋਹਿਤ ਸ਼ਰਮਾ ਡਗਆਊਟ ਵਿਚ ਰੋਂਦੇ ਹੋਏ ਨਜ਼ਰ ਆਏ। ਇਸ ਸ਼ਰਮਨਾਕ ਹਾਰ ਤੋਂ ਬਾਅਦ ਕਪਤਾਨ ਦੀਆਂ ਅੱਖਾਂ ਨਮ ਸਨ।

## ਭਾਰਤ ਹਾਰ ਦਾ ਹੱਕਦਾਰ ਸੀ : ਸ਼ੋਏਬ ਅਖਤਰ

ਕਰਾਚੀ: ਪਾਕਿਸਤਾਨ ਦੇ ਸਾਬਕਾ ਤੇਜ਼ ਗੇਂਦਬਾਜ਼ ਸ਼ੋਏਬ ਅਖਤਰ ਨੇ ਐਡੀਲੇਡ ਓਵਲ 'ਚ ਟੀ-20 ਵਿਸ਼ਵ ਕੱਪ ਦੇ ਦੂਜੇ ਸੈਮੀਫਾਈਨਲ 'ਚ ਇੰਗਲੈਂਡ ਹੱਥੋਂ ਮਿਲੀ 10 ਵਿਕਟਾਂ ਦੀ ਹਾਰ ਦੇ ਬਾਅਦ ਟੀਮ ਇੰਡੀਆ 'ਤੇ ਸ਼ਬਦੀ ਹਮਲੇ ਕੀਤੇ। ਆਪਣੇ ਸੁਪਰ 12 ਗਰੁੱਪ 'ਚ ਅੰਕ ਸੂਚੀ 'ਚ ਚੋਟੀ 'ਤੇ ਰਹਿਣ ਦੇ ਬਾਅਦ ਭਾਰਤ ਸੈਮੀਫਾਈਨਲ 'ਚ ਅਸਫਲ ਰਿਹਾ। ਟੀਮ ਇੰਡੀਆ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 168 ਦੌੜਾਂ ਬਣਾਈਆਂ ਪਰ ਐਲੇਕਸ ਹੇਲਸ ਅਤੇ ਜੋਸ ਬਟਲਰ ਨੇ ਟੀਮ ਨੂੰ 10 ਵਿਕਟਾਂ ਨਾਲ ਜਿੱਤ ਦਿਵਾਈ। ਅਖਤਰ ਨੇ ਬਿਆਨ ਦਿੰਦੇ ਹੋਏ ਕਿਹਾ ਕਿ ਭਾਰਤ ਹਾਰ ਦਾ ਹੱਕਦਾਰ ਸੀ।



## ਭਾਰਤੀ ਕ੍ਰਿਕਟ ਟੀਮ ਦੇ ਆਲਰਾਊਂਡਰ ਰਵਿੰਦਰ ਜਡੇਜਾ ਦੀ ਪਤਨੀ ਲੜੇਗੀ ਵਿਧਾਨ ਸਭਾ ਚੋਣ, ਭਾਜਪਾ ਨੇ ਦਿੱਤੀ ਟਿਕਟ

ਨਵੀਂ ਦਿੱਲੀ : ਭਾਜਪਾ ਨੇ ਵੀਰਵਾਰ ਨੂੰ 182 ਮੈਂਬਰੀ ਗੁਜਰਾਤ ਵਿਧਾਨ ਸਭਾ ਚੋਣਾਂ ਲਈ 160 ਉਮੀਦਵਾਰਾਂ ਦੀ ਪਹਿਲੀ ਸੂਚੀ ਦਾ ਐਲਾਨ ਕਰ ਦਿੱਤਾ ਹੈ। ਭਾਰਤੀ ਸਟਾਰ ਆਲਰਾਊਂਡਰ ਰਵਿੰਦਰ ਜਡੇਜਾ ਦੀ ਪਤਨੀ ਰਿਵਾਬਾ ਨੂੰ ਵੀ ਟਿਕਟ ਦਿੱਤੀ ਗਈ ਹੈ। ਉਹ ਭਾਜਪਾ ਦੀ ਟਿਕਟ 'ਤੇ ਜਾਮਨਗਰ (ਉੱਤਰੀ) ਤੋਂ ਚੋਣ ਲੜੇਗੀ। ਖਾਸ ਗੱਲ ਇਹ ਹੈ ਕਿ ਭਾਜਪਾ ਨੇ ਮੌਜੂਦਾ ਵਿਧਾਇਕ ਦੀ ਟਿਕਟ ਕੱਟ ਕੇ ਇਸ ਸੀਟ 'ਤੇ ਰਿਵਾਬਾ 'ਤੇ ਭਰੋਸਾ ਜਤਾਇਆ ਹੈ।

ਇਸ ਸੀਟ ਤੋਂ ਮੌਜੂਦਾ ਵਿਧਾਇਕ ਭਾਜਪਾ ਦੇ ਧਰਮਿੰਦਰ ਸਿੰਘ ਜਡੇਜਾ ਹਨ, ਜਿਨ੍ਹਾਂ ਨੇ 2017 ਦੀਆਂ ਚੋਣਾਂ ਵਿੱਚ ਕਾਂਗਰਸ ਉਮੀਦਵਾਰ ਨੂੰ 40 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ। ਇਸ ਵਾਰ ਭਾਜਪਾ ਨੇ ਧਰਮਿੰਦਰ ਸਿੰਘ ਦੀ ਥਾਂ ਰਿਵਾਬਾ 'ਤੇ ਭਰੋਸਾ ਜਤਾਇਆ ਹੈ। ਗੁਜਰਾਤ ਦੇ ਮੌਜੂਦਾ ਮੁੱਖ ਮੰਤਰੀ ਭੂਪੇਂਦਰ ਪਟੇਲ ਨੂੰ ਘਾਟਲੋਡੀਆ ਸੀਟ ਤੋਂ ਟਿਕਟ ਮਿਲੀ ਹੈ। ਰਾਜ ਦੇ ਗ੍ਰਹਿ ਮੰਤਰੀ ਹਰਸ਼ ਸੰਘਵੀ ਮਜੂਰਾ ਹਲਕੇ ਤੋਂ ਚੋਣ ਲੜਨਗੇ। ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਪਾਟੀਦਾਰ ਨੇਤਾ ਹਾਰਦਿਕ ਪਟੇਲ ਵੀਰਮਗਾਮ ਹਲਕੇ ਤੋਂ ਚੋਣ ਲੜਨਗੇ। ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ ਅਤੇ ਸੀਨੀਅਰ ਨੇਤਾ ਭੂਪੇਂਦਰ ਸਿੰਘ ਚੁਡਾਸਮਾ ਨੇ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਹੈ।



ਦੱਸ ਦਈਏ ਕਿ 89 ਸੀਟਾਂ ਲਈ 1 ਦਸੰਬਰ ਅਤੇ 93 ਸੀਟਾਂ ਲਈ 5 ਦਸੰਬਰ ਨੂੰ ਦੋ ਪੜਾਵਾਂ ਵਿੱਚ ਵੋਟਾਂ ਪੈਣਗੀਆਂ। ਪਹਿਲੇ ਪੜਾਅ ਲਈ ਨਾਮਜ਼ਦਗੀਆਂ ਦੀ ਆਖਰੀ ਤਾਰੀਖ਼ 14 ਨਵੰਬਰ, ਜਦਕਿ ਦੂਜੇ ਪੜਾਅ ਲਈ 17 ਨਵੰਬਰ ਹੈ। 8 ਦਸੰਬਰ ਨੂੰ ਗਿਣਤੀ ਹੋਵੇਗੀ।

## ਪਹਿਲਾ ਕਬੱਡੀ ਕੱਪ ਅਤੇ ਐਥਲੈਟਿਕਸ ਮੁਕਾਬਲੇ 20 ਨਵੰਬਰ ਨੂੰ, ਪੋਸਟਰ ਰਿਲੀਜ਼




ਚੰਡੀਗੜ੍ਹ, 9 ਨਵੰਬਰ (ਪੋਸਟ ਬਿਊਰੋ): ਫੈਡਰੇਸ਼ਨ ਆਫ ਸੋਸ਼ਲ ਵੈਲਫੇਅਰ ਐਸੋਸੀਏਸ਼ਨ (38 ਵੈਸਟ), 39 ਅਤੇ 40, ਚੰਡੀਗੜ੍ਹ ਵਲੋਂ ਸਮਾਜ ਸੇਵੀ ਦਲਵਿੰਦਰ ਸਿੰਘ ਸੈਣੀ ਅਤੇ ਐਡਵੋਕੇਟ ਅਮਰਦੀਪ ਸਿੰਘ ਦੀ ਅਗਵਾਈ ਵਿੱਚ ਅਤੇ ਵਾਰਡ ਕੌਂਸਲਰ ਮੈਡਮ ਗੁਰਬਖ਼ਸ਼ ਰਾਵਤ ਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਪਹਿਲਾ ਕਬੱਡੀ ਕੱਪ ਅਤੇ ਐਥਲੈਟਿਕਸ ਮੁਕਾਬਲੇ 20 ਨਵੰਬਰ, 2022 ਨੂੰ ਰਾਮਲੀਲਾ ਗਰਾਉਂਡ, ਸੈਕਟਰ 40-ਏ, ਚੰਡੀਗੜ੍ਹ ਵਿਖੇ ਕਰਵਾਏ ਜਾ ਰਹੇ ਹਨ। ਇਸ ਦੌਰਾਨ ਐਸਐਸਪੀ ਚੰਡੀਗੜ੍ਹ ਕੁਲਦੀਪ ਸਿੰਘ ਚਾਹਲ ਨੇ ਖੇਡਾਂ ਦਾ ਪੋਸਟਰ ਰਲੀਜ਼ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਦਲਵਿੰਦਰ ਸਿੰਘ ਸੈਣੀ ਅਤੇ ਐਡਵੋਕੇਟ ਅਮਰਦੀਪ ਸਿੰਘ ਨੇ ਦੱਸਿਆ ਕਿ 20 ਨਵੰਬਰ ਨੂੰ ਇਹਨਾਂ ਖੇਡਾਂ ਦਾ ਉਦਘਾਟਨ ਇਲਾਕਾ ਕੌਂਸਲਰ ਮੈਡਮ ਗੁਰਬਖ਼ਸ਼ ਰਾਵਤ ਕਰਨਗੇ ਜਦਕਿ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਸ. ਕੁਲਦੀਪ ਸਿੰਘ ਚਾਹਲ, ਐਸਐਸਪੀ, ਚੰਡੀਗੜ੍ਹ ਕਰਨਗੇ।

ਉਹਨਾਂ ਅੱਗੇ ਦੱਸਿਆ ਕਿ ਖੇਡਾਂ ਦੀ ਸ਼ੁਰੂਆਤ 20.11.2022 ਨੂੰ ਸਵੇਰੇ 9.00 ਵਜੇ ਐਥਲੈਟਿਕਸ ਇਵੈਂਟ ਨਾਲ ਹੋਵੇਗੀ, ਜਿਸ ਤਹਿਤ ਦੌੜ (ਲੜਕੇ) 400 ਮੀਟਰ, ਦੌੜ (ਲੜਕੇ) 200 ਮੀਟਰ, ਗੋਲਾ ਸੁੱਟਣਾ, 60 ਸਾਲ ਤੋਂ ਉੱਪਰ ਬਜ਼ੁਰਗਾਂ ਦੀ ਦੌੜ ਤੋਂ ਇਲਾਵਾ ਕਬੱਡੀ 65 ਕਿਲੋ ਸਰਕਲ (ਲੜਕੇ) ਅਤੇ ਕਬੱਡੀ ਆਲ ਓਪਨ ਕਲੱਬ (ਲੜਕੇ) ਕਰਵਾਏ ਜਾ ਰਹੇ ਹਨ। ਉਹਨਾਂ ਦੱਸਿਆ ਕਿ ਉਪਰੋਕਤ ਖੇਡਾਂ ਦੇ ਜੇਤੂਆਂ ਨੂੰ ਦਿਲ ਖਿੱਚਵੇਂ ਇਨਾਮ ਤਕਸੀਮ ਕੀਤੇ ਜਾਣਗੇ ਜਿਨ੍ਹਾਂ ਵਿੱਚ ਕਬੱਡੀ ਆਲ ਓਪਨ ਕਲੱਬ (ਲੜਕੇ) ਦੀ ਜੇਤੂ ਪਹਿਲੀਆਂ ਤਿੰਨ ਟੀਮਾਂ ਨੂੰ ਪਹਿਲਾ ਇਨਾਮ 61000 ਰੁ:, ਦੂਜਾ ਇਨਾਮ 41000 ਰੁ: ਅਤੇ ਤੀਜਾ ਇਨਾਮ 10000 ਰੁ: ਜਦਕਿ ਕਬੱਡੀ 65 ਕਿਲੋ ਸਰਕਲ (ਲੜਕੇ) ਦੀ ਜੇਤੂਆਂ ਨੂੰ ਪਹਿਲਾ ਇਨਾਮ 21000 ਰੁ:, ਦੂਜਾ ਇਨਾਮ 11000 ਰੁ: ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਬੈਸਟ ਰੇਡਰ 5100 ਰੁ: ਨਾਲ ਟ੍ਰਾਫੀ ਅਤੇ ਬੈਸਟ ਜਾਫੀ 5100 ਰੁ: ਨਾਲ ਟ੍ਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ।

ਉਹਨਾਂ ਦੱਸਿਆ ਕਿ ਉਪਰੋਕਤ ਸਮੂਹ ਖੇਡਾਂ ਲਈ ਐਂਟਰੀ ਫੀਸ ਜਮ੍ਹਾਂ ਸਵੇਰੇ 10.30 ਵਜੇ ਕਰਵਾਈ ਜਾਵੇਗੀ ਅਤੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਜਾਵੇਗਾ। ਹੋਰ ਵਧੇਰੇ ਜਾਣਕਾਰੀ ਲਈ ਮੋਬਾਇਲ ਨੰ: 94178-69459, 85688-00001 ਅਤੇ 98158-87104 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਸਰਕਾਰ ਵੱਲੋਂ 'ਉਡਾਰੀਆਂ' -ਬਾਲ ਵਿਕਾਸ ਮੇਲਾ 14 ਨਵੰਬਰ ਤੋਂ : ਡਾ. ਬਲਜੀਤ ਕੌਰ

### ਸਮਾਜਿਕ ਸੁਰੱਖਿਆ ਵਿਭਾਗ ਵੱਲੋਂ "ਉਡਾਰੀਆਂ"-ਬਾਲ ਵਿਕਾਸ ਮੇਲੇ ਦੀ ਤਿਆਰੀ ਸਬੰਧੀ ਆਨਲਾਈਨ ਵੈਬੀਨਾਰ ਆਯੋਜਿਤ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ "ਉਡਾਰੀਆਂ"-ਬਾਲ ਵਿਕਾਸ ਮੇਲਾ ਹਫਤਾ ਸੂਬੇ ਭਰ ਦੇ ਪਿੰਡਾਂ ਦੇ ਆਂਗਣਵਾੜੀ ਸੈਂਟਰਾਂ ਵਿੱਚ 14 ਤੋਂ 20 ਨਵੰਬਰ 2022 ਤੱਕ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਆਂਗਣਵਾੜੀ ਸੈਂਟਰਾਂ 'ਚ ਹਫਤੇ ਦੇ ਹਰ ਦਿਨ ਵੱਖ-ਵੱਖ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਉਡਾਰੀਆਂ-ਬਾਲ ਵਿਕਾਸ ਮੇਲੇ ਲਈ "ਹਰ ਮਾਪੇ, ਹਰ ਗਲੀ, ਹਰ ਪਿੰਡ ਦੀ ਇੱਕੋ ਆਵਾਜ਼ ਹਰ ਬੱਚੇ ਦਾ ਹੋਵੇ ਸੰਪੂਰਨ ਵਿਕਾਸ" ਸਲੋਗਨ ਜ਼ਾਰੀ ਕੀਤਾ ਗਿਆ ਹੈ।



ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਡਾਰੀਆਂ ਬਾਲ ਵਿਕਾਸ ਮੇਲੇ ਲਈ ਵਿਭਾਗ ਵੱਲੋਂ ਇਸ ਹਫ਼ਤੇ ਦੇ ਸਾਰੇ ਦਿਨ ਵਿਸ਼ੇਸ਼ ਤੌਰ ਤੇ ਮਨਾਏ ਜਾਣਗੇ। 14 ਤੇ 15 ਨਵੰਬਰ ਨੂੰ ਸਥਾਨਕ ਐਨ.ਜੀ.ਓ'ਜ਼ ਵੱਲੋਂ ਬੱਚਿਆਂ ਦੇ ਪੋਸ਼ਣ ਸਬੰਧੀ ਜਾਗਰੂਕਤਾ ਅਤੇ ਫੰਡ ਇਕੱਠੇ ਕਰਨਾ, 16 ਨਵੰਬਰ ਨੂੰ ਪੰਜਾਬ ਸਰਕਾਰ ਦੇ ਵਿਸ਼ੇਸ ਸੰਦੇਸ਼ ਨਾਲ ਸਾਰੀਆਂ ਆਂਗਣਵਾੜੀਆਂ ਵਿੱਚ ਬਾਲ ਵਿਕਾਸ ਮੇਲੇ ਦੀਆਂ ਗਤੀਵਿਧੀਆਂ ਦੀ ਸ਼ੁਰੂਆਤ ਹੋਵੇਗੀ, 17 ਨਵੰਬਰ ਨੂੰ ਪੋਸ਼ਣ ਦਿਨ, 18 ਨਵੰਬਰ ਨੂੰ ਦਾਦਾ-ਦਾਦੀ, ਨਾਨਾ-ਨਾਨੀ ਦਿਨ ਵਜੋ ਮਨਾਇਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ 19 ਨਵੰਬਰ ਨੂੰ ਬਾਲ ਸਰਪੰਚ ਦਿਨ ਅਤੇ 20 ਨਵੰਬਰ ਨੂੰ ਸਕਾਰਾਤਮਕ ਪਾਲਣ-ਪੋਸ਼ਣ ਦਿਨ ਮਨਾਇਆ ਜਾਵੇਗਾ।

ਡਾ.ਬਲਜੀਤ ਕੌਰ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਡਾਰੀਆਂ ਬਾਲ ਵਿਕਾਸ ਮੇਲੇ ਲਈ ਵਿਭਾਗ ਵੱਲੋਂ ਇਸ ਹਫ਼ਤੇ ਦੇ ਸਾਰੇ ਦਿਨਾਂ ਲਈ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਣਗੀਆਂ। ਵੈਬੀਨਾਰ ਵਿੱਚ ਡੀ.ਡੀ.ਪੀ.ਓਜ਼ ਤੇ ਸੀ.ਡੀ.ਪੀ.ਓਜ਼, ਸੁਪਰਵਾਇਜ਼ਰ, ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਸਬੰਧੀ ਜਾਣੂ ਕਰਵਾਇਆ ਗਿਆ।

ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਬੱਚਿਆ ਦੇ ਮਾਪੇ, ਦਾਦਾ-ਦਾਦੀ ਅਤੇ ਆਮ ਲੋਕਾਂ ਦੀ ਮਦਦ ਨਾਲ ਬਾਲ ਵਿਕਾਸ ਹਫਤਾ ਬਹੁਤ ਉਤਸ਼ਾਹ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਬੱਚੇ ਦੇ ਪੋਸ਼ਣ, ਖੇਡ ਅਤੇ ਕਹਾਣੀ ਅਧਾਰਤ ਵਿਕਾਸ, ਸੁਰੱਖਿਆ ਅਤੇ ਸਾਧਨ ਅਤੇ ਸਕਾਰ-ਾਤਮਕ ਪਾਲਣ-ਪੋਸ਼ਣ ਲਈ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਪੂਰੇ ਹਫ਼ਤੇ ਦੌਰਾਨ ਬੱਚਿਆਂ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਕੇ, ਬੱਚੇ ਦੇ ਮਾਹੌਲ ਵਿੱਚ ਸੁਧਾਰ ਕਰਕੇ ਹਰ ਬੱਚੇ ਦੇ ਵਿਕਾਸ ਦਾ ਉਪਰਾਲਾ ਕੀਤਾ ਜਾਵੇਗਾ।


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
(2021, 2018, 2015, 2014, 2013, 2012, 2011, 2010)
(2020-2017) (2009-2018) (REMAX International)
(2010)
(2014)
Advertisement GUARANTEED Till SOLD
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
HOUSE FOR LEASE IN CALEDON
KENNEDY/ NEW HOUSE/ DOUGALL AVE.
* 2500-3000 sq feet ਦਾ Detached ਘਰ
* $3,700/month (4 ਬੈੱਡਰੂਮ + 1 ਡੇਨ+ 4 ਵਾਸ਼ਰੂਮ)
* ਮੇਨ ਫਲੋਰ ਤੇ 10 ਫੁੱਟ ਦੀ ਸੀਲੀਂਗ
* 2nd ਫਲੋਰ ਤੇ 9 ਫੁੱਟ ਦੀ ਸੀਲੀਂਗ
* ਪੂਰਾ ਘਰ $4700/month with unfurnished ਬੇਸਮੇਂਟ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
* 1ਸਾਲ ਦੀ Lease, Credit Report, Full Rental App.
* First & Last month + Key Deposit
LISTED IN BRAMPTON
MAYFIELD / MCLAUGHLIN
* Detached ਘਰ ਬਹੁਤ ਹੀ ਸੁੰਦਰ ਏਰੀਏ ਵਿੱਚ
* 3+1 ਬੈੱਡਰੂਮ + 4 ਵਾਸ਼ਰੂਮ
* 1 ਬੈੱਡਰੂਮ Legal Finished Basement with Seperate Entrance
* 9 ਫੁੱਟ ਦੀ ਸੀਲੀਂਗ
* ਸਟੈਂਡਰਡ ਓਕ ਸਟੈਅਰ ਕੇਸ
* ਮੇਨ ਕਮਰੇ ਵਿਚ ਸਟੇਨਡ ਹਾਰਡਵੁੱਡ
* ਗ੍ਰੇਨਾਈਟ ਕਾਊਂਟਰਟੌਪਸ ਨਾਲ ਅਪਗ੍ਰੇਡ ਕੀਤੀ ਕਿਚਨ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
* HWY 410, ਸਕੂਲ, ਬਸ ਸਟੋਪ ਅਤੇ ਪਲਾਜੇ ਦੇ ਨੇੜੇ
LISTED IN BRAMPTON
CASTLEMORE/ HUMBERWEST/AIRPORT
* 1500-2000 sq feet ਦਾ ਘਰ
* 3+1 ਬੈੱਡਰੂਮ + 4 ਵਾਸ਼ਰੂਮ + 2 ਕਿਚਨ with Legal Finished ਬੇਸਮੈਂਟ ਅਪਾਰਟਮੈਂਟ with Seperate Entrance
* ਬੇਸਮੈਂਟ $1300 ਦੇ ਕਰਿਾਏ' ਤੇ ਦਿਤੀ ਹੈ
* Extended ਡਰਾਈਵਵੇਅ
* ਮਾਸਟਰ ਬੈੱਡਰੂਮ ਵਿਚ 4 ਪੀਸੀ ਐਨਸੂਏਟ ਅਤੇ ਵਾਕ ਇਨ ਅਲਮਾਰੀ
FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022


Tri-City Professional Realty Inc., Brokerage.
The Future of Real Estate
www.TriCityPro.com
Number 1. Tri-City agent in Canada on basis of sales volume 2021
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 36 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
NEED MORE LISTINGS
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Tel: 905.793.5777
Avtar Singh Tiwana
Sales Representative
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
SOLD
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866
SOLD
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਾਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ


ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017